ISSN: 2277-9930

75

ਜਨਵਰੀ-ਮਾਰਚ 2023

# ਪ੍ਰਤਿਮਾਨ

ਮੁੱਲ: 50/-



## ਮਹਿਮਾਨ ਕਵਿਤਾ / ਸੁਖਪਾਲ (ਕੈਨੇਡਾ)



ਐ ਮਨ !
ਜਤਨ ਇਹ ਕਰਨਾ -
ਹਰ ਪਲ ਕੋਮਲ ਰਹਿਣਾ ...
ਕੋਮਲ ਹੱਥੀਂ ਛੋਹਣਾ ਸਭ ਕੁਝ
ਸਾਹ ਨੂੰ ਹੌਲੀ ਦੇਣੀ ਕੋਮਲ ਸੱਦਣਾ
ਪੱਬ ਵੀ ਧਰਨੇ ਕੋਮਲ ਕੋਮਲ
ਅੱਖਾਂ ਹੱਥਾਂ ਰਸਨਾ ਸੰਗ ਜੋ ਕਹਿਣਾ
ਕੋਮਲ ਹੀ ਕੁਛ ਕਹਿਣਾ ...
ਜਦ ਜੰਮੇ ਸਾਂ-ਅਸੀਂ ਸਾਂ ਕੋਮਲ
ਸਾਡੀ ਇਕ ਇਕ ਛੁਹ ਸੀ ਕੋਮਲ
ਇਕ ਇਕ ਹਿਲਜੁਲ ਕੋਮਲ
"ਦਾਸ ਕਬੀਰ ਜਤਨ ਸੇ ਓੜ੍ਹੀ
ਜਿਉਂ ਕੀ ਤਿਓਂ ਧਰ ਦੀਨੀ ਚਦਰੀਆ"
ਅਸਾਂ ਵੀ ਸਾਈਂ ਦੇ ਘਰ ਕੋਮਲ ਰਹਿ ਪਰਤਣਾ ...
ਧੌਲ ਧਰਮ ਜੇ ਪੂਤ ਦਇਆ ਤਾਂ
ਕੋਮਲਤਾ ਧੀ ਕਰੁਣਾ ਦੀ
ਕਰੁਣਾ ਧੀ ਧੀਰਜ ਦੀ
ਧੀਰਜ ਰੱਖਣਾ ...
ਕਾਹਲ਼ੀ ਜੱਫੀ ਕੋਮਲਤਾ ਦਾ ਗਲ਼ ਘੁੱਟ ਦੇਂਦੀ
ਕਾਹਲ਼ੀ ਵਿਚ ਨਾ ਜਾਣਾ ਕਿਧਰੇ
ਭੁੱਖੇ ਰਹਿਣਾ ਪਰ ਰੋਟੀ ਛੇਤੀ ਨਾ ਖਾਣੀ
ਕਾਹਲ਼ੀ ਵਿਚ ਉੱਤਰ ਨਾ ਦੇਣਾ ਪਿਆਰੇ ਨੂੰ
ਭੱਜਦੇ ਭੱਜਦੇ ਨਹੀਂ ਸੋਚਣਾ
ਗੱਡੀ ਛੁਟਦੀ ਤਾਂ ਛੁੱਟ ਜਾਵੇ ਮਿਲ ਜਾਵੇ ਤਾਂ -
ਅਗਲੀ ਗੱਡੀ ਫੜਣਾ, ਲੇਕਿਨ ਕੋਮਲ ਰਹਿਣਾ !
ਕਲ੍ਹ ਦੇ ਚੇਤੇ-ਅੱਜ ਨੂੰ ਕੋਮਲ ਰਹਿਣ ਨਾ ਦੇਣਾ
ਭੁੱਲ ਜਾਣਾ-ਕਲ੍ਹ ਕੀ ਹੋਇਆ ਸੀ
ਜੋ ਅਨਿਆਂ ਕਲ੍ਹ ਵਾਪਰਿਆ ਸੀ-ਸ਼ਾਇਦ ਅੱਜ ਨਾ ਆਵੇ
ਜੇ ਅਨਿਆਂ ਅੱਜ ਵੀ ਆਇਆ ਤਾਂ ਸਿੱਝ ਲਵਾਂਗੇ
ਪਰ ਲੜਣੇ ਲਈ ਆਪਣਾ ਆਪਾ ਅੱਜ ਸਖ਼ਤ ਰਖਣਾ
ਫਿਕਰ ਨਾ ਕਰਨਾ
ਕੋਮਲਤਾ-ਕਮਜ਼ੋਰ ਨਹੀਂ ਹੁੰਦੀ
ਚੁੱਪ-ਹਮੇਸ਼ਾ ਡਰ ਨਹੀਂ ਹੁੰਦੀ
ਹੜ੍ਹ ਦੇ ਵਿਚ ਖੜੇ ਰਹਿਣਾ-ਰੁਕਣਾ ਨਹੀਂ ਹੁੰਦਾ
ਅਣਹਿੰਸਾ-ਅਕਰਮ ਨਹੀਂ ਹੁੰਦੀ ...
ਵੈਰੀ ਕੋਲ਼ੋਂ ਬਚਣ ਲਈ ਜੇ ਕੋਮਲਤਾ ਛੱਡ ਦਿੱਤੀ
ਅੰਦਰ ਰੱਕੜ ਉੱਗਣਾ

ਬੰਦ ਪਲਕਾਂ ਅੰਦਰੋਂ ਵੀ ਕੰਡਿਆਂ ਨੇ ਚੁੱਭਣਾ
ਬਚ ਜਾਣਾ ਪਰ ਸੁੱਖ ਦੀ ਨੀਂਦੇ ਸੌਂ ਨਾ ਸਕਣਾ
...
ਜੇ ਦੁੱਖ ਆਖੇ ਤਕੜਾ ਹੋ ਜਾ-ਤਕੜਾ ਹੋਣਾ
ਜੇ ਦੁੱਖ ਆਖੇ ਹਿੰਸਕ ਹੋ
ਜਾ-ਦੁੱਖ ਦਾ ਹੁਕਮ ਨਾ ਮੰਨਣਾ
ਜਿਸ ਪਲ ਮਨ ਵਿਚ ਦੁੱਖ ਉਤਰੇ
ਅਨਿਆਂ ਜਾਂ ਅਪਮਾਨ ਘਟੇ
ਬਦਲਾ ਜਾਗੇ ਹਿੰਸਾ ਉੱਠੇ
ਚੁੱਪ ਹੋ ਜਾਣਾ ...
ਜਦ ਤਕ ਅੰਦਰ ਵਗਦੀ ਨੇਰ੍ਹੀ ਠੱਲ੍ਹ ਨਾ ਜਾਵੇ
ਚੁਪ ਹੀ ਰਹਿਣਾ ...
ਫਿਰ ਜੋ ਕਰਨਾ-ਕੋਮਲ ਹੋ ਕੇ ਕਰਨਾ !
ਲੜਣਾ ਕੇਵਲ ਓਨਾ ਕੁ
ਅਨਿਆਂ ਰੋਕਣ ਲਈ ਲੋੜੀਂਦਾ-ਜਿੰਨਾ ਕੁ
ਭਾਂਜ ਤਾਂ ਦੇਣੀ ਦੁਸ਼ਮਣ ਨੂੰ ਪਿੱਛਾ ਨਾ ਕਰਨਾ
ਉਸ ਨੂੰ ਉਸ ਘਰ ਪਰਤਣ ਦੇਣਾ
ਜਿੱਥੇ ਪੁੱਜ ਉਹ-ਲੜਣਾ ਭੁੱਲ ਸਕੇ
ਉਹ ਵੀ-ਕੋਮਲ ਹੋ ਸਕੇ
ਉਹ ਵੀ ਆਪਣੀ ਚਾਦਰ -
"ਜਿਉਂ ਕੀ ਤਿਉਂ ਦੀ ਧਰ ਸਕੇ"
ਐ ਮਨ -
ਇਹ ਜੋ ਨਵਾਂ ਵਰ੍ਹਾ ਚੜ੍ਹਿਆ ਹੈ
ਤੈਨੂੰ ਪਤਾ ਨਹੀਂ-ਤੇਰੇ ਲਈ ਕਿੰਨਾ ਕੁ ਹੈ ?
ਪਰ ਜਿੰਨਾ ਕੁ ਵੀ ਬਚਿਆ ਹੈ ਵੇਲ਼ਾ ਕੋਲ ਤੇਰੇ
ਉਸ ਵਿਚ ਔਖਾ ਕੰਮ ਇਹ ਕਰਨਾ -
ਪਲ ਪਲ ਕੋਮਲ ਰਹਿਣਾ ... !

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਜਨਵਰੀ-ਮਾਰਚ 2023 ਅੰਕ 75

ISSN: 2277-9930

RNI No. PUNPUN/2006/16230

ਸੰਪਾਦਕ (ਆਨਰੇਰੀ)

ਡਾ. ਅਮਰਜੀਤ ਕੌਂਕੇ

ਪ੍ਰਬੰਧ ਸੰਪਾਦਕ

ਗਗਨਦੀਪ ਸਿੰਘ

ਰਚਨਾਵਾਂ ਭੇਜਣ ਲਈ ਪਤਾ

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in
www.pratimaan.in

ਸਲਾਹਕਾਰ

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ,
ਡਾ. ਸਰਬਜੀਤ ਸਿੰਘ,
ਡਾ. ਰਵੀ ਰਵਿੰਦਰ
ਡਾ. ਆਤਮ ਰੰਧਾਵਾ

TITLE PAINTING BY

GURPREET

ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

ਸਹਿਯੋਗ ਰਾਸ਼ੀ

ਇੱਕ ਅੰਕ: 50/-, ਵੀਹ ਅੰਕ (5 ਸਾਲ): 1000/-
ਜੀਵਨ ਮੈਂਬਰਸ਼ਿਪ: 2500/-, ਵਿਦੇਸ਼: $200

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

Hon. Editor : Dr. Amarjeet Kaunke

## ਤਰਤੀਬ

ਸੰਪਾਦਕੀ / 2

**ਕਹਾਣੀਆਂ**

ਤਿੜਕੇ ਸ਼ੀਸ਼ੇ ਦਾ ਬਦਨ / ਬਲਬੀਰ ਕੌਰ ਰੀਹਲ / 5, ਤਾਰੇ ਤਾਂ... / ਪਰਮਜੀਤ / 10, ਤਿੰਨ ਚਿਹਰੇ / ਮੁਹੰਮਦ ਇਮਤਿਆਜ਼ / 18, ਮਨ ਦਾ ਕੋਨਾ / ਨੀਲਿਮਾ ਸ਼ਰਮਾ / 37

**ਕਵਿਤਾ / ਗ਼ਜ਼ਲ / ਗੀਤ**

ਗੁਰਦਿਆਲ ਰੌਸ਼ਨ/ 3, ਰਵਿੰਦਰ ਰਵੀ, ਸੁਖਿੰਦਰ / 4, ਸੁਖਜਿੰਦਰ / 8, ਸੰਦੀਪ ਚੌਹਾਨ / 9, ਸੰਨੀ ਧਾਲੀਵਾਲ / 14, ਪਵਿੱਤਰ ਧਾਲੀਵਾਲ / 15, ਬਦਰੀ ਨਾਰਾਇਣ / 16, ਅਨੀਤਾ ਰਸ਼ਮੀ, ਵਿਸ਼ਾਖਾ, ਮਾਲਿਨੀ ਗੌਤਮ / 17, ਦੇਵੇਸ਼ ਪਥ ਸਾਰੀਆ / 20, ਬਲਵਿੰਦਰ ਸੰਧੂ, ਚਮਕੌਰ ਸਿੰਘ ਚਹਿਲ / 21, ਸਤਨਾਮ ਕੌਰ ਚੌਹਾਨ, ਨਵਨੀਤ ਕੌਰ / 22, ਮਦਨ ਵੀਰਾ, ਮੇਹਰ ਮਾਣਕ / 23, ਵਿਸ਼ਾਲ, ਸਰਿਤਾ ਤੇਜੀ, ਗੁਰਜੰਟ ਰਾਜਿਆਣਾ / 24, ਪਾਰਮਿਤਾ ਸਾਰੰਗੀ, ਸੰਧਿਆ ਯਾਦਵ, ਯਤੀਸ਼ ਕੁਮਾਰ / 35, ਰਮਿੰਦਰ ਰੰਮੀ, ਜੋਬਨ ਖਹਿਰਾ, ਪਰਮਿੰਦਰ ਸੋਨੀ / 36, ਡਾ. ਪ੍ਰੇਰਣਾ ਉਬਾਲੇ / 42, ਭੁਪਿੰਦਰ ਸਿੰਘ ਗੰਗਾਨਗਰ / 46

**ਸ਼ਬਦ ਚਿੱਤਰ**

ਰੌਸ਼ਨ ਮੁਨਾਰਾ: ਦੇਵਿੰਦਰ ਸਤਿਆਰਥੀ / ਸਾਹਿਰ ਲੁਧਿਆਣਵੀ / ਪੇਸ਼ਕਸ਼ ਪਰਮਜੀਤ ਢੀਂਗਰਾ / 25

**ਆਲੋਚਨਾ ਨਿਬੰਧ / ਰੀਵੀਊ**

ਨਾਵਲ 'ਗੋਰੀ ਹਿਰਨੀ' ਦਾ ਸਭਿਆਚਾਰਕ ਦ੍ਰਿਸ਼ਟੀ ਤੋਂ ਅਧਿਐਨ / ਗੁਰਜੀਤ ਸਿੰਘ / 43, ਪੁਸਤਕ ਰੀਵਿਊ: 'ਟੂਮਾਂ' / ਰਾਜਵੰਤ ਰਾਜ / 47

ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।

* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।

ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਸੰਪਾਦਕੀ

### ਪੰਜਾਬੀ ਭਾਸ਼ਾ ਅਤੇ ਅਨੁਵਾਦ

ਪੰਜਾਬੀ ਸਾਹਿਤ ਵਿਚ ਅਨੁਵਾਦ ਦੀ ਲੰਬੀ ਪਰੰਪਰਾ ਹੈ ਜਿਸ ਵਿਚ ਈਸਾਈ ਮਿਸ਼ਨਰੀਆਂ ਤੋਂ ਲੈ ਕੇ ਰੂਸੀ ਸਾਹਿਤ ਦਾ ਅਨੁਵਾਦ, ਪੱਛਮੀ ਕਲਾਸਿਕ ਦਾ ਅਨੁਵਾਦ ਅਤੇ ਹੋਰ ਭਾਸ਼ਾਵਾਂ ਦੇ ਵੱਡੇ ਲੇਖਕਾਂ ਦੀਆਂ ਕਿਰਤਾਂ ਦਾ ਅਨੁਵਾਦ ਸ਼ਾਮਿਲ ਹੈ। ਇਸ ਅਨੁਵਾਦ ਨੇ ਜਿਥੇ ਪੰਜਾਬੀ ਪਾਠਕਾਂ ਤੇ ਲੇਖਕਾਂ ਦੀ ਸੋਚ ਨੂੰ ਵਿਸ਼ਾਲ ਕੀਤਾ ਉਥੇ ਇਸ ਰਾਹੀਂ ਦੂਜੇ ਸਮਾਜ-ਸਭਿਆਚਾਰਾਂ ਦਾ ਗਿਆਨ ਵੀ ਪ੍ਰਾਪਤ ਹੁੰਦਾ ਹੈ। ਏਸ ਅਨੁਵਾਦ ਦੁਆਰਾ ਹੀ ਪੰਜਾਬੀ ਸਾਹਿਤ ਵਿਚ ਅਨੇਕ ਨਵੀਆਂ ਸਾਹਿਤ ਵਿਧਾਵਾਂ ਦਾ ਜਨਮ ਵੀ ਹੋਇਆ ਜਿਸ ਨੇ ਪੰਜਾਬੀ ਭਾਸ਼ਾ ਨੂੰ ਪੜ੍ਹਨ-ਪੜ੍ਹਾਉਣ ਦੀਆਂ ਗਤੀਵਿਧਿਆਂ ਨੂੰ ਸੇਧ ਪ੍ਰਦਾਨ ਕੀਤੀ। ਅਜੋਕੇ ਸਮੇਂ ਵਿੱਚ ਹੋਰ ਖੇਤਰੀ ਜ਼ੁਬਾਨਾਂ ਦੇ ਵਾਂਗ ਪੰਜਾਬੀ ਭਾਸ਼ਾ ਵੀ ਵਿਸ਼ਵੀਕਾਰਨ ਤੇ ਗਲੋਬਲਾਈਜੇਸ਼ਨ ਕਾਰਨ ਪੈਦਾ ਹੋਏ ਅਨੇਕ ਖ਼ਤਰਿਆਂ ਨਾਲ ਜੂਝ ਰਹੀ ਹੈ। ਇਹਨਾਂ ਭਾਸ਼ਾਵਾਂ ਦੇ ਬਚਾਅ ਅਤੇ ਵਿਕਾਸ ਲਈ ਬਹੁਤ ਸਾਰੇ ਉੱਦਮਾਂ ਦੀ ਲੋੜ ਹੈ ਜਿਹਨਾਂ ਵਿਚ ਅਨੁਵਾਦ ਇਕ ਸਭ ਤੋਂ ਵੱਡਾ ਤੇ ਮਹੱਤਵਪੂਰਨ ਕਦਮ ਹੈ। ਸਮਕਾਲੀ ਦੌਰ ਵਿਚ ਜਿਥੇ ਸਭਿਆਚਾਰ ਤੇ ਕੌਮਾਂ ਵਿਚਲੇ ਭੂਗੋਲਿਕ ਪਾੜੇ ਘਟਦੇ ਜਾ ਰਹੇ ਹਨ, ਸਮੁੱਚਾ ਸੰਸਾਰ ਇੱਕ ਗਲੋਬਲੀ ਅਤੇ ਵਿਸ਼ਵ ਪਿੰਡ ਵਿਚ ਤਬਦੀਲ ਹੋ ਰਿਹਾ ਹੈ, ਭੂਗੋਲਿਕ ਸਰਹੱਦਾਂ ਇਕ ਦੂਜੇ ਵਿਚ ਲੀਨ ਹੋ ਰਹੀਆਂ ਹਨ। ਪੜ੍ਹਾਈ, ਰੁਜ਼ਗਾਰ ਤੇ ਚੰਗੇਰੇ ਭਵਿੱਖ ਦੀ ਤਲਾਸ਼ ਵਿਚ ਲੋਕ ਇਕ-ਦੂਸਰੇ ਮੁਲਕਾਂ ਵਿਚ ਸਥਾਪਿਤ ਹੋ ਰਹੇ ਹਨ। ਅਜਿਹੇ ਵੇਲੇ ਅਨੁਵਾਦ ਦਾ ਮਹੱਤਵ ਹੋਰ ਵੀ ਵਧੇਰੇ ਵੱਧ ਜਾਂਦਾ ਹੈ, ਕਿਉਂਕਿ ਭਾਸ਼ਾਈ ਅਨੁਵਾਦ ਹੀ ਇਕ ਮਾਤਰ ਅਜਿਹਾ ਸਰੋਤ ਹੈ ਜੋ ਇਨ੍ਹਾਂ ਸਾਰੇ ਤੱਥਾਂ ਨੂੰ ਯਥਾਰਥਕ ਰੂਪ ਪ੍ਰਦਾਨ ਕਰਦਾ ਹੈ। ਅਨੁਵਾਦ ਦੇ ਮਾਧਿਅਮ ਦੁਆਰਾ ਹੀ ਦੂਸਰੀਆਂ ਭਾਸ਼ਾਵਾਂ ਤੇ ਸਮਾਜਾਂ ਦੀਆਂ ਪ੍ਰੰਪਰਾਵਾਂ ਨੂੰ ਸਮਝਣਾ/ਸਮਝਾਉਣਾ ਵਧੇਰੇ ਆਸਾਨ ਹੋ ਸਕਦਾ ਹੈ।

ਇਸ ਪਰਿਪੇਖ ਵਿਚ ਜਦੋਂ ਪੰਜਾਬੀ ਭਾਸ਼ਾ ਵਿਚ ਹੋਏ ਅਨੁਵਾਦ ਦੀ ਸਥਿਤੀ ਵੱਲ ਨਜ਼ਰ ਮਾਰਦੇ ਹਾਂ ਤਾਂ ਅਸੀਂ ਦੇਖਦੇ ਹਾਂ ਮੌਲਿਕ ਲੇਖਣ ਦੇ ਨਾਲ ਲੇਖਕਾਂ ਵਿਚ ਅਨੁਵਾਦ ਕਰਨ ਦਾ ਰੁਝਾਨ ਬਹੁਤ ਜ਼ਿਆਦਾ ਵਧਿਆ ਹੈ। ਪੰਜਾਬੀ ਵਿਚ ਰਚਨਾ ਕਰਨ ਵਾਲਾ ਹਰ ਮੂਲ ਲੇਖਕ ਕਿਸੇ ਨਾ ਕਿਸੇ ਪੁਸਤਕ ਦਾ ਅਨੁਵਾਦਕ ਵੀ ਹੈ। ਇਸ ਪੱਖੋਂ ਗਿਣਾਤਮਕ ਪੱਧਰ 'ਤੇ ਅਨੁਵਾਦ-ਸਾਹਿਤ ਦੀ ਗਿਣਤੀ ਵਿਚ ਵਾਧਾ ਹੋਇਆ ਹੈ ਭਾਵੇਂ ਗੁਣਾਤਮਕ ਪੱਧਰ 'ਤੇ ਇਸ ਵਿਚ ਸ਼ੰਕਾ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਫਿਰ ਵੀ ਇਹ ਗੱਲ ਨਿਰਸੰਦੇਹ ਸੰਤੋਸ਼ਜਨਕ ਹੈ ਕਿ ਬਹੁਤ ਸਾਰੇ ਨਵੇਂ ਪੁਰਾਣੇ ਲੇਖਕਾਂ ਨੇ ਗਿਣਾਤਮਕ ਪੱਧਰ 'ਤੇ ਇਸ ਕਾਰਜ ਵਿਚ ਆਪਣਾ ਯੋਗਦਾਨ ਪਾਇਆ ਅਤੇ ਪਾ ਰਹੇ ਹਨ। ਪਰ ਇਸ ਕਾਰਜ ਵਿਚ ਗੁਣਾਤਮਕ ਵਾਧੇ ਲਈ ਕੁਝ ਹੋਰ ਕਦਮ ਚੁੱਕੇ ਜਾ ਸਕਦੇ ਹਨ। ਹੁਣ ਵੇਲਾ ਹੈ ਕਿ ਅਨੁਵਾਦ ਨੂੰ ਇਕ ਸੁਤੰਤਰ ਵਿਧਾ ਵਜੋਂ ਮਾਨਤਾ ਦਿੰਦੇ ਹੋਏ ਵਿਧੀਵਤ ਤਰੀਕੇ ਨਾਲ ਵਰਕਸ਼ਾਪਸ ਲਾਈਆਂ ਜਾਣ ਜਿਥੇ ਅਨੁਵਾਦ ਸੰਬੰਧੀ ਸਿਧਾਂਤਕ ਜਾਣਕਾਰੀ ਮੁਹਈਆ ਕਰਵਾਈ ਜਾਵੇ। ਭਾਵੇਂ ਕੁਝ ਅਦਾਰੇ ਇਹ ਕੰਮ ਕਰ ਰਹੇ ਹਨ ਪਰ ਉਹ ਨਾਕਾਫ਼ੀ ਹਨ ਤੇ ਕੁਝ-ਕੁ ਗਿਣੇ ਚੁਣੇ ਲੋਕਾਂ ਤੱਕ ਹੀ ਸੀਮਿਤ ਹਨ। ਕਰੀਏਟਿਵ ਲੇਖਕਾਂ ਦੇ ਵਡੇਰੇ ਵਰਗ ਖ਼ਾਸ ਤੌਰ 'ਤੇ ਨੌਜਵਾਨ ਵਰਗ ਨੂੰ ਇਸ ਕਾਰਜ ਨਾਲ ਜੋੜਿਆ ਜਾਵੇ। ਅੱਜ ਸਿਰਫ਼ ਵਿਸ਼ਵ ਪੱਧਰ ਦੇ ਸਿਰਜਨਾਤਮਕ ਸਾਹਿਤ ਦਾ ਹੀ ਨਹੀਂ ਬਲਕਿ ਹੋਰ ਡਿਸਿਪਲਨ ਜਿਵੇਂ ਕਿ ਇੰਜੀਨੀਅਰਿੰਗ, ਰਾਜਨੀਤੀ, ਦਰਸ਼ਨ,ਕਲਾ ਅਤੇ ਤਕਨੀਕੀ ਪੁਸਤਕਾਂ ਦੇ ਅਨੁਵਾਦ ਵੀ ਕਰਵਾਏ ਜਾਣੇ ਚਾਹੀਦੇ ਹਨ ਤਾਂ ਜੋ ਪੰਜਾਬੀ ਭਾਸ਼ਾ ਦਾ ਕੈਨਵਸ ਹੋਰ ਵਿਸ਼ਾਲ ਹੋ ਸਕੇ।

ਇਸ ਦੇ ਨਾਲ ਹੀ ਭਾਰਤ ਦੇ ਦੂਜੇ ਖਿੱਤਿਆਂ ਜਾਂ ਦੂਜੀਆਂ ਭਾਸ਼ਾਵਾਂ ਦੇ ਲੇਖਕਾਂ ਵਿਚੋਂ ਪੰਜਾਬੀ ਵਿਚ ਸਿੱਧਾ ਅਨੁਵਾਦ ਕਰਨ ਲਈ ਅਨੁਵਾਦਕਾਂ ਨਾਲ ਸੰਪਰਕ ਕੀਤਾ ਜਾਵੇ ਤਾਂ ਜੋ ਅਨੁਵਾਦ ਆਪਣੇ ਵਧੇਰੇ ਮੌਲਿਕ ਰੂਪ ਵਿਚ ਪ੍ਰਾਪਤ ਹੋ ਸਕੇ। ਇੱਕ ਹੋਰ ਮਹਤਵਪੂਰਨ ਗੱਲ ਇਹ ਕਿ ਇਸ ਵੇਲੇ ਦੂਜੀਆਂ ਭਾਸ਼ਾਵਾਂ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਤਾਂ ਬਹੁਤ ਵੱਡੀ ਪੱਧਰ ਤੇ ਹੋ ਰਿਹਾ ਹੈ ਪਰ ਜਰੂਰਤ ਇਸ ਗੱਲ ਦੀ ਹੈ ਕਿ ਪੰਜਾਬੀ ਦੇ ਚੰਗੇ ਸਾਹਿਤ ਦਾ ਅਨੁਵਾਦ ਵੀ ਦੂਜੀਆਂ ਭਾਸ਼ਾਵਾਂ ਵਿੱਚ ਕੀਤਾ ਜਾਵੇ ਤਾਂ ਕਿ ਪੰਜਾਬੀ ਸਾਹਿਤ ਦੀਆਂ ਚੰਗੀਆਂ ਰਚਨਾਵਾਂ ਵੀ ਦੂਜੀਆਂ ਭਾਸ਼ਾਵਾਂ ਦੇ ਪਾਠਕਾਂ ਤੇ ਲੇਖਕਾਂ ਤੱਕ ਪਹੁੰਚ ਸਕਣ. ਇਸ ਗੱਲ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ ਦੀ ਲੋੜ ਹੈ।

## ਦੋ ਗ਼ਜ਼ਲਾਂ / ਗੁਰਦਿਆਲ ਰੌਸ਼ਨ

### ਅਨਾਰਾਂ ਦੇ

ਲਗਾ ਕੇ ਗਮਲਿਆਂ ਵਿਚ ਇੱਕ ਦੋ ਬੂਟੇ ਅਨਾਰਾਂ ਦੇ।
ਤੁਸੀਂ ਦਸਦੇ ਹੋ ਹਰ ਇਕ ਸ਼ਖ਼ਸ ਨੂੰ ਕਿੱਸੇ ਬਹਾਰਾਂ ਦੇ।

ਅਗਰਬੱਤੀ ਦੀ ਥਾਂ ਖ਼ੁਦ ਨੂੰ ਧੁਖਾਉਣਾ ਹੈ ਬੜਾ ਔਖਾ,
ਬੜੇ ਸੰਤਾਪ ਨੇ ਸੀਨੇ 'ਚ ਦੱਬੀਆਂ ਯਾਦਗਾਰਾਂ ਦੇ।

ਮੈਂ ਵਸਤਰ ਹੋਣ 'ਤੇ ਵੀ ਅਲਫ਼ ਨੰਗੀ ਭੀੜ ਤਕਦਾ ਹਾਂ,
ਨਜ਼ਰ ਆਉਂਦੇ ਨੇ ਧੜ ਮੈਨੂੰ ਬਿਨਾਂ ਸਿਰ ਤੋਂ ਹਜ਼ਾਰਾਂ ਦੇ।

ਕਲੀ ਕਸ਼ਮੀਰ ਦੀ ਮੈਂ ਚਿਰ ਤੋਂ ਮੁਸਕਾਉਂਦੀ ਨਹੀਂ ਦੇਖੀ,
ਹਵਾ ਵਿਚ ਝੂਮਦੇ ਦੇਖੇ ਨਾ ਹੁਣ ਪੱਤੇ ਚਿਨਾਰਾਂ ਦੇ।

ਅਸੀਂ ਲੋਹਾ ਤਪਾ ਕੇ ਓਸ ਨੂੰ ਇਕ ਸ਼ਕਲ ਦਿੰਦੇ ਹਾਂ,
ਤੁਹਾਥੋਂ ਜਰ ਨਹੀਂ ਹੁੰਦੇ ਨਵੇਂ ਤੇਵਰ ਵਿਚਾਰਾਂ ਦੇ।

ਗ਼ਜ਼ਲ ਦੀ ਆਬਰੂ ਕੁਝ ਕੌਰਵਾਂ ਦੇ ਰਹਿਮ ਉੱਤੇ ਹੈ,
ਇਰਾਦੇ ਹੁਣ ਨਹੀਂ ਸਾਵੇਂ ਰਹੇ ਇਤਿਹਾਸਕਾਰਾਂ ਦੇ।

ਅਸੀਂ ਜਦ ਦਰਦ ਦੀ ਮਹਿਫ਼ਿਲ 'ਚ ਗਾਉਣਾ ਹੀ ਸ਼ੁਰੂ ਕੀਤਾ,
ਸਨਾਟਾ ਛਾ ਗਿਆ ਸੁਰ ਹੋ ਗਏ ਗੂੰਗੇ ਸਿਤਾਰਾਂ ਦੇ।

ਤੂੰ ਦੇਖੀ ਹੈ ਹਥੌੜੀ ਸਿਰਫ਼ ਸੋਨਾ ਕੁੱਟਣੇ ਵਾਲੀ,
ਇਵੇਂ ਲਗਦਾ ਏ ਹਾਲੇ ਘਣ ਨਹੀਂ ਦੇਖੇ ਲੁਹਾਰਾਂ ਦੇ।

ਪਈ ਬਰਸਾਤ ਜਦ ਇਹਨਾਂ 'ਚੋਂ ਕੂਕਨਸ ਹੋਣਗੇ ਪੈਦਾ,
ਜੋ ਕੱਚੇ ਰਸਤਿਆਂ ਵਿਚ ਖੰਭ ਖਿਲਰੇ ਨੇ ਗੁਟਾਰਾਂ ਦੇ।

ਇਹ ਸੰਗਲ ਤੋੜ ਦਿੰਦੇ ਨੇ ਜਦੋਂ ਆਈ 'ਤੇ ਆਉਂਦੇ ਹਨ,
ਤਣੇਂ ਮੁੱਕੇ ਤਾਂ ਮੂੰਹ ਵੀ ਭੰਨ ਦਿੰਦੇ ਨੇ ਕਟਾਰਾਂ ਦੇ।

ਬੜਾ ਕੋਹਿਆ ਹੈ ਉਸ ਨੂੰ ਹਾਸ਼ੀਏ ਤੋਂ ਬਾਹਰ ਰੱਖਿਆ ਹੈ,
ਕਵੀ 'ਰੌਸ਼ਨ' ਤਾਂ ਸਦਕੇ ਫੇਰ ਵੀ ਜਾਂਦਾ ਹੈ ਯਾਰਾਂ ਦੇ।



### ਰੰਗ ਦੇਵਾਂਗਾ

ਅਲਹਿਦਾ ਕੋਣ ਦੇਵਾਂਗਾ ਨਵੇਂ ਪ੍ਰਸੰਗ ਦੇਵਾਂਗਾ।
ਕਲਮ ਅਪਣੀ ਮੈਂ ਅਪਣੇ ਖ਼ੂਨ ਦੇ ਵਿਚ ਰੰਗ ਦੇਵਾਂਗਾ।

ਅਸੀਂ ਕਰਨਾ ਹੈ ਕੀ ਸੋਨਾ ਅਸੀਂ ਕਰਨੀ ਹੈ ਕੀ ਚਾਂਦੀ,
ਮੈਂ ਆਰਾ ਢਾਲ ਕੇ ਤੈਨੂੰ ਬਣਾ ਕੇ ਵੰਗ ਦੇਵਾਂਗਾ।

ਲਹੂ ਮੰਗੇਗਾ ਜੇ ਮੌਸਮ ਨਿਚੋੜਾਂਗਾ ਬਦਨ ਅਪਣਾ,
ਆਹੂਤੀ ਵਾਸਤੇ ਅਪਣਾ ਮੈਂ ਇਕ ਇਕ ਅੰਗ ਦੇਵਾਂਗਾ।

ਲੜਾਂਗਾ ਆਪਣੇ ਹੀ ਨਾਲ ਪਹਿਲਾਂ ਤਾਣ ਲਾ ਕੇ ਮੈਂ,
ਮੈਂ ਗੂੰਗੀਆਂ ਬਸਤੀਆਂ ਨੂੰ ਬੋਲ, ਲੜ ਕੇ ਜੰਗ ਦੇਵਾਂਗਾ।


ਮੈਂ ਦੀਪਕ ਬਾਲ ਕੇ ਦੱਸਾਂਗਾ ਝੱਖੜ ਝੇੜਿਆਂ ਅੰਦਰ,
ਮੈਂ ਖ਼ੁਸ਼ੀਆਂ ਸਿੱਲ੍ਹੀਆਂ ਅੱਖਾਂ ਨੂੰ ਹੋ ਕੇ ਤੰਗ ਦੇਵਾਂਗਾ।

ਮੈਂ ਵੰਡਾਂਗਾ ਪਤੰਗਾਂ ਜਾ ਕੇ ਨੀਵੇਂ ਵਿਹੜਿਆਂ ਅੰਦਰ,
ਮੈਂ ਹੋਲੀ 'ਤੇ ਉਦਾਸੇ ਬੱਚਿਆਂ ਨੂੰ ਰੰਗ ਦੇਵਾਂਗਾ।

ਬੜੇ ਹੀ ਚਿਰ ਤੋਂ ਜਿਸ ਨੇ ਰੁੱਖ ਦੇ ਸਾਹ ਸੂਤ ਰੱਖੇ ਨੇ,
ਮੈਂ ਜ਼ਿੱਦੀ ਵੇਲ ਨੂੰ ਕੁਝ ਸ਼ਰਮ ਥੋੜ੍ਹੀ ਸੰਗ ਦੇਵਾਂਗਾ।

ਮੈਂ ਨੰਗੇ ਧੜ ਲੜਾਂਗਾ ਜਿੱਤ ਹੋਣੇ ਤੀਕ ਐ 'ਰੌਸ਼ਨ',
ਪੁਰਾਣੇ ਵਸਤਰਾਂ ਨੂੰ ਲਾਹ ਕੇ ਹੁਣ ਮੈਂ ਟੰਗ ਦੇਵਾਂਗਾ।

## ਤੁਰਦੇ ਫਿਰਦੇ ਸਿਫਰੇ / ਰਵਿੰਦਰ ਰਵੀ



ਬੇਸਿਰੇ ਸਿਰ ਵੇਚਣ ਆਏ ਨੇ
ਟੋਕਰੀ ਵਿੱਚ ਆਪਣੇ ਹੀ ਮਖੌਟੇ
ਚੁੱਕ ਲਿਆਏ ਨੇ

ਮਸ਼ੀਨੀ ਯੁੱਗ ਹੈ

ਕੰਪਿਊਟਰ ਤੇ ਮੋਬਾਇਲ ਉੱਤੇ
ਉਂਗਲਾਂ ਚੱਲਦੀਆਂ ਹਨ
ਜਿੰਨਾ ਕੁ ਤੁਹਾਡਾ ਵਿਸ਼ਵ ਹੈ
ਸਕਰੀਨ ਤੇ ਖ਼ੁਦ ਬਖ਼ੁਦ
ਖੁੱਲ੍ਹ ਜਾਂਦਾ ਹੈ

ਸਿਰਾਂ ਵਾਲੇ
ਸੋਚ ਸਣੇ ਗਾਇਬ ਨੇ

ਸਧਾਰਣ ਮਾਨਵ
ਭੀੜ ਵਿੱਚ ਰਲ ਜਾਂਦਾ ਹੈ

ਬੇਸਿਰੇ ਬੇਚਿਹਰਾ ਮਾਨਵ ਦੀ
ਕੋਈ ਪਹਿਚਾਣ ਨਹੀਂ ਹੁੰਦੀ

ਇਸ ਯੁੱਗ ਵਿੱਚ
ਮਸ਼ੀਨੀ ਸੋਚ ਵਿੱਚ
ਉਂਗਲਾਂ ਤੁਰਦੀਆਂ ਨੇ

ਕੰਪਿਊਟਰ ਸੋਚਦਾ ਹੈ
ਕੰਪਿਊਟਰ ਲਿਖਦਾ ਹੈ
ਕੰਪਿਊਟਰ ਪੜ੍ਹਦਾ ਹੈ

ਕੰਪਿਊਟਰ ਸੁਣਦਾ
ਕੰਪਿਊਟਰ ਬੋਲਦਾ ਹੈ

ਹੌਲੀ ਹੌਲੀ ਮਾਨਵ
ਗੈਰ-ਜ਼ਰੂਰੀ ਵਸਤ ਬਣਦਾ ਜਾ ਰਿਹਾ

ਸਿਫ਼ਰ ਵਿੱਚ ਅੰਕ ਸਮਾ ਰਿਹਾ !!!

## ਮਿਸ ਯੂਨੀਵਰਸ / ਸੁਖਿੰਦਰ



ਆਏਗੀ-
ਮਿਸ ਯੂਨੀਵਰਸ
ਆਏਗੀ-

ਟੈਲੀਵਿਜ਼ਨ ਸਕਰੀਨਾਂ ਉੱਤੇ
ਆਪਣੀ ਰੇਸ਼ਮੀ
ਮੁਸਕਰਾਹਟ ਦਾ
ਜਾਦੂ ਬਿਖੇਰ
ਨਵੇਂ ਬਰਾਂਡਾਂ ਵਾਲੀਆਂ
ਕਰੀਮਾਂ ਪਾਊਡਰਾਂ
ਪਰਫਿਊਮਾਂ ਦੀ
ਮੰਡੀ ਦਾ ਜਾਲ
ਤੁਹਾਡੇ ਘਰਾਂ ਉੱਤੇ ਵਿਛਾਏਗੀ

ਮਿਸ ਯੂਨੀਵਰਸ
ਆਏਗੀ-

ਤੁਹਾਡੀਆਂ ਪਤਨੀਆਂ
ਧੀਆਂ ਮਾਵਾਂ ਭੈਣਾਂ ਨੂੰ
ਵਿਸ਼ਵ ਮੰਡੀ ਦੀਆਂ ਨਵੀਆਂ
ਕਰੀਮਾਂ ਲਿਪਸਟਿਕਾਂ
ਪਰਫਿਊਮਾਂ ਦੇ
ਮੋਹ ਜਾਲ ਵਿੱਚ ਫਸਾਏਗੀ

ਮਿਸ ਯੂਨੀਵਰਸ
ਆਏਗੀ-

ਆਪਣੀ ਰੇਸ਼ਮੀ
ਮੁਸਕਰਾਹਟ ਸੰਗ
ਤੁਹਾਡੀਆਂ ਜੇਬਾਂ ਵਿੱਚੋਂ
ਹਰੇ ਗੁਲਾਬੀ ਪੀਲੇ ਨੀਲੇ
ਕਰੰਸੀ ਨੋਟ
ਚੁਰਾ ਲੈ ਜਾਏਗੀ

ਮਿਸ ਯੂਨੀਵਰਸ
ਆਏਗੀ-

ਆਪਣੀ ਰੇਸ਼ਮੀ ਮੁਸਕਰਾਹਟ
ਆਪਣੇ ਖ਼ੂਬਸੂਰਤ ਤਨ ਬਦਨ
ਆਪਣੇ ਕਾਰਪੋਰੇਟੀ
ਸ਼ਬਦਜਾਲ ਦਾ
ਜਾਦੂ ਦਿਖਾ ਤੁਹਾਨੂੰ
ਪਲਾਂ ਛਿਣਾਂ ਵਿੱਚ ਹੀ
ਲੁੱਟ ਲੈ ਜਾਏਗੀ

ਮਿਸ ਯੂਨੀਵਰਸ
ਆਏਗੀ-
ਮਿਸ ਯੂਨੀਵਰਸ
ਆਏਗੀ-
ਮਿਸ ਯੂਨੀਵਰਸ
ਆਏਗੀ।

# ਤਿੜਕੇ ਸ਼ੀਸ਼ੇ ਦਾ ਬਦਨ / ਬਲਬੀਰ ਕੌਰ ਰੀਹਲ

ਪ੍ਰਸ਼ਾਂਤ ਸਾਰੀ ਰਾਤ ਉਸਲਵੱਟੇ ਲੈਂਦਾ ਰਿਹਾ, ਨੀਂਦ ਉਹਦੇ ਨੇੜੇ-ਤੇੜੇ ਵੀ ਨਹੀਂ ਸੀ। ਹਰੇਕ ਰਾਤ ਉਸ ਨੂੰ ਦੋ ਵੱਜ ਜਾਂਦੇ ਹਨ। ਕਿਸੇ-ਕਿਸੇ ਦਿਨ ਤਾਂ ਪ੍ਰਸ਼ਾਂਤ ਨੂੰ ਉਸ ਸਮੇਂ ਨੀਂਦ ਆਉਂਦੀ ਹੈ, ਜਦੋਂ ਲੋਕਾਂ ਦੇ ਉੱਠਣ ਦਾ ਵੇਲਾ ਹੁੰਦਾ ਹੈ। ਜਦੋਂ ਨੀਂਦ ਨਹੀਂ ਆਉਂਦੀ ਤਾਂ ਕਿਸੇ-ਕਿਸੇ ਦਿਨ ਉਹ ਫਿਲਮ ਵੇਖਣ ਲੱਗ ਜਾਂਦਾ ਹੈ, ਜੇ ਕੁੱਝ ਹੋਰ ਨਹੀਂ ਤਾਂ ਕੋਈ ਪੋਰਨ ਮੂਵੀ ਲਈ ਅਲੱਗ-ਅਲੱਗ ਫਿਲਮਾਂ ਦੀ ਚੋਣ ਕਰਦਾ ਹੈ। ਕੁੱਝ ਪਲ ਅਜਿਹੇ ਵੀ ਹੁੰਦੇ ਹਨ ਉਹਨੂੰ ਕੁੱਝ ਵੀ ਪਸੰਦ ਨਹੀਂ ਆਉਂਦਾ। ਤਾਜ਼ੀਆਂ ਵੇਖੀਆਂ ਫਿਲਮਾਂ ਉਸ ਦੇ ਦਿਮਾਗ ਦੀ ਫਿਰਕੀ ਹੋਰ ਵੀ ਘੁਮਾ ਦਿੰਦੀਆਂ ਹਨ।



ਸਾਰਾ ਦਿਨ ਉਹ ਥੱਕਿਆ ਟੁੱਟਿਆ ਮਹਿਸੂਸ ਕਰਦਾ ਹੈ, ਸਰੀਰ ਭਾਰਾ-ਭਾਰਾ, ਲੱਤਾਂ ਬਾਹਾਂ ਜੁਆਬ ਦੇ ਦਿੰਦੀਆਂ ਹਨ ਥਕਾਵਟ ਨਾਲ। ਦਫਤਰ ਬੈਠਾ ਪ੍ਰਸ਼ਾਂਤ ਵਾਰ-ਵਾਰ ਵੈੱਲ ਉੱਤੇ ਕਈ ਵਾਰੀ ਹੱਥ ਰੱਖਦਾ ਹੈ, ਪੀਅਨ ਨੱਠਾ-ਨੱਠਾ ਆਉਂਦਾ ਹੈ, ਪ੍ਰਸ਼ਾਂਤ ਅੱਜ ਉਸ ਨੂੰ ਕਈ ਵਾਰੀ ਚਾਹ ਲੈ ਕੇ ਆਉਣ ਦਾ ਹੁਕਮ ਚਾੜ੍ਹ ਚੁੱਕਾ ਹੈ।

"ਆਹ ਤੈਨੂੰ ਕਿੰਨੀ ਵਾਰੀ ਕਿਹਾ, ਘੱਟੋ ਘੱਟ ਇਕ ਵਾਰ ਤਾਂ ਚੱਜ ਦੀ ਚਾਹ ਲੈ ਆਇਆ ਕਰ।"

ਪ੍ਰਸ਼ਾਂਤ ਦੇ ਟੇਬਲ ਉੱਤੇ ਫਾਈਲਾਂ ਦਾ ਢੇਰ ਲੱਗਿਆ ਹੋਇਆ ਹੈ, ਜਿਹੜੀਆਂ ਉਸ ਨੇ ਅੱਜ ਨਿਪਟਾਉਣੀਆਂ ਹਨ। ਪਰ ਉਸ ਦੇ ਦਿਮਾਗ ਵਿਚ ਖਲਲ ਮਚਿਆ ਹੋਇਆ ਹੈ ਉਸ ਦਾ ਦਿਮਾਗ ਕੰਮ ਵੱਲ ਨਹੀਂ ਹੈ। ਇਸੇ ਕਰਕੇ ਉਹ ਵਾਰ-ਵਾਰ ਗਲਤ ਡਾਟਾ ਐਂਟਰ ਕਰੀ ਜਾ ਰਿਹਾ ਹੈ। ਕੰਮ ਦਾ ਓਵਰਲੋਡ ਤੇ ਉੱਪਰੋ ਦਿਮਾਗ...

ਡੋਰ ਵੈੱਲ ਵੱਜਣ 'ਤੇ ਪਤਨੀ ਦਰਵਾਜਾ ਖੋਲਦੀ ਹੈ। "ਪਾਣੀ ਲਿਆਵਾਂ" ਆਇਨਾ ਨੇ ਪ੍ਰਸ਼ਾਂਤ ਨੂੰ ਕਮਰੇ ਵਿੱਚ ਵੜ੍ਹਦੇ ਨੂੰ ਹੀ ਪੁੱਛਿਆ। ਪਰ ਪ੍ਰਸ਼ਾਂਤ ਨੇ ਕੋਈ ਜੁਆਬ ਨਹੀਂ ਦਿੱਤਾ। ਪ੍ਰਸ਼ਾਂਤ ਦਾ ਸਿਰ ਫਟ ਰਿਹਾ ਹੈ, ਉਹ ਘੁੱਟ ਕੇ ਦੋਹਾਂ ਹੱਥਾਂ ਨਾਲ ਸਿਰ ਨੂੰ ਫੜ੍ਹ ਰਿਹਾ ਹੈ।

ਪ੍ਰਸ਼ਾਂਤ ਕੋਲ ਰਾਤ ਦੀ ਉਡੀਕ ਕਰਨ ਤੱਕ ਸਬਰ ਨਹੀਂ ਹੈ। ਆਲਾ-ਦੁਆਲਾ ਝਾਕ ਕੇ ਉਹ ਘਰ ਦਾ ਮੁੱਖ ਦਰਵਾਜਾ ਬੰਦ ਕਰ ਆਉਂਦਾ ਹੈ।

"ਸਾਰਾ ਕੰਮ ਵਿੱਚੇ ਛੱਡ ਕੇ ਜਲਦੀ ਕਮਰੇ ਵਿਚ ਆ" ਆਇਨਾ ਦਾ ਕੋਈ ਮੂਡ ਨਹੀਂ ਸੀ, ਉਹ ਪ੍ਰਸ਼ਾਂਤ ਦੇ ਅੱਥਰੇ ਦਿਮਾਗ ਨੂੰ ਭਾਂਪ ਗਈ ਸੀ, ਉਹਦਾ ਸਿਰ ਕਿਉਂ ਫਟ ਰਿਹਾ ਹੈ।

ਪ੍ਰਸ਼ਾਂਤ ਨੇ ਦਰਵਾਜਾ ਖੋਲਿਆ ਤੇ ਬਾਥਰੂਮ ਵੱਲ ਨੂੰ ਚਲਿਆ ਗਿਆ। ਆਇਨਾ ਵੀ ਕਮਰਿਓਂ ਬਾਹਰ ਆ ਕੇ ਘਰ ਦੇ ਕੰਮ ਨਿਪਟਾਉਣ ਲੱਗ ਪਈ। ਪ੍ਰਸ਼ਾਂਤ ਦੇ ਦਿਮਾਗ 'ਤੇ ਸਿਖਰ ਦੁਪਹਿਰੇ ਭੂਤ ਸਵਾਰ ਹੋਇਆ ਸੀ ਉੱਤਰ ਗਿਆ, ਉਹ ਸ਼ਾਂਤ ਹੋ ਕੇ ਸੌਂ ਗਿਆ। ਆਇਨਾ ਦਾ ਜੇ ਕੋਈ ਮੂਡ ਨਾ ਵੀ ਹੁੰਦਾ ਪਰ ਉਹ ਅੱਥਰੇ ਦਿਮਾਗ ਦੇ ਮਾਲਕ ਪ੍ਰਸ਼ਾਂਤ ਨੂੰ ਜਾਣਦੀ ਸੀ ਹੁਣ ਕਿੰਨੇ ਵਰ੍ਹੇ ਹੋ ਗਏ ਸਨ ਨਾਲ ਰਹਿੰਦਿਆਂ...

ਕੁੱਝ ਦਿਨ ਬੀਤਦੇ, ਫਿਰ ਉਹੀ ਉਬਾਲ ਚੜ੍ਹਦਾ ਸ਼ਾਂਤ ਹੋ ਜਾਂਦਾ। ਥਾੜ੍ਹ-ਥਾੜ੍ਹ ਭਾਂਡਿਆਂ ਦੇ ਖੜਕਣ ਦੀ ਅਵਾਜ਼ ਆ ਰਹੀ ਸੀ। ਪ੍ਰਸ਼ਾਂਤ ਰਸੋਈ ਵਿੱਚੋਂ ਕੁੱਝ ਲੈਣ ਗਿਆ ਸੀ। ਉਹ ਇਕੱਲਾ ਹੀ ਬੋਲੀ ਜਾ ਰਿਹਾ ਸੀ, "ਇਹਨੂੰ ਕੋਈ ਚੀਜ਼ ਢੰਗ ਨਾਲ ਸਾਂਭ ਕੇ ਰੱਖਣੀ ਨਹੀਂ ਆਉਂਦੀ। ਲੋਕਾਂ ਦੀਆਂ ਤੀਮੀਆਂ ਨੂੰ ਸੌ-ਸੌ ਚੱਜ ਹਨ ਕੰਮ ਕਰਨ ਦੇ, ਇਕ ਚੀਜ਼ ਲੱਭਣ ਲਈ ਸਾਰੀ ਰਸੋਈ ਫਰੋਲਣੀ ਪੈਂਦੀ ਹੈ। ਰਸੋਈ ਫਰੋਲ ਵੀ ਲਵੋ ਫਿਰ ਵੀ ਚੀਜ਼ ਵੇਲੇ ਸਿਰ ਕਦੇ ਮਿਲੂ ਨਾ"

ਉਹ ਇਕੱਲਾ ਹੀ ਬੋਲੀ ਜਾ ਰਿਹਾ ਸੀ ਤੇ ਜਿਹੜਾ ਵੀ ਭਾਂਡਾ ਮੋਹਰੇ ਆਉਂਦਾ ਉਹ ਥਾਂਏ ਹੀ ਸਿੱਟੀ ਜਾ ਰਿਹਾ ਸੀ। ਆਇਨਾ ਨੇ ਰਸੋਈ ਵਿਚ ਆ ਕੇ ਵੇਖਿਆ ਸਾਰੇ ਭਾਂਡੇ ਖਿੱਲਰੇ ਪਏ ਸਨ।

ਮੂੰਹੋਂ ਤਾਂ ਉਹ ਕੂੰਈ ਨਾ, ਇੱਕ ਇੱਕ ਕਰਕੇ ਉਹ ਸਾਰਾ ਸਮਾਨ ਟਿਕਾਉਣ ਲੱਗ ਪਈ। ਬੱਸ਼ੱਕ ਉਹ ਮੂੰਹੋਂ ਪ੍ਰਸ਼ਾਂਤ ਨੂੰ ਕੁੱਝ ਵੀ ਬੋਲ ਨਹੀਂ ਸੀ ਰਹੀ ਉਹਦਾ ਮਨ ਅੰਦਰੋਂ ਅੰਦਰੀ ਗਾਲ੍ਹਾਂ ਕੱਢ ਰਿਹਾ ਸੀ। ਆਇਨਾ ਦਾ ਦਿਲ ਕਰ ਰਿਹਾ ਸੀ, ਉਹ ਫਰਿੱਜ ਵਿੱਚੋਂ ਬਰਫ ਦਾ ਡਲਾ ਕੱਢ ਕੇ ਪ੍ਰਸ਼ਾਂਤ ਦੇ ਸਿਰ ਉੱਤੇ ਲਿਜਾ ਕੇ ਰੱਖ ਦੇਵੇ।

ਆਇਨਾ ਰੋਜ਼-ਰੋਜ਼ ਤੰਗ ਆਈ ਪਈ ਸੀ, ਪ੍ਰਸ਼ਾਂਤ ਦਾ ਦਿਮਾਗ ਪੋਰਨ ਮੂਵੀਜ਼ ਨੇ ਖਰਾਬ ਕੀਤਾ ਹੋਇਆ ਸੀ। ਜੋ ਵੇਖਦਾ ਉਸੇ ਦੀ ਉਮੀਦ ਆਇਨਾ ਤੋਂ ਵੀ ਕਰਦਾ। ਆਇਨਾ ਉਹਨੂੰ ਉਹੋ ਜਿਹੀ ਸੰਤੁਸ਼ਟੀ ਨਾ ਦੇ ਸਕਦੀ ਜੋ ਉਸ ਦੀਆਂ ਅੱਖਾਂ ਅਤੇ ਕੰਨਾਂ ਨੇ ਫੋਨ 'ਤੇ ਮਾਣੀ ਹੁੰਦੀ।

ਕਈ ਦਿਨਾਂ ਦਾ ਆਇਨਾ ਦਾ ਚਿਹਰਾ ਬੁਝਿਆ ਪਿਆ ਸੀ, ਆਪਣੀ ਮਾਂ ਨੂੰ ਉਸ ਨੇ ਫੋਨ ਮਿਲਾ ਲਿਆ, "ਮੰਮੀ ਮੈਂ ਕੁੱਝ ਦਿਨਾਂ ਲਈ ਤੇਰੇ ਕੋਲ ਆ ਰਹੀ ਆਂ" ਇਹ ਕਹਿ ਕੇ ਉਸ ਨੇ ਫੋਨ ਰੱਖ ਦਿੱਤਾ। ਉਹਨੇ ਪ੍ਰਸ਼ਾਂਤ ਦੇ ਤੇਵਰ ਵੇਖ ਕੇ ਉਸ ਨੂੰ ਪੁੱਛ ਹੀ ਲਿਆ, "ਮੈਂ ਕੁੱਝ ਦਿਨਾਂ ਲਈ ਮੰਮੀ ਕੋਲ ਜਾਣਾ ਹੈ, ਤੁਸੀਂ ਰੋਟੀ ਕਿਸੇ ਢਾਬੇ ਤੋਂ ਖਾ ਲੈਣੀ"

"ਤੂੰ ਮੈਨੂੰ ਇਕੱਲਾ ਛੱਡ ਕੇ ਨਹੀਂ ਜਾ ਸਕਦੀ, ਮੈਂ ਤੇਰੇ

ਬਗੈਰ ਤਾਂ ਇੱਕ ਦਿਨ ਵੀ ਨਹੀਂ ਕੱਟ ਸਕਦਾ, ਆਹ ਘਰ ਦਾ ਸਾਰਾ ਕੰਜਰਖਾਨਾ ਮੇਰੇ ਕੋਲੋਂ ਨਹੀਂ ਸੰਭਾਲ ਹੋਣਾ ਨਾਲੇ ਤੈਨੂੰ ਪਤਾ ਬਾਹਰ ਦੇ ਖਾਣੇ ਨਾਲ ਮੇਰਾ ਪੇਟ ਖਰਾਬ ਹੋ ਜਾਂਦਾ ਹੈ"

"ਹਾਂ ਮੈਂ ਜਾਣਦੀ ਹਾਂ, ਜਿੰਨੀ ਦੇਰ ਤੱਕ ਮੇਰੇ ਨਾਲ ਮਤਲਬ ਹੁੰਦਾ ਉੱਨਾ ਸਮਾਂ ਸਭ ਠੀਕ, ਜਦੋਂ ਹੀ ਮਤਲਬ ਨਿਕਲਿਆ" ਬਾਕੀ ਗੱਲ ਉਹਨੇ ਮੂੰਹ ਵਿਚ ਹੀ ਚਬਾ ਲਈ "ਫੇਰ ਤੇਰੇ ਤੇਵਰ ਬਦਲ ਜਾਂਦੇ ਆ..."

"ਕੀ ਮਾਂ ਮਾਂ ਲਾਈ ਹੋਈ ਹੈ, ਅੱਧੀ ਉਮਰ ਉੱਥੇ ਹੀ ਰਹੀ ਏਂ"

"ਜੋ ਮਰਜੀ ਹੋ ਜਾਵੇ ਮੈਂ ਆਪਣੀ ਮਾਂ ਨੂੰ ਮਿਲਣ ਜਾਣਾ ਹੀ ਜਾਣਾ ਹੈ"

ਰਾਤ ਦੋਹਾਂ ਵਿਚ ਬਹੁਤ ਤੂੰ ਤੂੰ ਮੈਂ ਮੈਂ ਹੋਈ। ਕੁੱਝ ਰਮਣੀਕ ਪਲਾਂ ਵਿਚ ਹੀ ਪ੍ਰਸ਼ਾਂਤ ਠੀਕ ਹੁੰਦਾ ਬਾਕੀ ਸਮਾਂ ਉਹਦੇ ਦਿਮਾਗ ਦਾ ਪਾਰਾ ਸੱਤਵੇਂ ਅਸਮਾਨ 'ਤੇ ਪਹੁੰਚਿਆ ਰਹਿੰਦਾ। ਰੋਜ ਕਿਸੇ ਨਾ ਕਿਸੇ ਗੱਲ ਦਾ ਇੱਟ ਖੜਿੱਕਾ ਲਾਈ ਰੱਖਦਾ।

ਹਫ਼ਤਾ ਹਫ਼ਤਾ ਉਹ ਦਫ਼ਤਰ ਦੇ ਕੰਮਾਂ ਲਈ ਘਰੋਂ ਬਾਹਰ ਚਲਿਆ ਜਾਂਦਾ, ਆਇਨਾ ਦਾ ਦਾਇਰਾ ਘਰ ਦੀ ਚਾਰਦੀਵਾਰੀ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਸੀ। ਸਾਰਾ ਦਿਨ ਕਦੇ ਕਿਸੇ ਕੰਮ ਨੂੰ ਨੱਠਦੀ ਕਦੇ ਕਿਸੇ ਕੰਮ ਨੂੰ। ਉਹ ਡਰਦੀ ਹਰ ਕੰਮ ਨੂੰ ਵਧੀਆ ਤਰੀਕੇ ਨਾਲ ਕਰਨ ਦੀ ਕੋਸ਼ਿਸ਼ ਕਰਦੀ ਉਹ ਜਾਣਦੀ ਸੀ ਮਾੜਾ ਜਿਹਾ ਵੀ ਗਲਤ ਕੰਮ ਹੋ ਗਿਆ ਪ੍ਰਸ਼ਾਂਤ ਨੇ ਘਰ ਦੀਆਂ ਚੀਜ਼ਾਂ ਭੰਨਣ ਲੱਗ ਜਾਣਾ ਹੈ। ਉਹ ਹਰ ਵਖਤ ਘਰ ਵਿਚ ਦੱਬੀ-ਘੁੱਟੀ ਰਹਿੰਦੀ। ਜੇ ਖੁੱਲ੍ਹ ਕੇ ਸਾਹ ਲਿਆ ਸੀ ਤਾਂ ਉਹ ਤਾਂ ਵਿਆਹ ਤੋਂ ਪਹਿਲੀਆਂ ਹੀ ਗੱਲਾਂ ਰਹਿ ਗਈਆਂ ਹਨ। ਵਿਆਹ ਤੋਂ ਪਹਿਲਾਂ ਉਹ ਵੱਡੇ-ਵੱਡੇ ਸੁਪਨੇ ਵੇਖਿਆ ਕਰਦੀ। ਵੱਡੇ ਸੁਪਨੇ ਤਾਂ ਕੀ ਪੂਰੇ ਹੋਣੇ ਸੀ। ਉਹ ਤਾਂ ਛੋਟੇ ਸੁਪਨੇ ਵੀ ਪੂਰੇ ਨਾ ਕਰ ਸਕੀ। ਉਹ ਆਪਣੇ ਪੈਰਾਂ 'ਤੇ ਖੜ੍ਹੀ ਹੋਣ ਦੇ ਸੁਪਨੇ ਵੇਖਦੀ, ਪੂਰੀ ਦੁਨੀਆਂ ਨੂੰ ਘੁੰਮਣ ਦੇ ਸੁਪਨੇ, ਕੱਪੜਿਆਂ ਦੇ ਸਟਾਈਲ ਦੇ ਸੁਪਨੇ, ਵਾਲਾਂ ਦੀ ਕਟਿੰਗ ਦੇ ਸੁਪਨੇ ਪਤਾ ਨਹੀਂ ਕਿੰਨੇ ਕੁ ਸੁਪਨੇ। ਉਹ ਤਾਂ ਅਸਮਾਨ ਛੂੰਹਣਾ ਚਾਹੁੰਦੀ ਸੀ। ਅਸਮਾਨ ਤਾਂ ਉਸ ਦੇ ਘਰ ਦੀ ਚਾਰਦੀਵਾਰੀ ਤੋਂ ਬਾਹਰ ਹੀ ਰਹਿ ਗਿਆ ਸੀ। ਉਹਨੂੰ ਘੁਟਨ ਮਹਿਸੂਸ ਹੁੰਦੀ ਇਹ ਘੁਟਣ ਉਸ ਦਾ ਸਾਹ ਬੰਦ ਕਰ ਦਿੰਦੀ। ਉਹ ਸਾਹ ਲੈ ਰਹੀ ਸੀ ਉਹ ਵੀ ਉਧਾਰੇ। ਇਹ ਸੁਪਨੇ ਖੋਹਣ ਵਿਚ ਉਸ ਦੀ ਰਿਸ਼ਤੇਦਾਰਾਂ ਨੇ ਵੀ ਪੂਰਾ ਰੋਲ ਨਿਭਾਇਆ ਸੀ। ਪਤਾ ਨਹੀਂ ਕਦੋਂ ਉਹਦੇ ਸਾਹਮਣੇ ਉਹ ਸੀਨ ਘੁੰਮਣ ਲੱਗ ਪਿਆ ਜਦੋਂ ਉਹਦੀ ਭੂਆ ਬੜ੍ਹੇ ਚਾਅ ਨਾਲ ਆਖ ਰਹੀ ਸੀ।

"ਭਾਜੀ ਮੁੰਡਾ ਬਹੁਤ ਸੋਹਣਾ ਸੁਨੱਖਾ ਹੈ, ਵੇਖ ਕੇ ਭੁੱਖ ਲਹਿੰਦੀ ਹੈ, ਇਕੱਲਾ ਇਕੱਲਾ ਹੀ ਮੁੰਡਾ ਹੈ, ਹੋਰ ਕੋਈ ਭਰਾ ਨਹੀਂ ਨਾ ਕੋਈ ਵੰਡ ਵੰਡਾਈ ਦਾ ਫਿਕਰ, ਉੱਪਰੋ ਮੰਡਾ ਸਰਕਾਰੀ ਨੌਕਰੀ ਲੱਗਿਆ ਹੋਇਆ।"

"ਭੈਣ ਤੇਰੀ ਗੱਲ ਤਾਂ ਠੀਕ ਹੈ ਪਰ ਅਜੇ ਕੁੜੀ ਦੀ ਉਮਰ ਨਿਆਣੀ ਹੈ, ਆਪਣੇ ਪੈਰਾਂ 'ਤੇ ਹੋ ਜਾਵੇ, ਫਿਰ ਵਿਆਹ ਵੀ ਕਰ ਦਿਆਂਗੇ"

"ਭਾਜੀ ਅਜਿਹੇ ਮੁੰਡੇ ਵਾਰ-ਵਾਰ ਨਹੀਂ ਮਿਲਦੇ, ਤੁਸੀਂ ਹਾਂ ਕਰ ਦੇਵੋ। ਪ੍ਰਸ਼ਾਂਤ ਕਹਿੰਦਾ ਆਇਨਾ ਵਿਆਹ ਤੋਂ ਬਾਅਦ ਵੀ ਪੜ੍ਹ ਸਕਦੀ ਹੈ, ਉਹਨੂੰ ਕੋਈ ਇਤਰਾਜ ਨਹੀਂ"

"ਭੈਣ ਵਿਆਹ ਤੋਂ ਬਾਅਦ ਪੜ੍ਹਨਾ ਤਾਂ ਬਹੁਤ ਮੁਸ਼ਕਿਲ ਹੈ, ਅਜੇ ਨਹੀਂ ਕਰਨਾ ਇਹ ਰਿਸ਼ਤਾ।"

ਅਖੀਰ ਗੱਲ ਇੱਥੇ ਨਿੱਬੜੀ ਆਇਨਾ ਦੇ ਪਾਪਾ ਨੇ ਵਿਆਹ ਲਈ ਹਾਂ ਇਸ ਸਹਿਮਤੀ ਨਾਲ ਕਰ ਹੀ ਦਿੱਤੀ ਕਿ ਕੁੜੀ ਵਿਆਹ ਤੋਂ ਬਾਅਦ ਵੀ ਆਪਣੀ ਪੜ੍ਹਾਈ ਜਾਰੀ ਰੱਖੇਗੀ।

ਦਿਨ ਬੀਤ ਰਹੇ ਸਨ, ਵਿਆਹ ਦੇ ਸਾਰੇ ਕਾਰਜ ਸੁੱਖੀ ਸਾਂਦੀ ਪੂਰੇ ਹੋ ਗਏ। ਨਵਾਂ ਸੈਸ਼ਨ ਆਰੰਭ ਹੋਣ ਵਾਲਾ ਸੀ। ਆਇਨਾ ਨੇ ਪ੍ਰਸ਼ਾਂਤ ਨਾਲ ਆਪਣੀ ਪੜ੍ਹਾਈ ਦੀ ਗੱਲ ਕੀਤੀ ਪਰ ਪ੍ਰਸ਼ਾਂਤ ਮੁੱਕਰ ਗਿਆ। ਆਇਨਾ ਨੇ ਬਥੇਰੀ ਕੋਸ਼ਿਸ਼ ਕੀਤੀ ਉਹ ਅਸਫਲ ਹੋ ਗਈ। ਦਿਨੇ ਘਰ ਦੇ ਕੰਮ ਨਾ ਮੁੱਕਦੇ ਤੇ ਰਾਤ ਨੂੰ ਪ੍ਰਸ਼ਾਂਤ...ਆਇਨਾ ਪ੍ਰਾਈਵੇਟ ਪੜ੍ਹਨਾ ਚਾਹੁੰਦੀ ਸੀ ਪਰ ਉਹ ਚਾਹ ਕੇ ਵੀ ਨਾ ਪੜ੍ਹ ਸਕੀ...

ਗਰਮੀ ਦੇ ਦਿਨਾਂ ਵਿਚ ਜਾਨ ਨਿਕਲ ਰਹੀ ਸੀ। ਆਇਨਾ ਦੇ ਖਾਣਾ ਬਣਾਉਂਦੀ ਦੇ ਰਸੋਈ ਵਿਚ ਕੱਪੜੇ ਪਸੀਨੇ ਨਾਲ ਭਿੱਜ ਕੇ ਸਰੀਰ ਨੂੰ ਚਿੰਬੜੇ ਪਏ ਸਨ। ਉਹਨੂੰ ਲੱਗਦਾ ਇਹ ਰਸੋਈ ਉਸ ਦੀ ਜਾਨ ਲੈ ਲਵੇਗੀ। ਮੂੰਹ 'ਤੇ ਆਇਆ ਪਸੀਨਾ ਉਹਨੇ ਉੱਪਰ ਲਏ ਸੂਤੀ ਦੁਪੱਟੇ ਨਾਲ ਪੂੰਝਿਆ। ਪ੍ਰਸ਼ਾਂਤ ਲਈ ਖਾਣਾ ਪਰੋਸਣ ਲੱਗ ਪਈ।

ਪ੍ਰਸ਼ਾਂਤ ਨੇ ਇਕ ਬੁਰਕੀ ਤੋੜਦਿਆ ਸਾਰ ਹੀ ਖਾਣਾ ਵਗਾਹ ਕੇ ਮਾਰਿਆ, "ਆਹ ਕੋਈ ਖਾਣਾ ਨਿਰਾ ਬਕਵਾਸ" ਪਲੇਟ ਉਹਨੇ ਚੁੱਕ ਕੇ ਮਾਰੀ, ਆਇਨਾ ਮਸੀਂ ਮਸੀਂ ਬਚੀ ਨਹੀਂ ਤਾਂ ਪਲੇਟ ਉਹਦੇ ਮੂੰਹ 'ਤੇ ਵੱਜਣੀ ਸੀ। ਚੁਪ-ਚਾਪ ਭਾਂਡੇ ਚੁੱਕ ਕੇ ਉਹਨੀ ਪੈਰੀਂ ਚਲੀ ਗਈ। ਮੁੜ ਆ ਕੇ ਸਬਜੀ ਨਾਲ ਲਿੱਬੜਿਆ ਕਮਰਾ ਸਾਫ਼ ਕਰਨ ਲੱਗ ਪਈ।

ਪ੍ਰਸ਼ਾਂਤ ਨੇ ਅਲਮਾਰੀ ਵਿਚੋਂ ਰੋਇਲ ਸਟੈਗ ਦੀ ਬੋਤਲ ਕੱਢੀ, ਗਿਲਾਸ ਵਿਚ ਕੁੱਝ ਟੁਕੜੇ ਬਰਫ ਦੇ ਪਾਏ ਖਾਰਾ ਸੋਢਾ ਪਾ ਕੇ ਪੈੱਗ ਬਣਾ ਲਿਆ ਤੇ ਗਟਾ ਗੱਟ ਪੀਣ ਲੱਗਾ। ਨਮਕੀਨ ਮੂੰਹ ਵਿਚ ਪਾਉਣ ਨਾਲ ਉਹਦੇ ਮੂੰਹ ਦੀ ਕੁੜੱਤਣ ਖਤਮ ਹੋ ਗਈ । ਉਹ ਦਫਤਰ ਦਾ ਕੰਮ ਵੀ ਘਰ ਹੀ ਚੁੱਕ ਲਿਆਇਆ ਸੀ, ਉਹਦਾ ਮਨ ਨਹੀਂ ਕਰ ਰਿਹਾ ਸੀ ਕੰਮ ਕਰਨ ਨੂੰ।

ਕੁੱਝ ਮਹੀਨਿਆਂ ਤੋਂ ਪ੍ਰਸ਼ਾਂਤ ਤੇ ਆਇਨਾ ਨੇ ਆਪਣਾ ਸੌਣ ਦਾ ਕਮਰਾ ਅਲੱਗ ਕਰ ਲਿਆ ਹੋਇਆ ਹੈ। ਆਇਨਾ ਨੇ

ਔਨਲਾਈਨ ਘਰ ਬੈਠੇ-ਬੈਠੇ ਹੀ ਛੋਟਾ ਮੋਟਾ ਬਿਜਨਸ ਸ਼ੁਰੂ ਕਰ ਲਿਆ ਨਹੀਂ ਤਾਂ ਉਹਨੂੰ ਹਰ ਕੰਮ ਲਈ ਪ੍ਰਸ਼ਾਂਤ ਦੇ ਮੋਹਰੇ ਹੱਥ ਅੱਡਣਾ ਪੈਂਦਾ ਸੀ ਜੇ ਉਹ ਮਨ੍ਹਾਂ ਕਰ ਦਿੰਦਾ ਤਾਂ ਉਹਦਾ ਮਨ ਬਹੁਤ ਦੁਖੀ ਹੁੰਦਾ ਸੀ। ਦੋਹਾਂ ਵਿਚ ਆਪਸ ਦੀ ਗੱਲਬਾਤ ਦੀ ਕੜੀ ਦਾ ਕੰਮ ਹੁਣ ਬੱਚੇ ਹੀ ਕਰ ਰਹੇ ਸਨ।

ਆਇਨਾ ਵਿਆਹ ਤੋਂ ਪਹਿਲਾਂ ਆਪਣੀਆਂ ਸਹੇਲੀਆਂ ਨਾਲ ਜਾ ਕੇ ਫਿਲਮ ਜਰੂਰ ਵੇਖ ਆਉਂਦੀ ਸੀ। ਅੱਜ ਉਹਦਾ ਮਨ ਨਵੀਂ ਲੱਗੀ ਫਿਲਮ ਵੇਖਣ ਜਾਣ ਦਾ ਸੀ। ਫਿਲਮ ਵੇਖਣ ਤੋਂ ਬਾਅਦ ਘਰ ਆ ਕੇ ਵੀ ਫਿਲਮ ਵਿਚਲੇ ਸੰਵਾਦ ਉਹਦੇ ਮਨਮਸਤਕ ਵਿਚ ਗੂੰਜ ਰਹੇ ਸਨ ਤੇ ਫਿਲਮ ਵਿਚ ਫਿਲਮਾਏ ਗਏ ਕੁਦਰਤੀ ਦ੍ਰਿਸ਼ਾਂ ਨੇ ਉਸ ਦਾ ਮਨ ਹਲਕਾ ਫੁੱਲ ਕਰ ਦਿੱਤਾ ਸੀ। ਪ੍ਰਸ਼ਾਂਤ ਦਾ ਖਾਣਾ ਉਹ ਕਮਰੇ ਵਿਚ ਢੱਕ ਕੇ ਰੱਖ ਆਈ। ਉਹਨੇ ਕਮਰੇ ਵੱਲ ਧਿਆਨ ਹੀ ਨਹੀਂ ਦਿੱਤਾ ਪ੍ਰਸ਼ਾਂਤ ਨੇ ਕਦੋਂ ਖਾਣਾ ਖਾਧਾ ਤੇ ਕਦੋਂ ਉਸ ਦੇ ਕਮਰੇ ਦੀ ਬੱਤੀ ਬੰਦ ਹੋ ਗਈ।

ਆਇਨਾ ਉੱਠ ਕੇ ਤੜਕੇ ਹੀ ਪ੍ਰਸ਼ਾਂਤ ਦੇ ਦਫਤਰ ਜਾਣ ਤੋਂ ਪਹਿਲਾਂ ਉਸਦੇ ਸਵੇਰ ਦੁਪਹਿਰ ਦੇ ਖਾਣੇ ਦੀ ਤਿਆਰੀ ਕਰਨ ਲੱਗ ਪੈਂਦੀ। ਅੱਜ ਆਇਨਾ ਦਾ ਉੱਠਣ ਦਾ ਮਨ ਨਹੀਂ ਸੀ। ਉਹ ਬਹੁਤ ਹੀ ਤਸੱਲੀ ਨਾਲ ਉੱਠੀ , ਉਸ ਨੇ ਟਰੈਕ ਸੂਟ ਪਾਇਆ। ਕੁੱਝ ਹੀ ਦੂਰੀ 'ਤੇ ਪਾਰਕ ਸੀ। ਬੱਚਿਆਂ ਨੂੰ ਨਾਲ ਲੈ ਕੇ ਉਹ ਜੌਗਿੰਗ ਕਰਨ ਚਲੀ ਗਈ।

ਕਿੰਨੇ ਵਰ੍ਹੇ ਬੀਤ ਗਏ ਸਨ ਘਰ ਦੇ ਕੰਮਾਂ ਕਾਰਾਂ ਵਿਚ ਗੁਆਚੀ ਨੇ ਕਦੇ ਚੜ੍ਹਦਾ ਸੂਰਜ ਹੀ ਨਹੀਂ ਵੇਖਿਆ ਸੀ। ਚੜ੍ਹਦਾ ਤੇ ਲਹਿੰਦਾ ਸੂਰਜ ਤਾਂ ਉਹਦੇ ਘਰ ਦੀ ਚਾਰਦੀਵਾਰੀ ਤੋਂ ਬਾਹਰ ਹੀ ਰਹਿ ਜਾਂਦਾ ਸੀ। ਉਹਨੇ ਸੂਰਜ ਦੀ ਲਾਲੀ ਵੱਲ ਵੇਖ ਰਾਹਤ ਭਰਿਆ ਲੰਬਾ ਸਾਹ ਲਿਆ।

ਦਿਨ ਬੀਤ ਰਹੇ ਸਨ, ਘਰ ਵਿਚ ਪਸਰੀ ਸ਼ਾਤੀ ਹੇਠਾਂ ਇਕ ਤੂਫ਼ਾਨ ਅੰਗੜਾਈਆਂ ਲੈ ਰਿਹਾ ਸੀ। ਹੁਣ ਉਹ ਪਹਿਲਾਂ ਵਾਲੀ ਆਇਨਾ ਨਹੀਂ ਸੀ। ਆਇਨਾ ਘਰ ਦੇ ਕੰਮ ਕਾਰ ਕਰਦੀ ਖਾਣਾ ਬਣਾ ਕੇ ਰਸੋਈ ਵਿਚ ਰੱਖ ਦਿੰਦੀ। ਪ੍ਰਸ਼ਾਂਤ ਦੇ ਦਫ਼ਤਰ ਤੋਂ ਆਉਣ ਤੋਂ ਪਹਿਲਾਂ ਹੀ ਉਹ ਤਿਆਰ ਹੋ ਕੇ ਬੱਚਿਆਂ ਨੂੰ ਨਾਲ ਲੈ ਕੇ ਪਾਰਕ ਦੇ ਬੈਂਚ 'ਤੇ ਜਾ ਬੈਠਦੀ, ਬੱਚਿਆਂ ਨੂੰ ਘੁੰਮਾ ਫਿਰਾ ਕੇ ਘਰ ਪਰਤ ਆਉਂਦੀ।

"ਥੈਂਕਯੂ ਮੰਮਾ"

ਬੇਟੀ ਨੇ ਆਇਨਾ ਦਾ ਮੂੰਹ ਚੁੰਮਦੇ ਹੋਏ ਕਿਹਾ, "ਤੁਸੀਂ ਸਾਨੂੰ ਪਾਰਕ ਲਿਜਾਣ ਲੱਗ ਪਏ"

ਆਇਨਾ ਕੋਲ ਨਾ ਆਪਣੇ ਲਈ ਸਮਾਂ ਸੀ ਤੇ ਨਾ ਹੀ ਉਹ ਘਰ ਦੇ ਕੰਮਾਂ ਵਿਚ ਬੱਚਿਆਂ ਨੂੰ ਸਮਾਂ ਦੇ ਸਕਦੀ। ਬੱਸ ਉਹਦੇ ਮਨ ਵਿਚ ਇਹੀ ਡਰ ਰਹਿੰਦਾ, ਪ੍ਰਸ਼ਾਂਤ ਨੂੰ ਆਹ ਪਸੰਦ ਨਹੀਂ ਪ੍ਰਸ਼ਾਂਤ ਨੂੰ ਉਹ ਪਸੰਦ ਨਹੀਂ, ਉਹ ਗੁੱਸੇ ਹੀ ਨਾ ਹੋ ਜਾਵੇ। ਕਿਸੇ ਚੀਜ਼ ਦੀ ਭੰਨ ਤੋੜ ਹੀ ਨਾ ਕਰ ਦੇਵੇ। ਉਹ ਸਾਰਾ ਦਿਨ ਭੰਬੀਰੀ ਹੀ ਬਣੀ ਰਹਿੰਦੀ ਸੀ। ਕਿਤੇ ਘਰ ਵਿੱਚ ਡਸਟ ਹੀ ਨਾ ਦਿਸ ਜਾਵੇ ਪ੍ਰਸ਼ਾਂਤ ਨੂੰ। ਦੇਖਣ ਨੂੰ ਘਰ ਸ਼ਾਂਤ ਸੀ ਪਰ ਘਰ ਸ਼ਾਂਤ ਹੋ ਕੇ ਵੀ ਬਹੁਤ ਕੁੱਝ ਲਹਿਰਾਂ ਹੇਠ ਸਮੋਈ ਬੈਠਾਂ ਸੀ।

ਪ੍ਰਸ਼ਾਂਤ ਕਮਰੇ ਵਿਚ ਬੈਠਾ ਪੈੱਗ ਖਤਮ ਕਰਦਾ, ਫਿਰ ਫੋਨ ਤੇ ਊਟ-ਪਟਾਂਗ ਵੇਖਣ ਲੱਗਦਾ। ਉਹ ਕਈ ਵਾਰੀ ਕੋਸ਼ਿਸ਼ ਕਰਦਾ ਆਇਨਾ ਦੇ ਕਮਰੇ ਦਾ ਦਰਵਾਜਾ ਖੜਕਾਵੇ ਪਰ ਉਹ ਕਮਰੇ ਦੇ ਬਾਹਰੋਂ ਹੀ ਮੁੜ ਆਉਂਦਾ।

ਅੱਜ ਪ੍ਰਸ਼ਾਂਤ ਦਾ ਆਪਣੇ ਆਪ 'ਤੇ ਕਾਬੂ ਨਹੀਂ ਸੀ, ਉਹਨੇ ਜਾ ਕੇ ਆਇਨਾ ਦੇ ਕਮਰੇ ਦਾ ਦਰਵਾਜਾ ਖੜਕਾਇਆ, ਆਇਨਾ 'ਦਾ ਸੈਕਿੰਡ ਸੈਕਸ' ਕਿਤਾਬ ਪੜ੍ਹ ਰਹੀ ਸੀ। ਉਹ ਕਿਤਾਬ ਵਿਚ ਗੁਆਚੀ ਹੋਈ ਸੀ। ਪ੍ਰਸ਼ਾਂਤ ਦੇ ਆਉਣ 'ਤੇ ਉਸ ਨੇ ਕਿਤਾਬ ਉੱਥੇ ਹੀ ਪਈ ਰਹਿਣ ਦਿੱਤੀ।

ਆਇਨਾ ਦੇ ਕਮਰੇ ਵਿੱਚ ਇੱਕ ਅਜੀਬ ਜਿਹੀ ਮਹਿਕ ਫੈਲੀ ਹੋਈ ਸੀ। ਇਹ ਮਹਿਕ ਸੀ ਸਕੂਨ ਦੀ ਮਹਿਕ, ਸ਼ਾਂਤੀ ਦੀ ਮਹਿਕ...

ਪ੍ਰਸ਼ਾਂਤ ਨੇ ਆਇਨਾ ਦਾ ਹੱਥ ਫੜਿਆ, ਅਜੇ ਉਹਨੇ ਹੱਥ ਫੜਿਆ ਹੀ ਸੀ, ਆਪਣਾ ਮੂੰਹ ਆਇਨਾ ਦੇ ਬੁੱਲਾਂ ਕੋਲ ਲਿਜਾਣ ਲਈ ਗਰਦਨ ਅੱਗੇ ਨੂੰ ਕੀਤੀ ਹੀ ਸੀ, ਆਇਨਾ ਝੱਟ ਪਰ੍ਹੇ ਨੂੰ ਹੋ ਗਈ। ਪ੍ਰਸ਼ਾਂਤ ਨੇ ਮੂੰਹ ਵਿੱਚ ਆਈ ਲਾਰ ਨੂੰ ਗਲੇ ਦੇ ਹੇਠਾਂ ਨੂੰ ਲੰਘਾ ਲਿਆ।

"ਮੈਂ ਕਿਤਾਬ ਪੜ੍ਹ ਰਹੀ ਹਾਂ, ਪਲੀਜ਼ ਮੈਨੂੰ ਆਪਣੇ ਸੁਆਦ ਲਈ ਡਿਸਟਰਬ ਨਾ ਕਰੋ, ਮੈਂ ਕੋਈ ਖਿਡੌਣਾ ਨਹੀਂ ਜਦੋਂ ਚਾਹਿਆ ਖੇਡ ਲਿਆ, ਆਪਣੇ ਕਮਰੇ ਵਿਚ ਚਲੇ ਜਾਵੋ..."

ਦੋਵੇਂ ਪਾਸਿਓਂ ਯੁੱਧ ਹੋਣ ਹੀ ਵਾਲਾ ਸੀ, ਪ੍ਰਸ਼ਾਂਤ ਆਪਣੀਆਂ ਮੁੱਠਾਂ ਨੂੰ ਬਹੁਤ ਮਜ਼ਬੂਤੀ ਨਾਲ ਘੁੱਟਦਾ ਹੋਇਆ ਕਮਰਿਓਂ ਬਾਹਰ ਹੋ ਗਿਆ...

ਕਮਰੇ ਵਿਚ ਆ ਕੇ ਉਸ ਦੀਆਂ ਉਂਗਲਾਂ ਗੂਗਲ 'ਤੇ ਸਰਚ ਕਰਨ ਲੱਗ ਪਈਆਂ, ਉਸ ਦੀਆਂ ਅੱਖਾਂ ਸਾਹਮਣੇ ਰੰਗੀਨ ਦੁਨੀਆਂ ਦੌੜ ਰਹੀ ਸੀ। ਉਹ ਚਾਹੁੰਦਾ ਸੀ, ਇਹ ਰੰਗੀਨ ਦੁਨੀਆਂ ਫੋਨ ਦੀ ਟੱਚ ਤੋਂ ਬਾਹਰ ਆ ਜਾਵੇ...

ਸੂਰਜ ਚੜ੍ਹ ਆਇਆ ਸੀ ਫੋਨ ਦੇ ਅਲਾਰਮ ਨੇ ਉਸ ਦੀ ਸਮਾਧੀ ਭੰਗ ਕਰ ਦਿੱਤੀ, ਪ੍ਰਸ਼ਾਂਤ ਦਾ ਸਿਰ ਫਟ ਰਿਹਾ ਸੀ ਤੇ ਪਤਾ ਨਹੀਂ ਕਦੋਂ ਉਹ ਰਾਤੀਂ ਨੀਮ ਬੇਹੋਸ਼ੀ ਵਿੱਚ ਨਿਊਡ ਹੋ ਗਿਆ ਸੀ ਤੇ ਉਹ ਫਟਾਫਟ ਆਪਣੇ ਅੰਦਰੂਨੀ ਕੱਪੜੇ ਲੱਭਣ ਲੱਗਾ...ਉਸ ਨੂੰ ਅਵਾਜ਼ਾਂ ਸੁਣ ਰਹੀਆਂ ਸਨ....ਹੁਣ ਸਿਰਫ ਤੇਰੀ ਮਰਜੀ ਨਹੀਂ ਚੱਲਣੀ, ਪਤਾ ਨਹੀਂ ਤੂੰ ਕਿੰਨੇ ਸਾਲ ਮੇਰੀ ਮਰਜੀ ਤੋਂ ਬਿਨਾਂ ਮੇਰਾ ਬਲਾਤਕਾਰ ਕਰਦਾ ਰਿਹਾ...।

**94643-30803**

# ਕਵਿਤਾਵਾਂ / ਸੁਖਜਿੰਦਰ

## ਧੂੰਏਂ ਦੇ ਲਫ਼ਜ਼

ਕਵੀ ਧੂਣੀ ਲਾਉਂਦਾ ਹੈ
ਧੁਨੀ ਕਵੀ ਦੇ ਅੰਦਰ
ਚੁੱਪ ਹੈ!
ਕਵੀ ਧੂੰਏ ਦੇ
ਅੱਖਰ ਘੜਦਾ ਹੈ
ਕਵਿਤਾ 'ਤਿਆਰ' ਕਰਨ ਦੀ
ਕੋਸ਼ਿਸ਼ ਕਰਦਾ ਹੈ,

ਧੂੰਏ ਦੀ ਕਵਿਤਾ
ਧੁਨੀਆਂ, ਅੱਖਰਾਂ,
ਵਾਦਾਂ, ਪ੍ਰਵਚਨਾਂ,
ਸੰਵਾਦਾਂ ਤੋਂ ਬੇਲਾਗ
ਹਵਾੜ ਨਾਲ
ਖਹਿ ਕੇ ਲੰਘਦੀ
ਧੁੰਦ ਵਾਂਗ ਫੈਲ ਜਾਂਦੀ ਹੈ,
ਕਵੀ ਨੂੰ ਦਾਦਾਂ ਦੀ ਵੇਲ ਹੁੰਦੀ ਹੈ
ਤੇ ਤਾੜੀਆਂ ਦੇ ਸੰਵਾਰਨੇ !

ਦਾਦਾਂ ਦੀ ਗੂੰਜ
ਤੇ ਤਾੜੀਆਂ ਦੀ ਤੜ ਤੜ ਨਾਲ
ਧੂੰਏ ਦੀ ਕਵਿਤਾ
ਖਿੰਡ-ਪੁੰਡ ਜਾਂਦੀ ਹੈ!
ਉੱਡਦੀ ਧੂੜ 'ਚ ਰਲ ਜਾਂਦੀ ਹੈ!
ਅੱਖਰ ਹਵਾ ਹੋ ਜਾਂਦੇ ਹਨ

ਧੂਣੀ ਬੁੱਝ ਜਾਂਦੀ ਹੈ,
ਧੁਨੀ ਅਜੇ ਵੀ ਬੇਚੈਨ ਜਿਹੀ ਸ਼ਾਂਤ ਹੈ,

ਕਵੀ ਧੂੰਏਂ ਨੂੰ ਨੀਝ ਨਾਲ ਵੇਖਦਾ

ਕਵੀ! ਖੁਸ਼ ਹੈ!
ਧੁਨੀ ਚੁੱਪ ਹੈ!!!

## ਜਨੌਰ

ਸੱਭਿਅਤਾ ਦੀਆਂ
ਕਿੰਨੀਆਂ ਹੀ ਤੰਦਾਂ ਗੁੰਦ



ਪਹੁੰਚੇ ਹਾਂ ਇਨਸਾਨ ਹੋਣ ਤੱਕ

ਤੇ ਜਨੌਰਾਂ-ਜਾਨਵਰਾਂ ਸ਼ਾਇਦ
ਪਹਿਲਾਂ ਹੀ ਜਾਣ ਲਿਆ ਸੀ
ਗੁੰਦਣ ਦਾ ਹਸ਼ਰ

ਅਸੀਂ ਗੁੰਦਦੇ ਰਹੇ
ਇਨਸਾਨ ਹੋਣ ਲਈ ਤੇ ਉਹ
ਇਨਸਾਨ ਨਾ ਹੋਣ ਲਈ
ਬਸ ਜਿਉਣ ਵਿਚ
ਮਸਰੂਫ਼ ਰਹੇ!
ਪਾਰਕ ਦੇ ਮੂਹਰੇ
ਜਨੌਰ ਹੋਇਆ ਮਨੁੱਖ ਪੜ੍ਹਦਾ ਹਾਂ
ਪਾਰਕ ਦੇ ਬਾਹਰ
ਲਿਖਿਆ ਹੈ
'ਘਾਹ ਉਤੇ ਤੁਰਨਾ ਮਨ੍ਹਾ ਹੈ"

ਤੇ ਮੇਰਾ ਦਿਲ
ਘਾਹ ਚਰਨ ਨੂੰ ਕਰਦਾ..!

## ਮੁਲਕ ਨਾਲ ਕੁਝ ਨਿਰਾਰਥਕ ਗੱਲਾਂ

1.
ਕਾਵਾਂ ਦੇ ਠੂੰਗੇ ਲਈ
ਦੁੱਧ ਖੁੱਲ੍ਹਾ ਹੈ
ਕਾਂ ਨੂੰ ਤਾਂ ਢੱਕੇ ਦੁੱਧ ਵੀ
ਮਲਾਈ ਦਿੱਸਦੀ ਸੀ

2.
ਵਗੇ ਹੋਏ ਲਹੂ ਦਾ
ਕੋਈ ਮੀਟਰ ਨਹੀਂ ਹੁੰਦਾ
ਪੂੰਝ ਦੇਣ ਤੋਂ ਮਗਰੋਂ ਵੀ
ਸੜਕਾਂ ਦੀਆਂ ਵਿੱਥਾਂ ਵਿੱਚ
ਕਾਇਮ ਰਹੇਗਾ ਲਹੂ

ਭੀੜੀਆਂ ਨੁੱਕਰਾਂ 'ਚੋਂ ਆਖ਼ਰ
ਕੌਣ ਧੋਵੇਗਾ ਲਹੂ
ਠਰੀ ਹੋਈ ਲੁੱਕ ਵਿੱਚ
ਗਰਮ ਉਬਲਦਾ ਰਹੇਗਾ ਲਹੂ।

3.
ਟੀਵੀ ਉੱਤੇ
ਰਿਲੀਜ਼ ਹੋਇਆ ਹੈ
ਬੁੱਤਾਂ ਦੀ ਅਦਾਕਾਰੀ ਦਾ ਡਰਾਮਾ

ਪੰਛੀਆਂ ਦੀ ਕਹਾਣੀ 'ਤੇ
ਪੱਥਰ ਦੀ ਫ਼ਿਲਮ ਨੂੰ
ਫੇਅਰੀ ਟੇਲ ਐਵਾਰਡ ਮਿਲਿਆ ਹੈ।

ਰੁੱਤਾਂ ਦੀ ਕਥਾ ਵਿੱਚ
ਬਿਰਖਾਂ ਦੇ ਪੈਰਾਂ ਹੇਠ
ਰੇਤ ਉੱਡ ਰਹੀ ਹੈ।

4.
ਬਾਲਣ ਦਾ ਮੁੱਲ
ਤਾਰਨ ਲੱਗਿਆਂ
ਪਥਰਾਟ ਹੋ ਗਏ
ਬਿਰਖ ਦੀ ਯਾਦ ਆਉਂਦੀ ਹੈ।

ਸੋਲਰ ਪੈਨਲ 'ਤੇ ਬੈਠੇ ਤੋਤੇ ਨੂੰ
ਹੁਣ ਹਰੀਆਂ ਮਿਰਚਾਂ ਦੇ ਬਿਰਤਾਂਤ
ਯਾਦ ਨਹੀਂ ਆਉਂਦੇ।

## ਕਵਿਤਾਵਾਂ / ਸੰਦੀਪ ਚੌਹਾਨ



### ਤਾਰਾ ਟੁੱਟਿਆ

ਤਾਰਾ ਟੁੱਟਿਆ ਰਾਤੀਂ ਕਿੰਨੀ ਹੀ ਵਾਰ
ਨਾ ਜਾਣਾ ਕਿੱਥੇ ਗਿਆ
ਜੀਵਨ ਦਾ ਕੀ ਭਰਵਾਸਾ
ਕਿਸ ਵੇਲ਼ੇ ਕਿਸ ਦਰਵਾਜ਼ਿਓਂ
ਕਿੱਧਰ ਨਿੱਕਲ ਜਾਵੇ
ਇੱਕ ਅੰਞਾਣੇ ਬਾਲ ਵਾਂਗ,
ਜਾਂ ਅੱਖ-ਮਟੱਕਾ ਕਰ ਜਾਵੇ
ਇੱਕ ਤਾਰੇ ਵਾਂਗ

ਰਾਤ ਭਰ ਸੁੱਤੇ ਪੰਛੀ ਨੂੰ
ਪਹੁ-ਫੁੱਟਦਿਆਂ ਉੱਡਦਾ ਵੇਖ
ਹਰ ਤਰਵਰ ਦੀ
ਹਰੀ ਸ਼ਾਖ ਕੰਬ ਜਾਵੇ।

### ਰੇਸ਼ਮ

ਜੀਵਨ ਦਾ ਲੌਢਾ ਪਹਿਰ ਏ
ਹੁਣ ਇੱਥੇ ਕੋਈ ਨਹੀਂ
ਕੋਈ ਦਸਤਕ ਨਹੀਂ ਦਿੰਦਾ
ਨਾ ਅੱਖਾਂ ਦੇ ਭਿੱਤ ਖੋਲ੍ਹਦਾ ਏ
ਨਾ ਸ਼ਤਰੰਜੀਆਂ ਵਿਛਾਉਂਦਾ ਏ

ਕਿਸੇ ਦੇ ਆਗਮਨ ਲਈ
ਹੁਣ ਕੋਈ ਤੇਲ ਨਹੀਂ ਚੋਂਦਾ
ਨਾ ਚੌਮੁਖੀਆ ਦੀਵਾ ਫੜ
ਬਰੂਹਾਂ ਅੰਦਰ ਲੰਘਾਉਂਦਾ ਏ
ਦਰ ਦਰਵਾਜ਼ੇ ਬੰਦ ਹਨ

ਮੈਂ ਕੰਨ ਚੁੱਕ-ਚੁੱਕ
ਪੈਰਾਂ ਦੀ ਚਾਪ ਸੁਣਨ ਦੀ ਕੋਸ਼ਿਸ਼ ਕਰਦੀ ਹਾਂ
ਪਰ ਲੋਕਾਂ ਦੀ ਗੰਧ ਹੁਣ ਇੱਥੇ ਨਹੀਂ ਹੈ
ਕਦੇ-ਕਦਾਈਂ ਟੁੱਟੇ-ਭੱਜੇ ਘਰ ਅੰਦਰ
ਅੱਥਰੀ ਹਵਾ ਸ਼ੂਕਦੀ ਏ
ਇੱਕ ਮੱਕੜੀ ਚੁੱਪ-ਚੁਪੀਤੇ
ਖ਼ਾਲੀ ਘੜੇ ਵਿੱਚ ਰੇਸ਼ਮ ਬੁਣ ਰਹੀ ਹੈ।

### ਖੁੱਲ੍ਹੀ ਪੁਸਤਕ ਦੇ ਪਤਰੇ

ਕਿਸੇ ਉਜਾੜ ਵਿੱਚ
ਇੱਕ ਰੁੰਡ-ਮਰੁੰਡ ਬਿਰਛ ਦੀ
ਛਿੱਦੀ ਛਾਂ ਤੋਂ ਦੂਰ ਪਰੇ
ਹਵਾ 'ਚ ਉੱਡ ਰਹੇ
ਖੁੱਲ੍ਹੀ ਪੁਸਤਕ ਦੇ ਪਤਰੇ
ਕਈ ਵਾਰ ਉਥਲੇ-ਪੁਥਲੇ ਗਏ
ਕੁਝ ਪਾਟ ਵੀ ਗਏ
ਕਈ ਵਾਰ ਤੇਜ਼ ਹਵਾ ਦੇ ਝੋਂਕੇ ਨਾਲ਼
ਉਹਦੀ ਮੋਟੀ ਕਾਗਦੀ ਜਿਲਦ
ਠੱਪ ਵੀ ਹੋ ਜਾਵੰਦੀ
ਕੋਈ ਵੇਖਣ ਵਾਲ਼ਾ ਨਹੀਂ ਕੋਈ ਪੜ੍ਹਨ ਵਾਲ਼ਾ ਨਹੀਂ
ਖੁਲ੍ਹੀ ਪੁਸਤਕ ਖੁਲ੍ਹੀ ਹੀ ਰਹੀ
ਸ਼ਾਇਦ ਇਹ ਸੋਚ ਕੇ
ਕਿ ਪੜ੍ਹ ਰਿਹਾ ਹੈ ਕੋਈ ਜਾਂ ਸ਼ਾਇਦ
ਇੱਕ ਟੱਕ ਵੇਖ ਰਿਹਾ ਹੈ ਕੋਈ
ਤੱਕ-ਤੱਕ ਇਸ ਪੁਸਤਕ ਨੂੰ
ਹੈਰਾਨ ਹੋ ਰਹੀ ਹਾਂ ਮੈਂ
ਕਿਧਰੇ ਇਹ,

ਜੀਵਨ ਦੀ ਪੁਸਤਕ ਤਾਂ ਨਹੀਂ?

### ਛੱਤ

ਐਸਾ ਤਾਂ ਨਹੀਂ ਕਿ
ਬਸੰਤੀ ਸਵੇਰ 'ਚ ਬਾਗ਼ੀਂ ਫੁੱਲ਼ ਨਾ ਖਿੜੇ
ਪੱਤਝੜੀ ਆਥਣ 'ਚ ਚੰਨ ਨਾ ਚਮਕਿਆ
ਆਪਣੇ ਹੱਥੀਂ ਬਾਲ਼ਿਆ ਆਲ਼ੇ 'ਚ
ਉਸ ਨਿੰਮ੍ਹਾ-ਨਿੰਮ੍ਹਾ ਦੀਵਾ
ਚਿੜੀਆਂ ਨੇ ਚੋਲ੍ਹਰ ਪਾਈ
ਵਿਹੜੇ 'ਚੋਂ ਆਵਣ ਲੱਗੀ ਖੱਖੜੀਆਂ ਦੀ ਖੁਸ਼ਬੂ

ਉਸ ਸੋਚਿਆ ਮੁਹੱਬਤ ਇੱਕ ਅਜਿਹਾ ਮਹਿਲ ਏ
ਜਿਸ ਦੀ ਛੱਤ ਵਿੱਚ ਨਾ ਪੈ ਸਕਦੀ
ਕਦੇ ਕੋਈ ਤਰੇੜ
ਪਰ ਜਦੋਂ ਮੀਂਹ ਵਰ੍ਹਿਆ ਸਾਰੀ ਰਾਤ
ਬਿਜੜੇ ਦੇ ਆਲ੍ਹਣੇ 'ਚੋਂ
ਤਿਪ-ਤਿਪ ਚੋਈਆਂ ਕਣੀਆਂ।

ਕਹਾਣੀ

# ਤਾਰੇ ਤਾਂ... / ਪਰਮਜੀਤ



ਇਹ ਕਿਵੇਂ ਦੀ ਛਹਿਬਰ ਸੀ ਕੋਈ, ਇੰਨੇ ਵੱਡੇ ਬਵਾਲ ਤੋਂ ਮਗਰੋਂ ਝੱਖੜ ਮਾਰੇ ਮੁਰਝਾਏ ਫੁੱਲਾਂ 'ਤੇ ਨਵੀਂ ਨੁਹਾਰ ਫੁੱਟ ਪਈ। ਹੈਰਾਨ ਸੀ ਪਟਵਾਰੀ ਪਰਦੁਮਨ ਸਿੰਘ, ਕਿੱਥੋਂ...... ਕਿੱਦਾਂ...... ਮੱਸਿਆ ਦੀ ਕਾਲੀ ਬੋਲੀ ਰਾਤ ਵਿਚ ਇਸ ਚਾਨਣੀ ਦੀਆਂ ਕਿਰਨਾਂ ਫੁੱਟ ਪਈਆਂ। ਇੱਕ ਟੱਕ ਉਸ ਦਿਨ ਆਏ ਬਵਾਲ ਦੀ ਬੇਚੈਨੀ ਭਰੀ ਤਲਖ਼ੀ ਦੀ ਪਥਰਾਈ ਨੀਂਦ ਤੋਂ ਮਗਰੋਂ ਉੱਠ ਕੇ ਜਦੋਂ ਉਸਨੇ ਆਪਣੇ ਸੌਂ ਰਹੇ ਪੁੱਤਰ ਨੂੰ ਨਿਹਾਰਿਆ ਤਾਂ ਉਹਦੇ ਚਿਹਰੇ ਦਾ ਨੂਰ, ਦ੍ਰਿੜ੍ਹਤਾ ਤੇ ਵਿਸ਼ਵਾਸ ਜਿਵੇਂ ਪਟਵਾਰੀ ਪਰਦੁਮਨ ਸਿੰਘ ਦੇ ਆਪਣੇ ਚੂਰ-ਚੂਰ ਹੋ ਰਹੇ ਵਿਸ਼ਵਾਸ ਨੂੰ ਬੋਚ ਕੋਈ ਫਿਰ ਪਕਿਆ ਰਿਹਾ ਸੀ ਪੂਰੇ ਤਾਣ ਨਾਲ। ਮਨ ਕੀਤਾ ਇਸ ਤੇਜ ਭਰੇ ਚਿਹਰੇ ਦਾ ਮੱਥਾ ਚੁੰਮ ਲਵੇ ਪਰ...... ।

ਭਲੇ ਵੇਲਿਆਂ ਦਾ ਭਲਾ ਆਦਮੀ ਸੀ ਪਰਦੁਮਨ ਸਿੰਘ। ਮਾਂ-ਬਾਪ ਦੀਆਂ ਸੱਚ ਪ੍ਰਤੀ ਨਸੀਹਤਾਂ, ਗੁਰਬਾਣੀ ਵਿੱਚ ਦਿੱਤੀਆਂ ਸਿੱਖਿਆਵਾਂ ਨੂੰ ਉਸ ਹਵਾ ਵਿੱਚ ਨਹੀਂ ਸੀ ਉਡਾਇਆ। ਆਪਣੇ ਅਧਿਆਪਕਾਂ ਦੇ ਦੇਸ਼ ਪ੍ਰਤੀ ਵਫ਼ਾਦਾਰੀ ਦੇ ਦਿੱਤੇ ਭਾਸ਼ਣ ਉਹਦੇ ਜ਼ਿਹਨ 'ਤੇ ਉਵੇਂ ਉੱਕਰੇ ਪਏ ਸਨ। ਤੇ ਜਦੋਂ ਪਟਵਾਰੀ ਦੀ ਸਰਕਾਰੀ ਨੌਕਰੀ 'ਤੇ ਉਹਨੇ ਆਪਣੀ ਜ਼ਿੰਮੇਦਾਰੀ ਸੰਭਾਲੀ ਤਾਂ ਮਨ ਵਿੱਚ ਇੱਕੋ ਪੱਕੀ ਖਣਕ ਸੀ ਕਿ ਕਦੀ ਨਿਹੱਕਾ ਨਹੀਂ ਖਾਣਾ, ਕਦੇ ਕਿਸੇ ਮਾੜੇ-ਧੀੜੇ ਨੂੰ ਤੰਗ ਨਹੀਂ ਕਰਨਾ।

ਭਲੇ ਵੇਲਿਆਂ ਦਾ ਮਤਲਬ ਇਹ ਹੈ ਕਿ ਉਦੋਂ ਹੁਣ ਵਾਂਗੂੰ ਸਿੱਧਾ ਮੰਗਣਾ ਤੇ ਖਾ ਲੈਣਾ ਸਮਾਜ ਵਿੱਚ ਬੰਦੇ ਨੂੰ ਨੀਵਾਂ ਕਰ ਜਾਂਦਾ ਸੀ। ਆਦਮੀ ਆਪਣੀ ਬੇਸ਼ਰਮੀ 'ਤੇ ਆਪ ਹੀ ਦਬ-ਦਬ ਜਾਂਦਾ ਸੀ ਪਰ ਫਿਰ ਹੌਲੀ-ਹੌਲੀ ਟੇਢੇ ਕੰਮ ਕਰਨ ਵਾਲੇ ਟੇਢੇ ਤਰੀਕਿਆਂ ਨਾਲ ਆਪਣੇ ਘਰ ਭਰਨ ਲੱਗ ਪਏ ਸਨ ਤੇ ਦੇਖਦਿਆਂ-ਦੇਖਦਿਆਂ ਉਹਦੀ ਰਿਟਾਇਰਮੈਂਟ ਤੱਕ ਅੱਖ ਦੀ ਸ਼ਰਮ, ਮੂੰਹ-ਮੁਲਾਹਜ਼ੇ ਸਿੱਧਿਆਂ ਹੱਕ ਨਾਲ ਮੰਗਣ ਤੱਕ ਹੀ ਨਹੀਂ ਸਗੋਂ ਖੋਹਣ ਦੇ ਦੌਰ ਤੱਕ ਪਹੁੰਚ ਗਏ ਤੇ ਤਰਾਸਦੀ ਇਹ ਕਿ ਸਮਾਜ ਵਿੱਚ ਇਹੋ ਜਿਹੇ ਬੰਦੇ ਬੜੀ ਸਹਿਜਤਾ ਨਾਲ ਆਪਣੇ ਅਸਰ-ਰਸੂਖ਼ ਸਮੇਤ ਸਾਊਪਣੇ ਦੇ ਮੁਲੱਮੇ ਸਹਿਤ ਵੀ ਸਤਿਕਾਰੇ ਜਾਣ ਲੱਗ ਪਏ।

ਜਦੋਂ ਤੋਂ ਉਹਨੇ ਪਟਵਾਰੀ ਦੀ ਡਿਊਟੀ ਸੰਭਾਲੀ, ਕੋਈ ਫ਼ਰਦ ਕਢਵਾਉਣ ਆਵੇ, ਕਿਸੇ ਨੂੰ ਖਾਤਾ-ਖਤੌਨੀ ਦੀ ਸਮੱਸਿਆ ਹੋਵੇ ਜਾਂ ਕਿਸੇ ਜ਼ਮੀਨੀ ਪੈਮਾਇਸ਼ ਜਾਂ ਵੰਡ ਦਾ ਚੱਕਰ, ਉਹਨੇ ਕਦੀ ਵੀ ਵਾਧੂ ਪੈਸੇ ਨਾਲ, ਖਾਣ-ਪੀਣ ਜਾਂ ਵਗਾਰੀ ਕੰਮ ਕਰਵਾਉਣ ਦੀ ਫ਼ਰਮਾਇਸ਼ ਨਹੀਂ ਸੀ ਕੀਤੀ। ਉਹਦੀ ਤਨਖ਼ਾਹ ਹੀ ਉਹਦੀ ਵੱਡੀ ਜੀਵਿਕਾ ਸੀ ਜੀਹਨੂੰ ਮੱਥੇ ਨਾਲ ਛੁਹਾ ਕੇ ਉਹ ਆਪਣੇ ਪਰਿਵਾਰ ਦਾ ਨਿਰਬਾਹ ਬੜੇ ਸਕੂਨ ਨਾਲ ਕਰੀ ਜਾ ਰਿਹਾ ਸੀ। ਉਹਦੇ ਨਾਲ ਦੇ ਇਹੋ ਜਿਹੇ ਕੰਮਾਂ ਵਿਚ ਦਿਨੋ-ਦਿਨ ਨਿਪੁੰਨ ਹੋਣ ਲੱਗ ਪਏ ਤੇ ਹੌਲੀ-ਹੌਲੀ ਇਹ ਬੁਰਿਆਈ ਸਾਰੇ ਮਹਿਕਮੇ ਵਿਚ ਗੰਦਗੀ ਫ਼ੈਲਾਉਣ ਲੱਗ ਪਈ। ਉਹਦੇ ਨਾਲ ਦੇ ਉਸਨੂੰ ਵੀ ਉਕਸਾਉਂਦੇ ਤੇ ਉਹ ਉਹਨਾਂ ਦੀਆਂ ਨਸੀਹਤਾਂ ਨੂੰ ਨੀਵੀਂ ਪਾਈ ਸੁਣ ਕੇ ਝਟਕ ਦਿੰਦਾ ਤੇ ਆਪ ਆਪਣੀ ਤੋਰ ਤੁਰਿਆ ਰਹਿੰਦਾ। ਸਗੋਂ ਵਿੱਚ ਵਿਚਾਲੇ ਇੱਕ ਘਟਨਾ ਨੇ ਤਾਂ ਉਹਦੇ ਵਿਚਾਰਾਂ ਨੂੰ ਹੋਰ ਵੀ ਪ੍ਰੋੜ੍ਹ ਕਰ ਦਿੱਤਾ।

ਉਹਦੇ ਖੇਤਰ ਦੇ ਇੱਕ ਪਿੰਡ ਵਿਚ ਰੱਜੇ-ਪੁੱਜੇ ਜੱਟਾਂ ਦਾ ਚੰਗਾ ਦਬਦਬਾ ਸੀ। ਚਾਰ ਭਰਾ ਸਨ, ਵੱਡਾ ਕੁੱਝ ਸਾਊ ਦਿੱਖ ਰੱਖਦਾ ਸੀ, ਉਸ ਤੋਂ ਛੋਟਾ ਬਿਲਕੁਲ ਸਿਧਰਾ ਸੀ ਤੇ ਛੋਟੇ ਦੋ ਪੈਸੇ ਦੇ ਬਲ 'ਤੇ ਮਾੜੇ-ਧੀੜੇ ਬੰਦਿਆਂ ਦੀਆਂ ਸਸਤੀਆਂ ਜ਼ਮੀਨਾਂ ਲੈਣ, ਸ਼ਾਮਲਾਟਾਂ 'ਤੇ ਕਬਜ਼ੇ ਕਰਨਾ ਅਤੇ ਵੱਡੇ ਅਧਿਕਾਰੀਆਂ ਨਾਲ ਗੰਢ-ਤੁੱਪ ਕਰਕੇ ਚਿੱਟੇ ਕੱਪੜਿਆਂ ਵਿਚ ਆਪਣੀ ਹੈਂਕੜੀ ਦਿਖਾਉਂਦੇ ਫਿਰਦੇ ਸਨ। ਉਹਨਾਂ ਦੇ ਬਾਪੂ ਨੇ ਜਾਂਦੀ ਵਾਰੀ ਜੱਦੀ ਸਾਰੀ ਜ਼ਮੀਨ ਚਾਰੇ ਭਰਾਵਾਂ ਦੇ ਨਾਂ ਕਰਵਾ ਦਿੱਤੀ ਸੀ। ਅੱਠ-ਦਸ ਸਾਲ ਇੱਦਾਂ ਹੀ ਲੰਘ ਗਏ ਤਾਂ ਛੋਟੇ ਦੋਵੇਂ ਭਰਾ ਸਿਧਰੇ ਭਰਾ ਦੇ ਹਿੱਸੇ ਨੂੰ ਤਿੰਨਾਂ ਭਰਾਵਾਂ ਦੇ ਨਾਂ ਕਰਵਾਉਣ ਲਈ ਆਤੁਰ ਹੋ ਗਏ। ਉਹ ਕਹਿੰਦੇ, "ਮਾਂ, ਇਹਦਾ ਕੀ ਆ, ਨਾ ਰੰਨ ਨਾ ਕੰਨ, ਤੇ ਨਾ ਕੋਈ ਧੀ ਪੁੱਤ, ਦੋ ਟੁੱਕ ਖਾਣੇ ਆ, ਖਾਈ ਜਾਊ। ਪਰ ਮਾਂ ਦੀ ਉਹ ਢਿੱਡੋਂ ਜੰਮੀ ਔਂਦਰ ਸੀ, ਭਾਵੇਂ ਸਿਧਰਾ ਹੀ ਸੀ। ਉਸ ਤਰਲੇ ਨਾਲ ਸਮਝਾਇਆ,"ਪੁੱਤ, ਕੱਲ ਦਾ ਕੀ ਐ, ਬਿਗਾਨੀਆਂ ਅੱਗੇ ਥਾਲੀ ਕਰਨੀ ਵੀ ਵਿਚਾਰੇ ਵਾਸਤੇ ਦੁੱਭਰ ਹੋ ਜਾਵੇ, ਮੈਂ ਨਹੀਂ ਹੋਣ ਦੇਣਾ ਇਹ ਜੀਦੇਂ ਜੀ। ਪਰ ਦੋਨੋਂ ਪੁੱਤਰਾਂ ਦੀ ਸਿਰ ਖਪਾਈ ਅੱਗੇ ਉਹ ਅੰਦਰੋਂ ਧੁਆਂਖੀ ਗਈ ਅਤੇ ਇੱਕ ਦਿਨ ਇਸ ਪਟਵਾਰੀ ਕੋਲ ਜਾ ਕੇ ਆਪਣੀ ਸਾਰੀ ਵਿਥਿਆ ਕਹਿ ਸੁਣਾਈ।

"ਮਾਤਾ ਹੈ ਤਾਂ ਇਹ ਤੁਹਾਡੇ ਘਰ ਦਾ ਮਸਲਾ ਪਰ ਤੁਸੀਂ ਜੇ ਜ਼ਰੂਰੀ ਸਮਝਦੇ ਓਂ ਤਾਂ ਮੈਂ ਆਪਣੇ ਵੱਲੋਂ ਸਮਝਾਉਣ ਦੀ ਕੋਸ਼ਿਸ਼ ਕਰ ਦੇਖਦਾਂ।" ਤੇ ਫਿਰ ਇੱਕ ਦਿਨ ਉਹ ਮਾਤਾ ਦੇ ਘਰ ਚਲਾ ਗਿਆ। ਮਾਤਾ ਦਾ ਸਭ ਤੋਂ ਛੋਟਾ ਪੁੱਤਰ ਜੀਹਦਾ ਬਦਮਾਸ਼ੀ ਦਬਦਬਾ ਸੀ, ਆਪਣੇ ਸ਼ੇਰ ਵਰਗੇ ਕੁੱਤੇ 'ਤੇ ਹੱਥ ਫੇਰਦਾ ਕੁਰਸੀ 'ਤੇ ਬੈਠਾ ਸੀ। "ਆਉ ਪਟਵਾਰੀ ਸਾਬ ਆਉ, ਕਿੱਦਾਂ ਯਾਦ ਆਈ ਸਾਡੀ", ਉਸਨੇ ਪਟਵਾਰੀ ਨੂੰ ਆਉਂਦਿਆਂ

ਦੇਖ ਕਿਹਾ ਅਤੇ ਨਾਲ ਹੀ ਨੌਕਰ ਨੂੰ ਕੁਰਸੀ ਲਿਆਉਣ ਦਾ ਹੁਕਮ ਸੁਣਾ ਦਿੱਤਾ।

"ਵਾਹ ਭਾਈ ਕੁੱਤਾ ਬੜਾ ਜਬਰਦਸਤ ਪਾਲ ਰੱਖਿਆ, ਜਰਾ ਬਚਾ ਕੇ ਰੱਖਿਉ ਭਾਈ," ਕਹਿੰਦਿਆਂ ਪਟਵਾਰੀ ਕੁਰਸੀ 'ਤੇ ਬੈਠ ਗਿਆ।

"ਓ ਕੋਈ ਨਹੀਂ ਪਟਵਾਰੀ ਸਾਬ, ਸਾਡੇ ਇਸ਼ਾਰੇ ਤੋਂ ਬਿਨਾਂ ਕੁਝ ਨਹੀਂ ਕਹਿੰਦਾ, ਪਰ ਹੈ ਸੱਚੀ-ਮੁੱਚੀ ਬੜਾ ਜ਼ਾਲਮ ਸਾਡਾ ਇਹ ਸ਼ੇਰ ਬਹਾਦਰ। ਇੱਕ ਵਾਰੀ ਇੱਕ ਪਟਵਾਰੀ ਪਤਾ ਨਹੀਂ ਕੀ ਭਾਲਦਾ ਸਾਡੇ ਖੇਤਾਂ ਵਿਚ ਆ ਧਮਕਿਆ, ਅਖੇ ਫਲਾਂ ਜ਼ਮੀਨ ਤਾਂ ਸ਼ਾਮਲਾਟੀ ਆ, ਆ ਫਲਾਂ ਜ਼ਮੀਨ ਤੁਸੀਂ ਫਲਾਣੇ ਦੀ ਨੱਪੀ ਹੋਈ ਆ। ਬਥੇਰਾ ਸਮਝਾਇਆ ਪਰ ਕੁਝ ਜ਼ਿਆਦਾ ਭਾਲਦਾ ਜਿਆਦਾ ਚੌੜ ਹੋ ਗਿਆ। ਮੈਂ ਆਪਣੇ ਭਈਏ ਨੂੰ ਅੱਖ ਮਾਰੀ, ਬੱਸ ਫਿਰ ਕੀ ਸੀ, ਪਟਵਾਰੀ ਦੇ ਪੱਟ ਦਾ ਰੁੱਗ ਭਰ ਲਿਆ। ਵੀਹ ਟਾਂਕੇ ਲੱਗੇ ਹਸਪਤਾਲ 'ਚ ਤੇ ਟੀਕੇ ਵੱਖ। ਰੌਲਾ ਪੈ ਗਿਆ ਪਰ ਕੁਸਕੇ ਕੌਣ ਸਾਡੇ ਅੱਗੇ, ਅਸੀਂ ਤਾਂ ਕਿਹਾ ਪਤਾ ਨਹੀਂ ਕੀਹਦਾ ਕੁੱਤਾ ਸੀ, ਸਗੋਂ ਅਸੀਂ ਤਾਂ ਪਟਵਾਰੀ ਨੂੰ ਮਸਾਂ ਛੁਡਾਇਆ। ਸਾਡੇ ਵਿਰੁੱਧ ਕੋਈ ਗਵਾਹੀ ਨਹੀਂ ਸੀ ਤੇ ਫਿਰ ਉਹ ਪਟਵਾਰੀ ਇੱਧਰ ਨਹੀਂ ਵੜਿਆ", ਕੁੱਤੇ ਨੂੰ ਗਲ ਨਾਲ ਲਾਉਂਦਿਆਂ ਮਾਤਾ ਦੇ ਪੁੱਤਰ ਨੇ ਜਿਵੇਂ ਆਪਣੀ ਹੈਂਕੜੀ ਦਾ ਡੰਕਾ ਵਜਾ ਦਿੱਤਾ।

"ਮੈਂ ਤਾਂ ਵੱਡੇ ਭਾਈ ਇਸ ਲਈ ਆਇਆ ਸੀ ਤੁਹਾਡੇ ਕੋਲ ਕਿਉਂ ਕਿ ਤੁਹਾਡੇ ਮਾਤਾ ਜੀ ਗਏ ਸੀ ਮੇਰੇ ਕੋਲ......।" ਗੱਲ ਪਟਵਾਰੀ ਦੇ ਅਜੇ ਮੂੰਹ ਵਿਚ ਹੀ ਸੀ ਕਿ ਮਾਤਾ ਦੇ ਪੁੱਤ ਨੂੰ ਜਿਵੇਂ ਕੋਈ ਜ਼ਹਿਰੀਲਾ ਠੂੰਹਾਂ ਡੰਗ ਗਿਆ।

"ਓਏ ਫੂਲਿਆ, ਲੈ ਜਾ ਓਏ ਆਪਣੇ ਸ਼ੇਰੂ ਨੂੰ ਇੱਕ ਪਾਸੇ, ਕਿਤੇ ਹੋਰ ਈ ਨਾ ਜਾਹ ਜਾਂਦੀ ਹੋ ਜਾਵੇ," ਨੌਕਰ ਨੂੰ ਆਵਾਜ਼ ਮਾਰਦਿਆਂ ਉਹ ਪਟਵਾਰੀ ਨੂੰ ਘੂਰਨ ਲੱਗਾ", ਪਟਵਾਰੀ ਸਾਬ ਸਭ ਸਮਝ ਆਗੀ ਮੈਨੂੰ, ਜੇ ਕੋਈ ਚਾਹ ਪਾਣੀ ਜਾਂ ਕਿਸੇ ਹੋਰ ਸ਼ੈ ਦੀ ਇੱਛਾ ਹੈਗੀ ਤਾਂ ਠੀਕ ਆ, ਨਹੀਂ ਤਾਂ ਇਹ ਸਾਡੇ ਘਰ ਦੀ ਗੱਲ ਆ, ,ਤੁਸੀਂ ਤਾਂ......ਰਹਿਣ ਦੋ।" ਪਹਿਲਾਂ ਤਾਂ ਉਹ 'ਤੁਰਦੇ ਬਣੋ' ਕਹਿਣ ਲੱਗਾ ਸੀ ਪਰ ਫਿਰ ਜ਼ਰਾ ਲਿਹਾਜ ਵਰਤ ਗਿਆ।

ਪਟਵਾਰੀ ਇੱਕ ਤਾਂ ਇਸ ਗੱਲ 'ਤੇ ਥੱਲੇ ਲੱਗਦਾ ਹੀ ਸੀ ਕਿ ਇਹ ਉਹਨਾਂ ਦਾ ਘਰੇਲੂ ਕਲੇਸ਼ ਸੀ, ਦੂਜਾ ਉਹ ਭਾਂਪ ਗਿਆ ਕਿ ਇਹੋ ਜਿਹੇ ਸਿਰਫਿਰਿਆਂ ਦੇ ਨਾਲ ਸਿਰ ਖਪਾਈ ਪੱਥਰ ਤੇ ਪਾਣੀ ਪਾਉਣ ਜਿਹੀ ਗੱਲ ਹੀ ਸੀ।

"ਦੇਖ ਲੋ ਭਾਈ ਜੇ ਮਾਤਾ ਦੀ ਗੱਲ ਤੇ ਗੌਰ ਕਰ ਲਵੋ ਤਾਂ ਵੀ ਤੁਹਾਡੀ ਹੀ ਬਿਹਤਰੀ ਹੈ।" ਉੱਠਦਿਆਂ-ਉੱਠਦਿਆਂ ਇੰਨੀ ਗੱਲ ਕਹਿਣ ਤੋਂ ਉਹ ਆਪਣੇ ਆਪ ਨੂੰ ਰੋਕ ਨਹੀਂ ਸਕਿਆ।

ਪਰ ਮਾਤਾ ਨੂੰ ਤਾਂ ਜਾਪਿਆ, ਜਿਹੜਾ ਆਦਮੀ ਮੇਰੇ ਘਰ ਤੱਕ ਮੇਰੇ ਪੁੱਤਾਂ ਸਾਹਮਣੇ ਖੜ੍ਹੇ ਹੋਣ ਦੀ ਜੁਅੱਰਤ ਕਰ ਸਕਦਾ, ਜ਼ਰੂਰ ਉਹਦੇ ਅੰਦਰ ਕੋਈ ਵੱਡੀ ਦਲੇਰੀ ਦਾ ਦਮ ਹੈ। ਉਹ ਫਿਰ ਇੱਕ ਦਿਨ ਮੌਕਾ ਪਾ ਪਟਵਾਰੀ ਅੱਗੇ ਹਾੜ੍ਹੇ ਕੱਢਣ ਲੱਗੀ। ਪਟਵਾਰੀ ਨੇ ਆਪਣੇ ਕਾਨੂੰਗੋ ਨਾਲ ਸਲਾਹ ਕੀਤੀ ਜਿਹੜਾ ਉਹਨੂੰ ਬੜੇ ਸਲੀਕੇ ਜਿਹਾ ਨਾਲ ਥੋੜ੍ਹਾ ਬਦਲ ਜਾਣ ਦੀ ਨਸੀਹਤ ਕਰਦਾ ਰਹਿੰਦਾ ਸੀ। ਭਾਵੇਂ ਪਰਦੁਮਨ ਸਿੰਘ ਬਾਰੇ ਜਾਣਦਿਆਂ ਉਹਨੂੰ ਕਦੀ ਉਪਰਲੇ ਹਿੱਸੇ ਬਾਰੇ ਨਹੀਂ ਸੀ ਪੁੱਛਿਆ ਕਿਉਂਕਿ ਸੁਭਾਅ ਪੱਖੋਂ ਉਹ ਵੀ ਸਾਊ ਆਦਮੀ ਸੀ ਪਰ ਸਮਾਜ ਦੇ ਝੁਕਾਅ ਵੱਲ ਥੋੜ੍ਹਾ-ਥੋੜ੍ਹਾ ਰਲ ਜਾਣ ਨੂੰ ਉਹ ਕੁੱਝ ਮਜਬੂਰੀ ਵੱਸ ਠੀਕ ਸਮਝਣ ਲੱਗ ਪਿਆ ਸੀ। ਉਹਨੇ ਵੀ ਇਹੀ ਸਮਝਾਇਆ, ਐਂਵੇਂ ਡਾਅਢੇ ਬੰਦਿਆਂ ਨਾਲ ਹਿੱਕ ਡਾਹੁਣੀ ਕੋਈ ਸਮਝਦਾਰੀ ਵਾਲੀ ਗੱਲ ਨਹੀਂ ਸੀ।

ਪਰ ਪਟਵਾਰੀ ਦਾ ਮਨ ਬੇਚੈਨ ਸੀ। ਉਹ ਦਿਲੋਂ ਹਰ ਹਾਲਤ ਮਾਤਾ ਦੀ ਮੱਦਦ ਕਰਨੀ ਚਾਹੁੰਦਾ ਸੀ। ਅਖ਼ੀਰ ਉਹਨੇ ਮਾਤਾ ਦੀ ਸਹਿਮਤੀ ਨਾਲ ਉਹਨੂੰ ਲੱਗਦੇ ਥਾਣੇ ਲਿਜਾਣ ਦਾ ਬੀੜਾ ਚੁੱਕ ਲਿਆ। ਇੱਥੇ ਥਾਣੇ ਅੰਦਰ ਹੀ ਉਹ ਗੱਲ ਵਾਪਰੀ ਜਿਹੜੀ ਪਟਵਾਰੀ ਦੇ ਅਕੀਦਿਆਂ ਨੂੰ ਹੋਰ ਮਜਬੂਤੀ ਨਾਲ ਪੱਕਿਆਂ ਕਰ ਗਈ। ਪਟਵਾਰੀ ਨੇ ਤਾਂ ਨਹੀਂ, ਪਰ ਥਾਣੇਦਾਰ ਨੇ ਜਾਂਦਿਆਂ ਹੀ ਪਛਾਣ ਲਿਆ, "ਓ ਪਰਦੁਮਨ ਤੂੰ, ਮੈਂ ਤੇਰਾ ਕਲਾਸ ਫ਼ੈਲੋ ਯਾਰ ਗੁਰਦੀਪ।" ਤੇ ਪਟਵਾਰੀ ਦੇ ਧਿਆਨ 'ਚ ਆਉਂਦਿਆਂ ਹੀ ਦੋਨੋਂ ਬਗਲਗੀਰ ਹੋ ਗਏ। ਰਸਮੀ ਗੱਲਬਾਤ ਮਗਰੋਂ ਪਟਵਾਰੀ ਨੇ ਮਾਤਾ ਦੇ ਮੂੰਹੋਂ ਹੀ ਸਾਰੀ ਵਿਥਿਆ ਕਹਾ ਸੁਣਾਈ। ਥਾਣੇਦਾਰ ਨੇ ਸਾਰੀ ਵਾਰਤਾ ਧਿਆਨ ਨਾਲ ਸੁਣੀ ਤੇ ਫਿਰ ਥੋੜ੍ਹਾ ਸੋਚ ਕੇ ਬੋਲਿਆ, "ਮਾਤਾ, ਪੁੱਤ ਤਾਂ ਤੇਰੇ ਬਾਹਲੇ ਡਾਅਢੇ ਆ, ਸਾਰਾ ਇਲਾਕਾ ਜਾਣਦਾ। ਮਸਲਾ ਵੀ ਤੁਹਾਡੇ ਘਰ ਦਾ ਪਰ ਥੋਨੂੰ ਲੈ ਕੇ ਆਇਆ ਮੇਰਾ ਦੋਸਤ ਤੇ ਉਹ ਵੀ ਪਟਵਾਰੀ, ਕੁਝ ਤਾਂ ਕਰਨਾ ਹੀ ਪਊ। ਬਾਕੀ ਮਾਤਾ, ਅਸੀਂ ਤਾਂ ਸਮਝਾ ਹੀ ਸਕਦੇ ਆਂ, ਪਰ ਗੱਲ ਉਹਨਾਂ ਦੇ ਦਿਮਾਗ ਦੇ ਖਾਨੇ ਬੈਠਦੀ ਆ ਕਿ ਨਹੀਂ, ਇਹ ਨਹੀਂ ਜਾਣਦਾ। ਜਿਆਦਾ ਜ਼ੋਰ-ਜਰਬਦਸਤੀ ਦਾ ਕੋਈ ਫ਼ਾਇਦਾ ਨਹੀਂ ਜਾਪਦਾ।

ਥਾਣੇ ਬੁਲਾਉਣ 'ਤੇ ਇੱਕ ਕੁਝ ਸਾਊ ਜਾਪਦਾ ਤੇ ਇੱਕ ਅੜਬ ਭਰਾ ਥਾਣੇ ਪਹੁੰਚ ਗਏ। ਥਾਣੇਦਾਰ ਨੇ ਥੋੜ੍ਹੀ ਨਰਮ ਭਾਸ਼ਾ ਵਿਚ ਸਮਝਾਉਣਾ ਸ਼ੁਰੂ ਕਰ ਦਿੱਤਾ, "ਦੇਖੋ ਬੇਲੀਉ, ਗੱਲ ਤਾਂ ਹੈ ਤੁਹਾਡੇ ਘਰ ਦੀ ਹੀ, ਪਰ ਜ਼ਰਾ ਕੁ ਸੋਚੋ, ਜ਼ਮੀਨ ਤੁਹਾਡੀ, ਤੁਹਾਡੇ ਕੋਲ ਈ ਰਹਿਣੀ ਆ। ਵਿਚਾਰੇ ਸਿਧਰੇ ਨੇ ਕੀ ਮੰਗਣਾ ਤੁਹਾਥੋਂ, ਤੇ ਫਿਰ ਤੁਹਾਨੂੰ ਭੈਅ ਵੀ ਕਾਅਦਾ, ਫਿਰ ਭਰਾ ਤੁਹਾਡਾ, ਮਾਂ ਤੁਹਾਡੀ, ਜੋ ਖੁਸ਼ੀ ਐ ਮੰਨ ਲਵੋ, ਇਹਦੇ ਵਿਚ ਹੀ ਸਭ ਦੀ ਭਲਾਈ ਆ ਤੇ ਮਾਂ ਦੀ ਅਸੀਸ ਵੀ।"

"ਓ ਥਾਣੇਦਾਰ ਸਾਬ, ਹੁਣ ਸਾਡੇ ਬੱਚੇ ਜਵਾਨ ਆ। ਕਿਸੇ ਦਾ ਵਿਆਹ ਕਰਨਾ, ਕਿਸੇ ਨੂੰ ਬਾਹਰ ਭੇਜਣਾ ਤੇ ਬਾਕੀਆਂ ਦੀਆਂ ਵੱਡੀਆਂ ਪੜ੍ਹਾਈਆਂ। ਕੀ ਪਤਾ ਸਾਨੂੰ ਕੋਈ ਭੰਨਤੋੜ ਕਰਨੀ ਪਵੇ, ਕੁੱਝ ਜ਼ਮੀਨ ਵੇਚਣੀ ਪੈ ਜਾਵੇ।" ਛੋਟਾ ਭਰਾ ਜ਼ਰਾ ਕੁ ਤਲਖ਼ੀ ਜਿਹੀ ਵਿੱਚ ਬੋਲਿਆ।

"ਓ ਕਾਹਨੂੰ ਐਵੇਂ ਬੇਮਤਲਬ ਜ਼ਮੀਨਾਂ ਵਿਚ ਧਸੀ ਜਾਨੇ ਓ," ਥਾਣੇਦਾਰ ਨੇ ਥੋੜ੍ਹਾ ਆਪਣਾ ਸੁਰ ਤਿੱਖਾ ਕੀਤਾ, ਜ਼ਮੀਨਾਂ ਦੀ ਥੋਨੂੰ ਕੋਈ ਤੋਟ ਆ, ਓਏ ਭਰਾ ਤੁਹਾਡਾ, ਮਾਂ ਤੁਹਾਡੀ ਤੇ ਜ਼ਮੀਨ ਵੀ ਕਿਤੇ ਭੱਜੀ ਨਹੀਂ ਜਾਂਦੀ। ਮੈਨੂੰ ਤਾਂ ਸਮਝ ਨਹੀਂ ਆਉਂਦੀ ਤੁਹਾਡੀ ਤੇ, ਬਾਕੀ ਜੇ ਘਰ ਵਿਚ ਬੇਵਜ੍ਹਾ ਕੋਈ ਕਲੇਸ਼ ਖੜ੍ਹਾ ਕਰਨਾ, ਮਾਂ ਦੀ ਆਂਦਰ ਲੂਹਣੀ ਐ ਤਾਂ ਤੁਹਾਡੀ ਮਰਜ਼ੀ ਪਰ ਮੈਨੂੰ ਤਾਂ ਇਹ ਧੱਕਾ ਲੱਗਦਾ।"

ਜੋ ਮਰਜ਼ੀ ਹੋਵੇ, ਥਾਣੇ ਤੇ ਥਾਣੇਦਾਰ ਦਾ ਕੁਝ ਤਾਂ ਦਬਦਬਾ ਹੁੰਦਾ ਤੇ ਕਈ ਗੱਲਾਂ ਪਟਵਾਰੀ ਦੇ ਵੱਸ 'ਚ ਵੀ ਹੁੰਦੀਆਂ। ਜੇ ਆਈ ਤੇ ਆ ਜਾਵੇ ਉਹ ਤਾਂ। ਵੱਡੇ ਭਰਾ ਨੇ ਧਾਰ ਲਿਆ ਕਿ ਇਹ ਸੱਚੀਂ ਵਾਧੂ ਦਾ ਪੰਗਾ ਈ ਐ। ਉਹਨੇ ਛੋਟੇ ਭਰਾ ਨੂੰ ਚੁੱਪ ਵੱਟੀ ਰੱਖਣ ਦਾ ਇਸ਼ਾਰਾ ਕੀਤਾ ਤੇ ਮਾਂ ਵੱਲ ਦੇਖਕੇ ਉੱਠ ਖੜ੍ਹਾ ਹੋ ਗਿਆ, "ਚੱਲ ਉੱਠ ਮਾਂ ਘਰ ਚੱਲੀਏ, ਨਹੀਂ ਲਗਾਉਂਦੇ ਤੇਰੇ ਲਾਡਲੇ ਪੁੱਤ ਦਾ ਗੂੰਠਾ, ਐਵੇਂ ਝੂਰਦੀ-ਝੂਰਦੀ ਕਿਤੇ ਅੱਗੇ ਚਾਲੇ ਪਾ ਲਵੇਂ।"

ਤੇ ਗੱਲ ਨੂੰ ਸੱਚੀਂ ਠੱਲ੍ਹ ਪੈ ਗਈ।

ਪਟਵਾਰੀ ਪਰਦੁਮਨ ਸਿੰਘ ਦੀ ਈਮਾਨਦਾਰੀ ਦੀ ਚਰਚਾ ਤਾਂ ਪਹਿਲੋਂ ਹੀ ਸੀ ਪਰ ਉਹਦੀ ਦਲੇਰੀ ਵੀ ਇੱਕ ਮਿਸਾਲ ਬਣ ਗਈ। ਮਹਿਕਮੇ ਨੇ ਉਹਦੀ ਕਾਰਗੁਜ਼ਾਰੀ ਦੇਖਦਿਆਂ ਉਹਨੂੰ ਸਾਈਕਲ ਇਨਾਮ ਵਜੋਂ ਦਿੱਤਾ ਜਿਹੜਾ ਉਸਨੇ ਚਲਾਇਆ ਤਾਂ ਘੱਟ ਪਰ ਆਪਣੇ ਕਮਰੇ ਵਿਚ ਹਮੇਸ਼ਾਂ ਉਹਦੀ ਸਾਫ਼-ਸਫ਼ਾਈ ਦਾ ਧਿਆਨ ਰੱਖਦਿਆਂ ਨਿਆਮਤ ਵਾਂਗ ਸਜਾ ਕੇ ਰੱਖ ਲਿਆ।

ਰਿਟਾਇਰਮੈਂਟ ਮਗਰੋਂ ਕੁਝ ਸਰਕਾਰੀ ਪੈਸਾ ਮਿਲਿਆ ਪਰ ਤਦ ਤੱਕ ਵੱਡੀ ਕੁੜੀ ਸਤਾਈਵੇਂ ਸਾਲ ਨੂੰ ਢੁੱਕ ਚੁੱਕੀ ਸੀ, ਉਸ ਤੋਂ ਛੋਟੀ ਵੀ ਵਿਆਹੁਣਯੋਗ ਸੀ ਤੇ ਮੁੰਡਾ ਬੀ. ਐਸ.ਸੀ. ਕਰ ਰਿਹਾ ਸੀ। ਕੁਝ ਪੈਸਾ ਇੱਕ-ਦੋ ਕਮਰੇ ਪਾਉਣ ਤੇ ਘਰ ਦੀ ਥੋੜ੍ਹੀ ਬਿਹਤਰ ਦਿੱਖ ਵਾਸਤੇ ਖ਼ਰਚ ਹੋ ਗਿਆ ਤੇ ਬਾਕੀ ਧੀਆਂ ਦੇ ਵਿਆਹਾਂ ਵਾਸਤੇ ਸਾਂਭ ਲਿਆ। ਘਰ ਦਾ ਗੁਜ਼ਾਰਾ ਹੁਣ ਪੈਨਸ਼ਨ ਦੇ ਸਹਾਰੇ ਹੀ ਸੀ।

ਪਰਦੁਮਨ ਸਿੰਘ ਜਦੋਂ ਆਪਣੀ ਤੁਲਨਾ ਆਰਥਿਕਤਾ ਦੀ ਤੱਕੜੀ 'ਤੇ ਕਰਦਾ ਤਾਂ ਉਹਦੇ ਨਾਲ ਦੇ ਸਾਥੀ ਉਸ ਤੋਂ ਕਈ ਗੁਣਾ ਬਿਹਤਰ ਸ਼ਾਨੋ-ਸ਼ੌਕਤ ਦੇ ਮਾਲਕ ਹੋ ਗਏ ਸਨ। ਵਧੀਆਂ ਕੋਠੀਆਂ-ਕਾਰਾਂ ਅਤੇ ਅਗਲੇਰੀ ਜ਼ਿੰਦਗੀ ਵਾਸਤੇ ਚੰਗੀ-ਚੋਖ਼ੀ ਬੱਚਤ। ਇਹ ਸੋਚਦਿਆਂ ਉਹਦੇ ਅੰਦਰ ਇੱਕ ਖ਼ੌਫ਼ਮਈ ਬੇਚੈਨੀ ਤੈਰ ਜਾਂਦੀ ਪਰ ਫਿਰ ਆਪਣੀ ਦਿਆਨਤਦਾਰੀ, ਮਿਹਨਤ ਭਰੀ ਜ਼ਿੰਦਗੀ ਅਤੇ ਈਮਾਨਦਾਰੀ ਦੀ ਸੁੱਚਤਾ ਅੱਗੇ ਉਹ ਇਸ ਬੇਚੈਨੀ ਨੂੰ ਝਟਕ ਕੇ ਰੱਖ ਦਿੰਦਾ।

ਘਰ ਇੱਕ ਮੱਠੀ ਤੋਰ ਦੇ ਚੱਕਰਵਿਊ ਦਾ ਸ਼ਿਕਾਰ ਹੋ ਰਿਹਾ ਸੀ। ਉੱਧਰ ਵੱਡੀ ਕੁੜੀ ਦੀ ਮੰਗਣੀ ਹੋ ਗਈ ਤੇ ਵਿਆਹ ਵੀ ਜਲਦੀ ਹੀ ਮਿੱਥ ਲਿਆ ਗਿਆ। ਬਰਾਤੀ ਰੋਟੀ ਤੋਂ ਪਹਿਲਾਂ ਦੇ ਖਾਣ-ਪੀਣ ਵਿੱਚ ਰੁੱਝੇ ਹੋਏ ਸਨ। ਪਰਦੁਮਨ ਸਿੰਘ ਆਪ ਵਾਧ-ਘਾਟ ਦੀ ਨਿਗਰਾਨੀ ਕਰ ਰਿਹਾ ਸੀ। ਇੱਕ ਟੇਬਲ ਲਾਈ ਮੁੰਡੇ ਵਾਲਿਆਂ ਦੇ ਜਵਾਈ ਤੇ ਇੱਕ-ਦੋ ਹੋਰ ਜਣੇ ਦਾਰੂ ਦੀ ਮਹਿਫ਼ਲ ਜਮਾਈ ਬੈਠੇ ਸਨ। ਪਰਦੁਮਨ ਸਿੰਘ ਉਹਨਾਂ ਦੇ ਨੇੜੇ ਹੀ ਖੜ੍ਹਾ ਸੀ। ਮੁੰਡੇ ਵਾਲਿਆਂ ਦੇ ਜਵਾਈ ਨੇ ਜਾਣ-ਬੁੱਝ ਕੇ ਪਰਦੁਮਨਨ ਸਿੰਘ ਨੂੰ ਸੁਨਾਉਣ ਖ਼ਾਤਿਰ ਉੱਚੀ ਵਿੱਚ ਗੱਲ ਉਡਾਈ, "ਬਈ ਸੁਣਿਆਂ ਤਾਂ ਬਹਤ ਤੀ ਯਾਰ-ਅਖੇ ਕੁੜੀ ਦਾ ਬਾਪ ਪਟਵਾਰੀ, ਪਰ ਲੱਗਦਾ ਸਾਰੀ ਉੱਪਰ ਦੀ ਕਮਾਈ ਜਮ੍ਹਾਂ ਈ ਕੀਤੀ ਆ, ਇੱਥੇ ਤਾਂ ਸੋਕਾ ਈ ਜਾਪਦਾ, ਅਸੀਂ ਤਾਂ ਦਾਰੂ ਵੀ ਪੱਲਿਉਂ ਪੀ ਰਹੇ ਆਂ।"

ਸੁਣਕੇ ਪਰਦੁਮਨ ਸਿੰਘ ਦੇ ਪੈਰਾਂ ਹੇਠੋਂ ਜਿਵੇਂ ਧਰਤੀ ਖਿਸਕ ਗਈ ਪਰ ਜ਼ਰਾ ਕੁ ਸੰਭਲ ਕੇ ਇਹ ਜਾਣਦਿਆਂ ਕਿ ਮੁੰਡਾ, ਮੁੰਡੇ ਵਾਲਿਆਂ ਦਾ ਜਵਾਈ ਸੀ, ਉਸ ਬੜੀ ਹਲੀਮੀ ਨਾਲ ਗੱਲ ਦਾ ਮੋੜਾ ਦਿੱਤਾ, "ਸਾਹਬ ਜੀ, ਮੇਰਾ ਰੱਬ ਜਾਣਦਾ, ਮੈਂ ਤਾਂ ਸਾਰੀ ਉਮਰ ਕਿਸੇ ਤੋਂ ਇੱਕ ਦੁੱਕੀ ਦੀ ਰਿਸ਼ਵਤ ਨਹੀਂ ਲਈ।"

"ਓ ਅਸੀਂ ਭੁੱਲੇ ਆਂ ਕਿਤੇ, ਪਹਿਲਾਂ ਨੋਟਾਂ ਦੇ ਥੱਬੇ ਲੈ ਲੋ, ਮਗਰੋਂ ਸਾਧੂ ਬਣ ਜਾਂਦੇ ਆ। ਉਦਾਂ ਈ ਕਈਆਂ ਨੂੰ ਜਦੋਂ ਲੈ ਲੈ ਝੋਲੇ ਭਰਨ ਦੀ ਆਦਤ ਪੈ ਜਾਂਦੀ ਆ ਤਾਂ ਹੱਥੋਂ ਗੁਆਉਣਾ ਬੜਾ ਔਖਾ ਜਾਪਦਾ।" ਨਾਲ ਦਿਆਂ ਮੌਕੇ ਦੀ ਨਜ਼ਾਕਤ ਦੇਖ ਮੁੰਡੇ ਵਾਲਿਆਂ ਦੇ ਜਵਾਈ ਨੂੰ ਚੁੱਪ ਤਾਂ ਕਰਾ ਦਿੱਤਾ ਪਰ ਪਰਦੁਮਨ ਸਿੰਘ ਨੂੰ ਇੱਦਾਂ ਜਾਪਿਆ ਜਿਵੇਂ ਅੱਜ ਕਿਸੇ ਨੇ ਉਹਦੀ ਮਾਣਮੱਤੀ ਪੱਗ ਪੈਰਾਂ ਹੇਠ ਲਿਤਾੜ ਉਹਦੇ ਮੂੰਹ 'ਤੇ ਕਾਲਖ਼ ਪੋਤ ਦਿੱਤੀ ਹੋਵੇ।

ਡੋਲੀ ਤੋਂ ਮਗਰੋਂ ਆਪਣੇ ਕਮਰੇ ਵਿੱਚ ਇਕੱਲਿਆਂ ਆਪਣੇ ਇਨਾਮੀ ਸਾਈਕਲ ਦੀ ਕਾਠੀ 'ਤੇ ਸਿਰ ਸੁੱਟ ਉਹ ਭੁੱਬੀਂ ਰੋ ਪਿਆ।

ਵਿਆਹ 'ਤੇ ਜੋ ਖ਼ਰਚਾ ਹੁੰਦਾ ਉਹ ਤਾਂ ਆਮ ਤੌਰ 'ਤੇ ਕਿਆਸ ਤੋਂ ਵਧ ਹੀ ਜਾਂਦਾ ਹੈ ਪਰ ਵਿਆਹ ਤੋਂ ਮਗਰੋਂ ਵੀ ਕੁਝ ਦੇਰ ਵਿਹਾਰੀ ਖ਼ਰਚੇ ਆਮ ਬੰਦਾ ਦਾ ਦਮ ਨੱਕ ਵਿਚ ਕਰੀ ਰੱਖਦੇ ਨੇ। ਛੋਟੀ ਕੁੜੀ ਦੇ ਕਾਰਜ ਵਾਸਤੇ ਅੰਦਾਜਨ ਜੋ ਬੱਚਤ ਕੀਤੀ ਸੀ, ਉਹਦੇ ਵਿੱਚ ਵੀ ਚੋਰ ਮੋਰੀ ਲੱਗ ਗਈ ਸੀ। ਮੁੰਡੇ ਦੀ ਪੜ੍ਹਾਈ ਤਾਂ ਹੋ ਗਈ ਪਰ ਉਹ ਵੀ ਚੰਗੀ ਨੌਕਰੀ ਲਈ ਭਟਕ ਰਿਹਾ ਸੀ। ਇੱਕ ਛੋਟੇ ਜਿਹੇ ਸਕੂਲ ਵਿਚ ਮਿਲੀ ਨੌਕਰੀ ਉਹਦੇ ਹੀ ਖ਼ਰਚੇ ਪੂਰੇ ਨਹੀਂ ਸੀ ਕਰ ਰਹੀ। ਪਰਦੁਮਨ ਸਿੰਘ ਦੀ ਪੈਨਸ਼ਨ ਘਰ ਨੂੰ ਤੋਰਨ ਲਈ ਛੋਟੀ ਹੁੰਦੀ ਜਾਂਦੀ ਸੀ।

ਕੁੜੀਆਂ ਦੇ ਕਾਰਜਾਂ ਦੀਆਂ ਚਿੰਤਾਵਾਂ, ਮੁੰਡੇ ਦੀ ਅਸਫ਼ਲਤਾ ਤੇ ਲਗਾਤਾਰ ਵਧਦੀ ਮਹਿੰਗਾਈ ਦੀ ਮਾਰ, ਪਰਦੁਮਨ ਸਿੰਘ ਦੇ ਅੰਦਰੋਂ ਕੁੱਝ ਟੁੱਟਣਾ ਸ਼ੁਰੂ ਹੋ ਗਿਆ। ਹੌਲੀ-ਹੌਲੀ ਉਹਨੂੰ ਆਪ ਹੀ ਆਪਣੀ ਈਮਾਨਦਾਰੀ ਦਾ ਟਿੱਕਾ ਇੱਕ ਦਾਗ਼ ਵਿੱਚ ਬਦਲਦਾ ਮਹਿਸੂਸ ਹੋਣ ਲੱਗ ਪਿਆ। ਹਾਰ-ਹੁੱਟ ਕੇ ਆਪਣੇ ਪੁਰਾਣੇ ਬੇਲੀ ਕੋਲ ਆਪਣੇ ਦਰਦ ਦਾ ਸਾਰਾ ਗ਼ੁਬਾਰ ਕੱਢ ਵਿਖਾਇਆ।

"ਮੈਂ ਤਾਂ ਪਰਦੁਮਨ ਤੈਨੂੰ ਪਹਿਲਾਂ ਹੀ ਕਹਿੰਦਾ ਸੀ ਕਿ ਜ਼ਿੱਦ ਨਾ ਕਰ, ਕੁਝ ਨਾ ਕੁਝ ਸਮਾਜ ਦੇ ਰਵੱਈਏ ਨਾਲ ਤੁਰਨਾ ਸਿੱਖ। ਤੇਰੀ ਸੋਚ ਮਾੜੀ ਨਹੀਂ ਸੀ ਪਰ ਹੁਣ ਤੇਰਾ ਪਰਿਵਾਰ ਤਾਂ ਭੁਗਤ ਹੀ ਰਿਹਾ ਨਾ। ਤੇਰੇ ਵਿੱਚ ਸਹਿਣ ਦੀ ਤਾਕਤ ਸੀ, ਤੂੰ ਕੀ ਸੋਚਦਾਂ, ਅੱਗੋਂ ਸਾਡੇ ਬੱਚੇ ਇਸ ਨਿੱਘਰੇ ਸਮਾਜ ਵਿੱਚ ਤੇਰੀ ਸੋਚ ਤੇ ਪਹਿਰਾ ਦੇ ਸਕਣਗੇ?"

"ਇਹੀ ਸੋਚ-ਸੋਚ ਤਾਂ ਮੈਂ ਡੋਲ ਗਿਆ ਤੇ ਆਪਣੇ ਦਿਲ ਦਾ ਦਰਦ ਤੁਹਾਡੇ ਨਾਲ ਸਾਂਝਾ ਕੀਤਾ। ਤੁਸੀਂ ਤਾਂ ਪਹਿਲਾਂ ਵੀ ਠੀਕ ਹੀ ਕਹਿੰਦੇ ਸੀ।" ਪਰਦੁਮਨ ਸਿੰਘ ਨੇ ਬੜੀ ਢਹਿੰਦੀ ਅਵਾਜ਼ ਵਿਚ ਚਾਹੀ ਅਣਚਾਹੀ ਜਿਹੀ ਸਹਿਮਤੀ ਜਿਹੀ ਪ੍ਰਗਟਾ ਦਿੱਤੀ।

"ਚੱਲ ਤੂੰ ਬਹੁਤੀ ਚਿੰਤਾ ਨਾ ਕਰ, ਹੈ ਮੇਰੀ ਕਈ ਪਹੁੰਚ ਰੱਖਦੇ ਬੰਦਿਆਂ ਨਾਲ ਗੱਲਬਾਤ। ਕਰਦੇ ਆ ਕੋਈ ਢਾਹ-ਭੰਨ, ਸ਼ਾਇਦ ਕੋਈ ਗੱਲ ਬਣ ਹੀ ਜਾਵੇ।"

ਤੇ ਫਿਰ ਉਹਦੇ ਦੋਸਤ ਨੇ ਮਨੋਂ ਪਰਦੁਮਨ ਸਿੰਘ ਦੀ ਫ਼ਿਕਰਮੰਦੀ ਦੂਰ ਕਰਨ ਦੀ ਕੋਸ਼ਿਸ਼ ਕਰ ਦਿੱਤੀ। ਇੱਕ ਦਿਨ ਪਰਦੁਮਨ ਸਿੰਘ ਨੂੰ ਕੋਲ ਬੁਲਾ ਕੇ ਉਹਨੇ ਇੱਕ ਇੰਟਰਵਿਊ ਵਾਸਤੇ ਜਗ੍ਹਾ ਤੇ ਤਾਰੀਖ਼ ਦੱਸਦਿਆਂ ਮੁੰਡੇ ਨੂੰ ਭੇਜਣ ਦੀ ਨਸੀਹਤ ਦਿੱਤੀ, "ਦੇਖ ਵੀਰ ਮੇਰਿਆ, ਹੁਣ ਕਿਸੇ ਭਰਮ-ਜਾਲ ਵਿਚ ਨਾ ਫਸ ਜਾਵੀਂ। ਆਹ ਫੜ ਲਿਫ਼ਾਫਾ, ਇਹ ਵਿੱਚ ਇਕ ਪਹੁੰਚੇ ਤੇ ਘਾਗ ਅਫ਼ਸਰ ਦੀ ਸਲਿੱਪ ਆ। ਮੁੰਡੇ ਨੂੰ ਕਹੀਂ ਕਿ ਚੁੱਪ ਕਰਕੇ ਇੰਟਰਵਿਊ ਹਾਲ ਦੇ ਬਾਹਰ ਖੜ੍ਹੇ ਚਪੜਾਸੀ ਨੂੰ ਇਹ ਸਲਿੱਪ ਪਹੁੰਚਦੀ ਕਰ ਦੇਵੇ। ਰੱਬ ਸੁੱਖ ਰੱਖੇ, ਮੁੰਡੇ ਦਾ ਕੰਮ ਬਣ ਜਾਊ। ਜਿਆਦਾ ਤਾਂ ਨਹੀਂ, ਇਹ ਸਰਕਾਰੀ ਨੌਕਰੀ ਤੇਰੇ ਮੁੰਡੇ ਦੀ ਟੁੱਚੀ ਜਿਹੀ ਨੌਕਰੀ ਤੋਂ ਕਿਤੇ ਚੰਗੀ ਰਹਿ ਜਾਊ।" ਬੜੇ ਅਣਮੰਨੇ ਜਿਹੇ ਮਨ ਨਾਲ ਉਸ ਲਿਫ਼ਾਫਾ ਫੜਿਆ ਤੇ ਘਰ ਆ ਕੇ ਮੁੰਡੇ ਨੂੰ ਦਿੰਦਿਆਂ ਸਾਰੀ ਗੱਲ ਸਮਝਾ ਦਿੱਤੀ।

ਉਸ ਦਿਨ ਜਦੋਂ ਉਹ ਆਪਣੇ ਕਮਰੇ ਵਿੱਚ ਵੜਿਆ, ਉਦੋਂ ਉਹਨੂੰ ਜਾਪਿਆ ਉਹਦੇ ਇਨਾਮੀ ਸਾਈਕਲ 'ਤੇ ਕਾਫੀ ਧੂੜ ਜੰਮ ਗਈ ਹੈ ਪਰ ਹੋਰਨਾਂ ਦਿਨਾਂ ਦੇ ਵਾਂਗੂ ਉਹਦੀ ਧੂੜ ਸਾਫ਼ ਕਰਨ ਦੀ ਉਸ ਦਿਨ ਹਿੰਮਤ ਹੀ ਨਾ ਪਈ।

ਮੁੰਡਾ ਜਿਸ ਜਗ੍ਹਾ ਗਿਆ, ਬਾਹਰ ਬਰਾਮਦੇ ਵਿੱਚ ਉਹਦੇ ਜਿਹੇ ਕਈ ਮੁੰਡਿਆਂ ਦੀ ਭੀੜ ਜਮ੍ਹਾਂ ਸੀ। ਸਾਰੇ ਕਈ ਤਰ੍ਹਾਂ ਦੀ ਘੁਸਰ-ਮੁਸਰ ਕਰ ਰਹੇ ਸਨ। ਕਈ ਅਮੀਰਜ਼ਾਦੇ ਜਾਪਦੇ ਮੁੰਡੇ ਸ਼ੇਖ਼ੀਆਂ ਮਾਰ ਰਹੇ ਸਨ ਕਿ ਉਹਨਾਂ ਦੀ ਨੌਕਰੀ ਤਾਂ ਪੱਕੀ ਹੀ ਹੈ। ਉਹਨਾਂ ਦੀ ਤਾਂ ਸਿਫ਼ਾਰਸ਼ ਹੀ ਬਹੁਤ ਤਗੜੀ ਐ। ਪਰਦੁਮਨ ਸਿੰਘ ਦੇ ਮੁੰਡੇ ਨੇ ਦੇਖਿਆ ਕਿ ਇੰਟਰਵਿਊ ਦਾ ਵਕਤ ਸ਼ੁਰੂ ਹੋ ਚੁੱਕਾ ਸੀ ਪਰ ਬਹੁਤ ਘੱਟ ਬਾਹਰ ਖੜ੍ਹੇ ਮੁੰਡਿਆਂ ਨੂੰ ਅਵਾਜ਼ ਪਈ ਸੀ। ਕਈ ਮੁੰਡੇ ਕਿਸੇ ਖ਼ਾਸ ਵਿਅਕਤੀ ਨੂੰ ਲੈ ਕੇ ਸਿੱਧੇ ਅੰਦਰ ਪਹੁੰਚ ਰਹੇ ਸਨ।

ਮਾੜੇ-ਧੀੜੇ ਘਰਾਂ ਦੇ ਮੁੰਡੇ ਬਾਵਜੂਦ ਆਪਣੇ ਵਧੀਆ ਨੰਬਰਾਂ ਦੇ ਵੀ ਘਬਰਾਹਟ ਵਿਚ ਸਨ। ਇੱਕ ਮੁੰਡਾ ਜਿਵੇਂ ਬੁੜਬੁੜਾ ਰਿਹਾ ਸੀ, "ਸੀਟਾਂ ਤਾਂ ਥੋੜ੍ਹੀਆਂ ਈ ਆਂ, ਸਿਫ਼ਾਰਸ਼ੀ ਅੰਦਰ ਜਾਈ ਜਾ ਰਹੇ ਆ, ਲੱਗਦਾ ਨੀ ਸਾਡੀ ਇੱਥੇ ਵੀ ਵਾਰੀ ਆਵੇ।" ਉਹੋ ਜਿਹੇ ਦੂਸਰੇ ਮੁੰਡੇ ਵੀ ਇਸ ਮੁੰਡੇ ਦੀ ਗੱਲ ਭਲੀ-ਭਾਂਤ ਸਮਝ ਰਹੇ ਸਨ। ਜਿਉਂ-ਜਿਉਂ ਵਕਤ ਬੀਤਿਆ, ਮਾੜੇ-ਧੀੜੇ ਬੱਚਿਆਂ 'ਤੇ ਭੈ-ਯੁਕਤ ਪਿਲੱਤਣ ਸਾਫ਼ ਦਿਸਣ ਲੱਗ ਪਈ ਸੀ। ਪਰਦੁਮਨ ਸਿੰਘ ਦੇ ਮੁੰਡੇ ਵਿਚ ਪਤਾ ਨਹੀਂ ਕਿਉਂ ਵਿਚਾਰਾਂ ਦਾ ਕੋਈ ਘਮਸਾਣ ਜਿਹਾ ਚੱਲ ਪਿਆ ਤੇ ਆਪਣੇ ਵਰਗੇ ਸਾਥੀਆਂ ਦਾ ਡਿੱਗਦਾ ਹੌਂਸਲਾ ਦੇਖ ਉਹਦੀ ਸਲਿੱਪ ਚਪੜਾਸੀ ਤੱਕ ਪਹੁੰਚਾਉਣ ਦੀ ਹਿੰਮਤ ਹੀ ਨਾ ਪਈ।

ਉਹ ਉੱਥੋਂ ਉੱਦਾਂ ਹੀ ਪਰਤ ਆਇਆ ਤੇ ਫਿਰ ਰਾਤ ਪਈ ਘਰ ਪਹੁੰਚਿਆ।

ਪਿਉ-ਪੁੱਤਰ ਦਾ ਸਾਮ੍ਹਣਾ ਹੁੰਦਿਆਂ ਹੀ ਪਿਉ ਨੇ ਪੁੱਛਿਆ, "ਕਿਵੇਂ ਰਿਹਾ ਫਿਰ, ਹੋ ਗਿਆ ਸਭ ਠੀਕ ਠਾਕ?" ਮੁੰਡਾ ਚੁੱਪ ਰਿਹਾ ਤੇ ਮੂੰਹ ਦੂਜੇ ਪਾਸੇ ਫੇਰ ਲਿਆ।

"ਮੈਂ ਕੀ ਪੁੱਛਿਆ ....?" ਮੁੰਡੇ ਦੀ ਚੁੱਪ 'ਤੇ ਪਰਦੁਮਨ ਸਿੰਘ ਨੇ ਕਚੀਚੀ ਜਿਹੀ ਚੜ੍ਹੀ।

"ਨਹੀਂ ਦੇ ਸਕਿਆ ਮੈਂ ਕਿਸੇ ਨੂੰ ਸਲਿੱਪ।"

ਜਵਾਬ ਸੁਣ ਪਰਦੁਮਨ ਦੀ ਜਿਵੇਂ ਹੇਠਲੀ ਉੱਤੇ ਹੋ ਗਈ। ਮੂੰਹ ਮੋੜਦੇ ਮੁੰਡੇ ਦਾ ਮੋਢਾ ਫੜ ਉਸ ਉਹਦਾ ਮੂੰਹ ਆਪਣੇ ਵੱਲ ਕਰ ਲਿਆ।

"ਉਏ ਕੀ ਹੋ ਗਿਆ ਤੇਰੀ ਮੱਤ ਨੂੰ, ਮੈਂ ਤਾਂ ਆਪਣਾ ਜ਼ਮੀਰ ਮਾਰ ਕੇ ਇਹ ਅੱਕ ਚੱਬਿਆ ਸੀ, ਆਹ ਸਿਲਾ ਦਿੱਤਾ ਮੈਨੂੰ!" ਪਰਦੁਮਨ ਸਿੰਘ ਦਾ ਸਾਰਾ ਵਜੂਦ ਮੱਚ ਉੱਠਿਆ।

"ਪਰ ਮੇਰਾ ਜ਼ਮੀਰ ਤਾਂ ਨਹੀਂ ਮਰਿਆ ਅਜੇ, ਮੇਰੀ ਆਪਣੀ ਜ਼ਿੰਦਗੀ ਐ, ਜੀ ਲੂੰਗਾ ਮੈਂ ਆਪਣੇ ਤਰੀਕੇ ਨਾਲ।" ਮਰੇ ਹੋਏ ਪਰਦੁਮਨ ਸਿੰਘ 'ਤੇ ਜਿਵੇਂ ਕਿਸੇ ਨੇ ਪੈਟਰੋਲ ਛਿੜਕ ਦਿੱਤਾ। ਮੁੰਡੇ ਦੀ ਕਮੀਜ਼ ਨੂੰ ਕਾਲਰ ਤੋਂ ਪਕੜ ਉਹ ਉਹਨੂੰ ਬੁਰੀ ਤਰ੍ਹਾਂ ਪੂਰੀ ਤਾਕਤ ਨਾਲ ਝੰਜੋੜਦਾ ਕਲਪਿਆ,"ਤੇਰੀ ਜ਼ਿੰਦਗੀ ਆ..... ਸਿਰਫ਼ ਤੇਰੀ ਜ਼ਿੰਦਗੀ...... ਬਾਕੀ ਸਭ ਮਰ ਗਏ ਤੇਰੇ ਵਾਸਤੇ......।" ਮੁੰਡੇ ਦੀ ਕਮੀਜ਼ ਦੇ ਬਟਨ ਟੁੱਟ ਗਏ ਤੇ ਘਰ

## ਮਜ਼ਦੂਰਾਂ ਦੀ ਹੜਤਾਲ਼ / ਸੰਨੀ ਧਾਲੀਵਾਲ



ਮੈਂ ਕਵੀਆਂ ਦੀ ਮਹਿਫਲ ਵਿਚ ਗਿਆ
ਵੱਡੀਆਂ ਸ਼ੋਹਰਤਾਂ ਵਾਲ਼ੇ
ਭਾਰੀਆਂ ਭਾਰੀਆਂ ਡਿਗਰੀਆਂ
ਵਾਲੇ ਕਵੀ
ਉੱਥੇ ਪਹੁੰਚੇ ਹੋਏ ਸਨ
ਫੈਕਟਰੀਆਂ ਦੇ ਮਜ਼ਦੂਰਾਂ ਦੀ
ਗੱਲ ਚੱਲ ਰਹੀ ਸੀ
ਉਹਨਾਂ ਦੀ ਹੜਤਾਲ਼ ਤੇ ਚਰਚਾ ਹੋਈ
ਫੈਸਲਾ ਹੋਇਆ ਕਿ
ਮੈਂ ਆਪਣੀ ਕਵਿਤਾ,
'ਮਜ਼ਦੂਰਾਂ ਦੇ ਹੱਕ ਏਥੇ ਰੱਖ '
ਮਜ਼ਦੂਰਾਂ ਅੱਗੇ ਪੇਸ਼ ਕਰਾਂ
ਸਾਰਿਆਂ ਨੇ ਕਿਹਾ,
'ਤੇਰੀ ਇਹ ਕਵਿਤਾ ਕਮਾਲ ਦੀ ਹੈ
ਮਜ਼ਦੂਰਾਂ ਦੇ ਹੱਕਾਂ ਦੀ ਗੱਲ ਕਰਦੀ ਹੈ
ਉਹਨਾਂ ਦੇ ਦੁੱਖੜੇ ਰੋਂਦੀ ਹੈ
ਅਸ਼-ਅਸ਼ ਕਰਾਉਂਦੀ ਹੈ
ਤੂੰ ਇਸ ਕਵਿਤਾ ਰਾਹੀਂ
ਉਹਨਾਂ ਨੂੰ ਜਾਗ੍ਰਿਤ ਕਰ
ਸੇਧ ਦੇਹ, ਐਜੂਕੇਟ ਕਰ'

ਮੈ ਬਹੁਤ ਖੁਸ਼ ਸੀ
ਮੈਨੂੰ ਕਵਿਤਾ ਪੜ੍ਹਨ ਲਈ
ਏਨਾ ਵੱਡਾ ਇਕੱਠ ਮਿਲਿਆ ਹੈ
ਇਹ ਮੇਰੀ 'ਮਸ਼ਹੂਰੀ' ਦੀ
ਪਹਿਲੀ ਪੌੜੀ ਹੋਵੇਗੀ

ਉਸ ਦਿਨ ਗਰਮੀ ਪੂਰੇ ਜੋਰਾਂ ਤੇ ਸੀ
'ਸੰਨੀ ਡੇਅ' ਸੀ ਠਾਠਾਂ ਮਾਰਦਾ ਇਕੱਠ
ਤਾੜੀਆਂ ਨਾਲ਼ ਅਸਮਾਨ ਗੂੰਜ ਉੱਠਿਆ
ਮਜ਼ਦੂਰ
ਕਵਿਤਾ ਬੜੇ ਧਿਆਨ
ਨਾਲ਼ ਸੁਣ ਰਹੇ ਸਨ
ਕੁਝ ਮਿੰਟਾਂ ਬਾਅਦ
ਕਾਨਾਫੂਸੀ ਹੋਣ ਲੱਗੀ
ਫਿਰ ਘੁਸਰ-ਮੁਸਰ ਤੇ ਆਵਾਜ਼ਾਂ
ਉੱਚੀਆਂ ਹੋਣ ਲੱਗੀਆਂ
ਤੂੰ-ਤੂੰ-ਮੈਂ-ਮੈਂ ਹੋਣ ਲੱਗੀ
ਫਿਰ ਮਜ਼ਦੂਰਾਂ ਨੇ
ਸੁੱਕੀਆਂ ਰੋਟੀਆਂ ਵਾਲ਼ੇ ਪੋਣੇ ਖੋਲ੍ਹੇ
ਅਚਾਰ ਤੇ ਗੰਢੇ ਕੱਢ ਕੇ
ਮੇਰੇ ਉੱਤੇ ਸੁੱਟਣੇ ਸ਼ੁਰੂ ਕਰ ਦਿੱਤੇ
ਬੋਲੇ,'ਸਾਨੂੰ ਨਹੀਂ ਪਤਾ
ਇਹ ਕਹੀਣ, ਮਹੀਣ ,ਟਵੀਨ, ਲਵੀਨ,
ਪਰੀਨ ਕੀ ਹੁੰਦਾ ਹੈ ?
ਤੂੰ ਸਾਡੀ ਬੋਲੀ ਵਿਚ ਗੱਲ ਕਰ
ਸਾਨੂੰ ਤੇਰੀ ਇਹ ਚਾਦਰਾਂ,
ਰਜਾਈਆਂ ਵਿੱਚ ਲਪੇਟੀ
ਕਵਿਤਾ ਸਮਝ ਨਹੀਂ ਆਉਂਦੀ'
ਮੈਂ ਮਸਾਂ ਆਪਣੀ ਏ.ਸੀ ਕਾਰ ਤੇ
ਜਾਨ ਬਚਾ ਕੇ ਭੱਜਿਆ
ਤੇ ਕਵੀਆਂ ਦੀ ਮਹਿਫਲ ਵਿਚ ਪਹੁੰਚਿਆ
ਕਵੀਆਂ ਨੇ ਪੁੱਛਿਆ, ਕੀ ਗੱਲ ਹੈ ?
ਬੜਾ ਘਬਰਾਇਆ ਹੋਇਆ ਹੈਂ!
ਜਦੋਂ ਮੈ ਸਭ ਦੱਸਿਆ
ਸਾਰੇ ਕਵੀ ਇਕੱਠੇ ਹੀ ਬੋਲੇ,
ਸਾਲੇ! ਅਨਪੜ੍ਹ ਮਜ਼ਦੂਰ
ਬੇਅਕਲੇ! ਅਛੂਤ!
ਕੰਮੀ! ਘਟੀਆ ਜਾਤ!
ਗਵਾਰ! ਅਕਲੋਂ ਖਾਲੀ!
ਬੇਸਮਝ! ਉੱਲੂ!

ਅਗਲੀ ਕਾਰਵਾਈ ਹੋਈ
ਸਾਰੇ ਕਵੀਆਂ ਨੇ ਸਹਿਮਤੀ ਨਾਲ
'ਵਰਲ਼ਡ ਪੰਜਾਬੀ
ਕਾਨਫਰੰਸ' ਕਰਾਉਣ ਦਾ
ਮਤਾ ਪਾਸ ਕੀਤਾ ਕੁਝ ਕਿਤਾਬਾਂ ਦੀ
ਘੁੰਡ ਚੁਕਾਈ ਹੋਈ, ਵਸਤਰ ਲਾਹੇ
ਕਰਾਰੇ ਕਰਾਰੇ ਚਿਕਨ ਨਾਲ
ਸਕਾਚ ਤੇ ਜਾਨੀ ਵਾਕਰ ਦੇ
ਦੋ-ਦੋ ਪੈੱਗ ਲਾਏ ਨੱਢੀਆਂ ਨੂੰ
ਦਿਲ ਦਾ ਮਾਸ ਖੁਆਇਆ
ਸਾਰੇ ਕਵੀ ਆਪਣੀਆਂ
ਏ.ਸੀ. ਕਾਰਾਂ ਤੇ
ਆਪੋ-ਆਪਣੇ ਘਰੀਂ ਜਾ ਵੜੇ ।

ਵਿੱਚ ਇਸ ਬਵਾਲ ਨੇ ਇੱਕ ਚੁੱਪ ਪਸਾਰ ਦਿੱਤੀ। ਉਸ ਦਿਨ ਪਤਾ ਨਹੀਂ ਕਿਸੇ ਰੋਟੀ ਖਾਧੀ ਵੀ ਕਿ ਨਾ।

ਪਰਿਵਾਰ ਦੇ ਬਾਕੀ ਮੈਂਬਰ ਦੁਬਕ ਕੇ ਅੰਦਰ ਜਾ ਵੜੇ। ਮੁੰਡਾ ਬਾਹਰ ਇਕ ਮੰਜੇ 'ਤੇ ਬੈਠ ਗਿਆ ਤੇ ਪਰਦੁਮਨ ਪਰੇ ਦੂਸਰੇ ਮੰਜੇ 'ਤੇ ਬੱਸ ਢੇਰੀ ਹੀ ਹੋ ਗਿਆ।

ਕਿੰਨੀ ਦੇਰ ਉਹਦੇ ਅੰਦਰ ਕਈ ਝੱਖੜ ਝੁੱਲਦੇ ਰਹੇ, ਕਿੰਨੀ ਦੇਰ ਉਹਦੇ ਅੰਦਰ ਟੁੱਟ-ਭੱਜ ਮੱਚੀ ਰਹੀ। ਉਹ ਉਸਲਵੱਟੇ ਮਾਰਦਾ ਸੌਣ ਦੀ ਨਾਕਾਮ ਕੋਸ਼ਿਸ਼ ਕਰਦਾ ਰਿਹਾ। ਅਚਾਨਕ ਉਹਦੀ ਨਿਗ੍ਹਾ ਅਸਮਾਨ 'ਤੇ ਪਈ। ਰਾਤ ਤਾਂ ਮੱਸਿਆ ਦੀ ਕਾਲਖ਼ ਭਰੀ ਰਾਤ ਸੀ ਪਰ ਤਾਰੇ ਤਾਂ ਚਮਕ ਰਹੇ ਸਨ। ਉਦੋਂ ਹੀ ਉਹਦੀ ਸੋਚ ਨੇ ਇੱਕ ਕਰਵਟ ਲਈ ਤਾਂ ਉਸ ਨਵੀਂ ਛਹਿਬਰ ਮਹਿਸੂਸ ਕੀਤੀ।

ਆਪਣੀ ਭੁੱਲ 'ਤੇ ਪਛਤਾਉਂਦਾ ਉਹ ਉੱਠਿਆ ਤੇ ਆਪਣੇ ਮੁੰਡੇ ਦੇ ਮੰਜੇ ਵੱਲ ਹੋ ਲਿਆ। ਉਹ ਸੌਂ ਰਿਹਾ ਸੀ ਘੂਕ। ਉਹਦੇ ਮੱਥੇ ਦਾ ਤੇਜ ਪੂਰੀ ਤਰ੍ਹਾਂ ਠਾਠਾਂ ਮਾਰਦਾ ਜਾਪਿਆ ਪਰਦੁਮਨ ਸਿੰਘ ਨੂੰ। ਇੱਕ ਪਲ ਉਹਦਾ ਮਨ ਕੀਤਾ ਕਿ ਉਹ ਉਹਦਾ ਮੱਥਾ ਚੁੰਮ ਲਵੇ, ਪਰ ਮਤਾਂ ਉਹਦੇ ਕਿਆਸੇ ਸੁਪਨਿਆਂ ਦੀ ਕੋਈ ਤੰਦ ਟੁੱਟ ਨਾ ਜਾਵੇ, ਉਹ ਉੱਦਾਂ ਹੀ ਆਪਣੇ ਮੰਜੇ 'ਤੇ ਆ ਕੇ ਕਿਸੇ ਸੁਖਦ ਅਹਿਸਾਸ ਵਾਲੀ ਨੀਂਦ ਦਾ ਇੰਤਜ਼ਾਰ ਕਰਨ ਲੱਗ ਪਿਆ।

**80548-15746**
**99881-21411**

## ਰੂਹ ਦਾ ਹਾਣੀ

ਤੇਰੀ ਮੁੰਦਰੀ
ਉਂਗਲ ਚੋਂ
ਲਾਹੁਣ ਲੱਗੀ,
ਤਾਂ ਅੰਗ ਵੱਢਣ ਜਿੰਨੀ
ਤਖ਼ਲੀਫ਼ ਹੋਈ ।

ਜਿਵੇਂ ਫੱਟ ਗਿਆ
ਹੋਵੇ ਬੱਦਲ਼
ਤੇ ਝੁਲ ਪਿਆ
ਹੋਵੇ ਝੱਖੜ
ਜਦ ਮੈਨੂੰ
ਕਿਸੇ ਹੋਰ ਦੀ ਮੁੰਦਰੀ
ਉਂਗਲ ਵਿੱਚ ਪਾਉਣੀ ਪਈ ।

ਕਾਲਜੇ ਨੂੰ ਚੀਰਦਾ
ਇਕ ਸੁਆਲ ਉੱਠਿਆ !
ਕਿ ਤਨ ਦੇ ਹਾਣੀ ਨੂੰ
ਮੈਂ ਰੂਹ ਦਾ ਹਾਣੀ
ਕਿਵੇਂ ਬਣਾਵਾਂਗੀ ?

ਰੂਹ ਦਾ ਹਾਣੀ ਤਾਂ
ਅੰਬੀਆਂ ਟੁਕਦੇ
ਤੋਤੇ ਵਾਂਗ
ਖੌਰੇ ਬਾਗ ਵਿਚੋਂ
ਕਿੱਥੇ ਉੱਡਾਰੀ ਮਾਰ ਗਿਆ ।

ਹੁਣ ਮਨ
ਵਾਰ ਵਾਰ ਪੁੱਛਦੈ !

ਕਿ ਤੂੰ
ਦਿਲ ਦੇ ਵੇਹੜੇ
ਮੁਹੱਬਤ ਭਰੇ ਗੀਤ
ਗਾਉਣ ਵਾਲੇ
ਰੂਹ ਦੇ ਪੰਛੀ ਨੂੰ
ਕਿਵੇਂ ਭੁਲਾਵੇਂਗੀ ?

ਇਸ ਤੋਂ ਪਹਿਲਾਂ ਕਿ



ਮੈਂ ਕੋਈ ਜਵਾਬ ਘੜਦੀ
ਪਣ-ਚੱਕੀ 'ਚ ਘੁੰਮਦੀ
ਸੋਚਾਂ ਦੇ ਸਮੁੰਦਰ ਚ ਡੁੱਬੀ
ਲੰਮਾ ਜਿਹਾ ਹੌਕਾ ਭਰਿਆ
ਰੁਕ ਰੁਕ ਪੈਂਦੇ ਮੀਂਹ ਵਾਂਗੂ
ਮੇਰੇ ਨੈਣੀ ਹੰਝੂਆਂ ਦੀ
ਝੜੀ ਲੱਗ ਗਈ।

ਮੈਂ ਕਿਤਾਬ ਤੋਂ ਵਰਕਾ ਵਰਕਾ
ਵਰਕਿਆਂ ਤੋਂ ਸ਼ਬਦ ਸ਼ਬਦ
ਸ਼ਬਦਾਂ ਤੋਂ ਅੱਖਰ ਅੱਖਰ ਹੋ ਗਈ
ਆਪਣੇ ਆਪ ਨੂੰ ਸਮੇਟਣ ਤੋਂ ਅਸਮਰਥ।

## ਸਤਿਕਾਰਯੋਗ

ਉਏ ਨਿਕੰਮਿਆਂ !
ਤੂੰ ਕਹਿੰਨਾ
ਮੈਂ ਤੈਨੂੰ ਸਤਿਕਾਰਯੋਗ ਕਹਾਂ ?
ਤੇਰੇ ਵਰਗਿਆਂ ਲਈ 'ਸਤਿਕਾਰਯੋਗ'
ਸ਼ਬਦ
ਮੇਰੀ ਡਿਕਸ਼ਨਰੀ ਵਿੱਚੋਂ
ਖੰਭ ਲਾ ਕੇ ਉੱਡ ਜਾਂਦਾ ਹੈ
ਸਤਿਕਾਰਯੋਗ ਸ਼ਬਦ ਦਾ ਵੀ ਆਪਣਾ
ਸਵੈਮਾਨ ਹੈ
ਮੈਂ ਤਾਂ ਪੰਜਾਬ ਦੀ
ਜ਼ਰਖੇਜ ਧਰਤੀ ਦੀ
ਪੈਦਾਵਾਰ ਹਾਂ
ਮਾੜੇ ਨੂੰ ਮਾੜਾ
ਜਾਬਰ ਨੂੰ ਜਾਬਰ
ਤੇ ਚੰਗੇ ਨੂੰ ਚੰਗਾ ਕਹਿਣ ਦਾ
ਮੁੱਢ ਕਦੀਮੀ ਸੁਭਾਅ ਰੱਖਦਾ ਹਾਂ।

ਮੈਂ ਆਪਣੀਆਂ ਗਰਜਾਂ ਲਈ
ਕਦੇ ਝੁਕਦਾ ਨਹੀਂ
ਨਾ ਹੀ ਜ਼ਮੀਰ ਮਾਰਕੇ
ਕਿਸੇ ਦੇ ਪੈਰੀਂ ਡਿਗਦਾ ਹਾਂ ।

ਮੈਂ ਤਾਂ ਆਪਣੇ ਲਈ ਅਤੇ
ਆਪਣੇ ਲੋਕਾਂ ਦੇ ਹੱਕਾਂ ਲਈ
ਲੜਦਾ ਆਇਆ ਹਾਂ
ਤੇ ਲੜਦਾ ਰਹਾਂਗਾ ।

ਜੋ ਲੋਕਾਈ ਦੇ
ਭਲੇ ਦੀ ਗੱਲ ਨਹੀਂ ਕਰਦੈ
ਉਹ ਸਤਿਕਾਰਯੋਗ ਨਹੀਂ ਹੋ ਸਕਦੈ
ਸ਼ਾਇਦ ਤੈਨੂੰ ਪਤਾ ਨਹੀਂ
ਸਤਿਕਾਰਯੋਗ ਬਣਨ ਲਈ
ਕੁਰਬਾਨੀ ਕਰਨੀ ਪੈਂਦੀ ਹੈ
ਤੇਰੇ ਵਰਗੇ ਸਤਿਕਾਰ ਖ਼ਰੀਦਣ ਵਾਲੇ
ਤਾਂ ਮੇਰੀ ਜੁੱਤੀ ਦੀ ਨੋਕ ਤੇ ਆ ਕੇ
ਟਿਕਦੇ ਹਨ ।

## ਖ਼ਤ

ਤੂੰ ਖ਼ਤ ਨਾ ਲਿਖਿਆ ਕਰ
ਹੁਣ ਤਾਂ ਅਖਬਾਰ ਪੜ੍ਹਨ ਲੱਗਿਆਂ
ਤੇਰੇ ਖ਼ਤ ਦਾ ਚੇਤਾ ਆਉਂਦਾ ਹੈ
ਤੇ ਤੇਰੇ ਖ਼ਤ ਪੜ੍ਹਨਾਂ
ਰੱਬ ਦੇ ਘਰ ਕੀਤੀ
ਚੋਰੀ ਵਰਗਾ ਲਗਦਾ ਹੈ

ਹੁਣ ਜਦੋ ਵੀਂ ਤੇਰਾ ਖ਼ਿਆਲ ਆਉਂਦੈ
ਮੇਰੇ ਘਰ ਦੀ ਛੱਤ
ਡੋਲਣ ਲੱਗ ਪੈਂਦੀ ਹੈ।

**ਸਾਲ 2021 ਦਾ ਸਾਹਿਤ ਅਕਾਦਮੀ ਪੁਰਸਕਾਰ ਹਿੰਦੀ ਭਾਸ਼ਾ ਦੇ ਕਵੀ ਬਦਰੀਨਰਾਇਣ ਦੀ ਪੁਸਤਕ 'ਤੁਮੜੀ ਕੇ ਸ਼ਬਦ' ਨੂੰ ਦਿੱਤਾ ਗਿਆ ਹੈ। ਪੇਸ਼ ਹਨ ਬਦਰੀਨਰਾਇਣ ਦੀਆਂ ਕੁਝ ਕਵਿਤਾਵਾਂ**

## ਪ੍ਰੇਮ ਪੱਤਰ

ਪ੍ਰੇਤ ਆਏਗਾ
ਕਿਤਾਬ 'ਚੋਂ ਕੱਢ ਕੇ ਲੈ
ਜਾਏਗਾ ਪ੍ਰੇਮ ਪੱਤਰ
ਗਿਰਝ ਉਸਨੂੰ ਪਹਾੜ ਤੇ
ਨੋਚ ਨੋਚ ਕੇ ਖਾਏਗੀ

ਚੋਰ ਆਏਗਾ ਤਾਂ
ਪ੍ਰੇਮ ਪੱਤਰ ਹੀ ਚੁਰਾਏਗਾ
ਜੁਆਰੀ ਪ੍ਰੇਮ ਪੱਤਰ ਹੀ
ਦਾਅ ਤੇ ਲਗਾਏਗਾ
ਰਿਸ਼ੀ ਆਉਣਗੇ ਤਾਂ
ਦਾਨ ਵਿਚ ਮੰਗਣਗੇ ਪ੍ਰੇਮ ਪੱਤਰ


ਬਾਰਿਸ਼ ਆਏਗੀ ਤਾ
ਪ੍ਰੇਮ ਪੱਤਰ ਹੀ ਗਾਲੇਗੀ
ਅੱਗ ਆਏਗੀ ਤਾਂ
ਸਾੜੇਗੀ ਪ੍ਰੇਮ ਪੱਤਰ
ਬੰਦਿਸ਼ਾਂ ਪ੍ਰੇਮ ਪੱਤਰ
ਤੇ ਹੀ ਲਾਈਆਂ ਜਾਣਗੀਆਂ

ਸੱਪ ਆਇਆ ਤਾਂ
ਡੱਸੇਗਾ ਪ੍ਰੇਮ ਪੱਤਰ
ਟਿੱਡੇ ਆਉਣਗੇ ਤਾਂ
ਚੱਟਣਗੇ ਪ੍ਰੇਮ ਪੱਤਰ
ਕੀੜੇ ਪ੍ਰੇਮ ਪੱਤਰ ਹੀ ਖਾਣਗੇ

ਪਰਲੋ ਦੇ ਦਿਨਾਂ ਵਿਚ
ਸਪਤਰਿਸ਼ੀ ਮਛੀ ਤੇ ਮਨੁ
ਸਭ ਵੇਦ ਬਚਾਉਣਗੇ
ਕੋਈ ਨਹੀਂ ਬਚਾਏਗਾ ਪ੍ਰੇਮ ਪੱਤਰ

ਕੋਈ ਰੋਮ ਬਚਾਏਗਾ ਕੋਈ ਮਦੀਨਾ
ਕੋਈ ਚਾਂਦੀ ਬਚਾਏਗਾ ਕੋਈ ਸੋਨਾ

ਮੈਂ ਬਿਲਕੁਲ ਇਕੱਲਾ



ਕਿਵੇਂ ਬਚਾਵਾਂਗਾ ਤੇਰਾ ਪ੍ਰੇਮ ਪੱਤਰ ?

## ਮੇਰੇ ਕੁੜਤੇ ਵਿਚ

ਮੇਰੇ ਕੁੜਤੇ ਵਿਚ ਚੰਦ ਦਾ ਕਾਲਰ
ਤੇ ਤਾਰਿਆਂ ਦੇ ਬਟਨ
ਮੇਰੇ ਕੁੜਤੇ ਵਿਚ ਪਹਾੜਾਂ ਦੀ
ਪਿੱਠ ਤੇ ਪਿਆਸੀ ਭੱਜਦੀ
ਹਿਰਨੀ ਦੇ ਧੂੜ ਉਡਾਉਂਦੇ ਪੈਰ

ਮੇਰੇ ਕੁੜਤੇ ਵਿਚ
ਸੋਨੇ ਦੇ ਕੇਸਾਂ ਵਾਲੀ
ਕੁੜੀ ਨੂੰ ਮਿਲਣ ਦੀ ਚਾਹ

ਮੇਰੇ ਕੁੜਤੇ ਵਿਚ ਪਿਤਾਵਾਂ ਦਾ ਗੁੱਸਾ
ਤੇ ਸਮਾਜ ਦਾ ਰੋਹ

ਗਰਮੀ ਦੀ ਸ਼ਾਮ ਦੀ ਰੁਮਾਨੀਅਤ
ਤੇ ਸਰਦੀ ਦਾ ਜੋਸ਼
ਮੇਰੇ ਕੁੜਤੇ ਵਿਚ
ਮੇਰੇ ਕੁੜਤੇ ਵਿਚ ਰੁੱਤਾਂ ਦੇ ਵਾਜੇ
ਹਾਂ ਪ੍ਰਿਏ ਮੇਰੇ ਕੁੜਤੇ ਵਿਚ
ਬੱਦਲਾਂ ਦੇ ਨਗਾਰੇ।

## ਮੈਨੂੰ ਮੇਰੇ ਸੁਪਨਿਆਂ ਤੋਂ ਬਚਾਓ

ਮੈਨੂੰ ਮੇਰੇ ਸੁਪਨਿਆਂ ਤੋਂ ਬਚਾਓ
ਪਤਾ ਨਹੀਂ ਕਿਸਨੇ ਬੀਜ ਦਿੱਤੇ
ਇਹ ਸੁਪਨੇ ਮੇਰੇ ਅੰਦਰ
ਇਹ ਮੈਨੂੰ ਅੰਦਰ ਹੀ ਅੰਦਰ
ਕੁਤਰਦੇ ਜਾਂਦੇ ਨੇ

ਇਹ ਹੌਲੀ ਹੌਲੀ
ਤਬਾਹ ਕਰ ਰਹੇ ਮੈਂ ਮੇਰੀ ਹੋਂਦ
ਇਹ ਮੇਰੀ ਆਦਮੀਅਤ ਨੂੰ
ਹਰਾਉਣ ਤੇ ਲੱਗੇ ਹੋਏ ਨੇ

ਇਹ ਮੈਨੂੰ ਸੁੱਟ ਦਿੰਦੇ ਨੇ
ਭੋਗ ਦੇ ਉਬਲਦੇ ਵਹਾਅ ਵਿਚ
ਜੇ ਨਿਕਲਣਾ ਵੀ ਚਾਹਾਂ ਤਾਂ
ਫੇਰ ਧੱਕ ਦਿੰਦੇ ਨੇ

ਇਹ ਮੇਰੀਆਂ ਅੱਛਾਈਆਂ ਨੂੰ
ਮਾਰਦੇ ਜਾਂਦੇ ਨੇ ਮੇਰੇ ਅੰਦਰ
ਇਹ ਮੇਰੀ ਸੰਵੇਦਨਾ,
ਮੇਰੀ ਕਰੁਣਾ ਮੇਰੇ ਅਤੀਤ ਨੂੰ
ਖਤਮ ਕਰਦੇ ਜਾਂਦੇ ਨੇ
ਇਹ ਧੱਕਦੇ ਜਾਂਦੇ ਨੇ
ਮੈਨੂੰ ਇਕ ਵਿਸ਼ਾਲ ਨਰਕ ਵਿਚ

ਮੈਂ ਚੀਕਦਾ ਹਾਂ ਜੋਰ ਨਾਲ
ਅੱਧੀ ਰਾਤ।

## ਵਿਦਾ

ਪਛਾਣ ਵਿਚ ਨਹੀਂ ਸੀ
ਆ ਰਿਹਾ ਕਿ
ਦੋਹਾਂ ਵਿਚੋਂ ਕੌਣ ਕਿਸ ਨੂੰ
ਵਿਦਾ ਕਰਨ ਆਇਆ ਹੈ
ਦੋਨੋਂ ਬਹੁਤ ਲੁਭਾਵਣੇ ਸਨ
ਬਹੁਤ ਆਧੁਨਿਕ
ਪਰ ਇੱਕ ਗੱਲ ਪੁਰਾਣੀ ਸੀ
ਕਿ ਦੋਵੇਂ ਰੋ ਰਹੇ ਸਨ।

## ਦਰਦ / ਅਨੀਤਾ ਰਸ਼ਮੀ



ਕੱਟੇ ਜਾਂਦੇ ਰੁੱਖਾਂ ਨੇ
ਬੜੇ ਦਰਦ ਦੇ ਨਾਲ
ਆਖਰੀ ਵਾਰ ਇਉਂ ਦੇਖਿਆ ਉਸਨੂੰ
ਜਿਵੇਂ ਜਿਬ੍ਹਾ ਹੁੰਦੇ ਬੱਕਰੇ ਦੀਆਂ
ਬੇਵਸ ਮਾਸੂਮ ਅੱਖਾਂ
ਦੇਖਦੀਆਂ ਨੇ ਬਹੁਤ ਦੇਰ ਤੱਕ
ਹੈਰਾਨੀ ਨਾਲ ਇੱਕ ਟਕ ਹੋ ਕੇ
ਆਪਣੇ ਪਾਲਣਹਾਰ ਨੂੰ

ਫਿਰ ਵੀ ਰੁਕਦੇ ਕਿੱਥੇ ਨੇ
ਕਪਟੀ ਹੱਥ ਕਸਾਈ ਦੇ
ਆਪਣੇ ਧਾਰਦਾਰ
ਹਥਿਆਰਾਂ ਦੇ ਨਾਲ
ਖੜ੍ਹਾ ਅੜਿਆ ਰਹਿੰਦਾ ਹੀ ਉਹ
ਉਸਦੇ ਸਿਰ ਤੇ
ਪਰਖਦਾ ਆਪਣੇ ਸ਼ਿਕਾਰ ਨੂੰ

ਮਾਸੂਮ ਰੁੱਖ ਅਤੇ ਬੱਕਰੇ
ਜਿੱਥੇ ਵੀ ਹੋਣ ਛੋਟੇ ਜਾਂ ਵੱਡੇ
ਹਰ ਸਮੇਂ ਹਰ ਕੀਤੇ
ਕੱਟਦੇ ਹੀ ਰਹਿੰਦੇ ਨੇ
ਕੱਟਦੇ ਹੀ ਜਾਂਦੇ ਨੇ ਬੇਦਰਦੀ ਦੇ ਨਾਲ
ਲੱਖਾਂ ਲੱਖਾਂ ਹੱਥਾਂ ਨਾਲ
ਲੱਖਾਂ ਲੱਖਾਂ ਥਾਂਵਾਂ ਤੇ......

## ਕਾਲਾਂਤਰ, ਮਧਿਆਂਤਰ, ਪਿਆਰ / ਵਿਸ਼ਾਖਾ

ਕਿਸੇ ਨੂੰ ਜਾਣਦੇ ਹੋ ਤੁਸੀਂ
ਕਾਲਾਂਤਰ ਵਿਚ ਉਸਨੂੰ ਮਿਲਦੇ ਹੋ
ਤੇ ਕਿਸ ਨੂੰ ਮਿਲਦੇ ਹੋ
ਕਾਲਾਂਤਰ ਵਿਚ ਉਸਨੂੰ ਜਾਣਦੇ ਹੋ
ਦੋਹਾਂ ਹੀ ਸਥਿਤੀਆਂ ਵਿੱਚ ਕਾਲ
ਅੰਤਰ ਪੈਦਾ ਕਰਨ ਦਾ ਬਣਦਾ ਹੈ
ਕਾਰਕ

ਜਾਨਣ ਮਿਲਣ ਦੇ ਕਾਲਾਂਤਰ ਵਿੱਚ
ਕਦੇ ਕਦੇ ਮਿਲਣ ਜਾਨਣ ਦੀ ਇੱਛਾ
ਮਿਟਣ ਲੱਗਦੀ ਹੈ
ਤਾਂ ਸਮਝ ਲੈਣਾ ਚਾਹੀਦਾ
ਰਿਸ਼ਤੇ ਵਿੱਚ ਆ ਗਿਆ ਹੈ
ਮਧਿਆਂਤਰ

ਕਦੇ ਹੁੰਦਾ ਹੈ ਇਉਂ ਕਿ
ਬਿਨਾ ਮੁਲਾਕਾਤ ਦੇ ਹੁੰਦੀ ਹੈ
ਮੁਲਾਕਾਤ ਵਰਗੀ ਗੱਲ
ਤੇ ਮਿਲਣ ਤੇ ਘਟਿਤ ਹੁੰਦਾ ਹੈ ਮੌਨ

ਇਹ ਮੌਨ
ਪਿਆਰ ਦਾ ਅੰਮ੍ਰਿਤ-ਫਲ ਹੈ
ਇੱਥੇ ਕਾਲ ਵਿੱਚ ਹੁੰਦਾ ਹੈ ਪ੍ਰਵਾਹ
ਪਰ ਮੱਧ ਨਹੀਂ ਹੁੰਦਾ ਕੋਈ ਅੰਤਰ
ਇਹ ਮੌਨ, ਪਿਆਰ ਦਾ ਹਾਸਲ ਹੈ....



## ਠੰਡੇ ਅਤੇ ਗਰਮ ਦੇ ਵਿਚਕਾਰ / ਮਾਲਿਨੀ ਗੌਤਮ

ਕੰਮ ਵਾਲੀ ਦੇ ਹੱਥੋਂ
ਧੋਤਾ ਗਿਆ ਆਖਰੀ ਭਾਂਡਾ
ਅਚਾਨਕ ਹੀ ਜ਼ਰਾ ਜੋਰ
ਨਾਲ ਰੱਖਿਆ ਗਿਆ
ਰੱਖਣ ਨਾਲ ਹੋਈ
ਇਸ ਤੇਜ਼ ਅਵਾਜ਼ ਵਿੱਚ ਲੁਕਿਆ ਸੀ
ਸ਼ਾਇਦ ਬੀਤੀ ਰਾਤ ਸ਼ਰਾਬੀ ਪਤੀ ਤੋਂ



ਖਾਧੀ ਕੁੱਟ ਦਾ ਦਰਦ
ਇਕ ਘਰ ਦਾ ਕੰਮ ਨਬੇੜ ਕੇ
ਛੇਤੀ ਛੇਤੀ ਦੂਜੇ ਘਰ ਦਾ
ਕੰਮ ਕਰਨ ਦੀ ਹੜਬੜੀ
ਛਾਤੀ ਤੇ ਪਹਾੜ ਬਣ ਜਾਂਦੀ
ਕੁੜੀਆਂ ਦੇ ਵਿਆਹ ਦੀ ਚਿੰਤਾ
ਪਿਉ ਦੇ ਨਕਸ਼ੇ ਕਦਮ ਤੇ
ਅਵਾਰਾ ਹੁੰਦੇ ਜਾਂਦੇ ਮੁੰਡੇ ਨਾਲ ਗੁੱਸਾ
ਜਾਂ ਹੋਰ ਵੀ ਬਹੁਤ ਕੁਝ

ਘਰ ਦੀ ਮਾਲਕਣ ਅਕਸਰ
ਅਜਿਹੀਆਂ ਅਵਾਜ਼ਾਂ ਤੇ
ਨਾਰਾਜ਼ ਨਹੀਂ ਹੁੰਦੀ
ਬਲਕਿ ਮੁਸਕਰਾਉਂਦੇ ਹੋਏ
ਕੰਮਵਾਲੀ ਦੇ ਸਿਰ ਜਾਂ ਮੋਢੇ ਤੇ
ਆਪਣੇ ਹੱਥਾਂ ਦਾ ਪਿਆਰ ਭਰਿਆ
ਦਬਾਅ ਬਣਾਉਂਦੇ
ਉਸਦੇ ਹੱਥਾਂ ਵਿਚ ਫੜਾਉਂਦੀ ਹੈ
ਗਰਮ ਚਾਹ ਦੀ ਪਿਆਲੀ

ਗਰਮ ਚਾਹ ਤੇ ਠੰਡੀ ਜੀਭ ਦੇ ਵਿਚਾਲੇ
ਸੰਤੁਲਨ ਸਾਧਣ ਜਿੰਨੇ ਸਮੇਂ ਵਿੱਚ ਹੀ
ਅੱਖਾਂ ਮੂੰਹ ਤੇ ਮਨ ਨੂੰ ਵੀ
ਮਿਲ ਜਾਂਦਾ ਹੈ ਵਕਤ
ਖੁਦ ਨੂੰ ਸਾਧਣ ਦਾ

ਜੀਵਨ ਇਉਂ ਹੀ ਸਾਧਿਆ ਜਾਂਦਾ ਹੈ
ਠੰਡੇ ਅਤੇ ਗਰਮ ਦੇ ਵਿਚਾਲੇ.....

**ਅਨੁ. ਅਮਰਜੀਤ ਕੌਂਕੇ**

## ਕਹਾਣੀ / ਤਿੰਨ ਚਿਹਰੇ / ਮੁਹੰਮਦ ਇਮਤਿਆਜ਼

ਉਸ ਨੇ ਚਿਹਰਾ ਚੁੱਕ ਕੇ ਵੇਖਿਆ। ਅਸਿਸਟੈਂਟ ਉਸ ਦੇ ਮੇਜ਼ ਅੱਗੇ ਪ੍ਰਸ਼ਨ-ਚਿੰਨ੍ਹ ਬਣਿਆ ਖੜ੍ਹਾ ਸੀ।

ਸਾਹਮਣੇ ਪਈਆਂ ਕੁਰਸੀਆਂ ਖਾਲੀ ਸਨ। ਮਿਲਣ ਵਾਲੇ ਸਾਰੇ ਜਾ ਚੁੱਕੇ ਸਨ।

ਉਸ ਨੇ ਟੇਬਲ ਸਟੈਂਡ 'ਤੇ ਪਈ ਅਰਜ਼ੀ ਵੱਲ ਵੇਖਿਆ। ਹੇਠਲਾ ਨਾਂ ਦੁਬਾਰਾ ਪੜ੍ਹਿਆ।

ਨਾਮ ...? ਸੋਚਦਿਆਂ ਉਸ ਦੀ ਨਜ਼ਰ ਕੰਧ 'ਤੇ ਪਈ।

ਉਸ ਨੇ ਤਾਂ ਉਸ ਨੂੰ ਉਦੋਂ ਹੀ ਪਛਾਣ ਲਿਆ ਸੀ। ਨਹੀਂ ਤਾਂ ਉਹ ਚਿਹਰੇ ਭੁੱਲ ਜਾਇਆ ਕਰਦਾ ਸੀ!

ਉਸ ਦੇ ਮਨ ਦਾ ਇੱਕ ਕੋਨਾ ਇੰਨੇ ਸਾਲਾਂ ਤੋਂ ਉਸੇ ਪਲ ਦੀ ਉਡੀਕ ਕਰ ਰਿਹਾ ਸੀ। ...ਪਰ... ਪਹਿਲਾਂ ਵੀ ਉਸ ਨੂੰ ਕਈ ਵਾਰ ਉਹਨਾਂ 'ਚੋਂ ਕਿਸੇ ਇੱਕ ਦਾ ਝਲਕਾਰਾ ਪਿਆ ਸੀ। ਉਹ ਫੈਸਲਾ ਨਹੀਂ ਸੀ ਕਰ ਸਕਿਆ- ਕੀ ਉਹ ਉਹੋ ਹੀ ਸੀ ਜਾਂ ਉਸ ਨੂੰ ਭੁਲੇਖਾ ਲੱਗਿਆ ਸੀ?

ਕਰੀਮ ਰੰਗ ਦਾ ਸੂਤੀ ਸੂਟ ਤੇ ਪੈਰੀਂ ਸਪੋਰਟਸ ਸ਼ੂਜ਼- ਉਸ ਨੂੰ ਪਹਿਲੀ ਨਜ਼ਰੇ ਇਹ ਤਾਂ ਪਤਾ ਲੱਗ ਗਿਆ ਸੀ ਕਿ ਉਹ ਕੋਈ ਮਾਸਟਰਨੀ ਸੀ। ਉਸ ਦੇ ਦਿਮਾਗ਼ ਵਿੱਚ ਘੰਟੀ ਵੀ ਵੱਜੀ ਸੀ- ਚੋਣ ਡਿਊਟੀ ਕਟਵਾਉਣ ਲਈ ਕਹੇਗੀ।

ਜਦੋਂ ਤੋਂ ਉਸ ਨੇ ਸਰਵਿਸ ਜੁਆਇਨ ਕੀਤੀ ਸੀ, ਉਹ ਔਰਤਾਂ ਦੇ ਚਿਹਰੇ ਪਛਾਣਨ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ। ਦਿਮਾਗ਼ 'ਤੇ ਜ਼ੋਰ ਪਾਉਂਦਾ। ਕਈ ਵਾਰ ਉਸ ਨੂੰ ਬਾਅਦ ਵਿੱਚ ਪਛਤਾਵਾ ਵੀ ਹੁੰਦਾ ਕਿ ਉਹ ਦਫ਼ਤਰ ਆਈ ਕਿਸੇ ਔਰਤ ਨੂੰ ਕਿੰਨੀ ਦੇਰ ਤੱਕਦਾ ਰਿਹਾ ਸੀ।

ਜਦੋਂ ਉਸ ਨੂੰ ਦਫ਼ਤਰ ਅੰਦਰ ਪੈਰ ਧਰਦਿਆਂ ਵੇਖਿਆ ਸੀ, ਤਾਂ ਉਸ ਦੀਆਂ ਅੱਖਾਂ ਥਾਏਂ ਟਿਕ ਗਈਆ ਸਨ- ਕੀ ਇਹ ਉਹੋ ਹੀ ਸੀ? ਉਸ ਦਾ ਧਿਆਨ ਉਸ ਦੇ ਸਿਰ ਵੱਲ ਗਿਆ। ਕਾਲੇ ਵਾਲਾਂ ਵਿੱਚ ਫੈਲੇ ਬੱਗੇ ਵਾਲ। ਉਸ ਨੂੰ ਆਪਣੀ ਦਾੜ੍ਹੀ ਦੇ ਕੋਨਿਆਂ 'ਤੇ ਉੱਗੇ ਚਿੱਟੇ ਵਾਲ ਚੁਭੇ।

ਹੁਣ ਵੀ ਕਦੇ-ਕਦਾਈਂ ਪੂਰਾ ਨਜ਼ਾਰਾ ਉਸ ਦੀਆਂ ਅੱਖਾਂ ਅੱਗੇ ਸਾਕਾਰ ਹੋ ਜਾਂਦਾ ਸੀ- ਤਿੰਨਾਂ ਵਿੱਚੋਂ ਇੱਕ ਕੁੜੀ ਉਸ ਦੀ ਮੇਜ਼ ਅੱਗੇ ਵਿਲਕਦੀ ਹੋਈ, "ਮੇਰੇ ਪਤੀ ਨੂੰ ਬਚਾ ਲਓ...! ...ਮੈਨੂੰ ਥੋਡੀ ਕਾਬਲੀਅਤ ਦਾ ਨ੍ਹੀਂ ਸੀ ਪਤਾ! ਮੇਰੇ ਕੋਲੋਂ ਉਸ ਦਿਨ ਗਲਤੀ ਹੋ-ਗੀ!"... ਉਸ ਦੀਆਂ ਬਾਕੀ ਦੋ ਸਹੇਲੀਆਂ ਉਸ ਦੇ ਪਿੱਛੇ ਨਾਲ ਖੜ੍ਹੀਆਂ ਹੋਈਆਂ...!

... ਜੇ ਉਹ ਆਈ.ਏ.ਐਸ. ਕਰ ਗਿਆ ਹੁੰਦਾ ਤਾਂ ਹੁਣ ਤੱਕ ਡੀ.ਸੀ. ... ਸਗੋਂ ਹੁਣ ਤੱਕ ਸੈਕਟਰੀ ਬਣ ਗਿਆ ਹੁੰਦਾ!

ਉਸ ਨੂੰ ਤਿੰਨੋ ਚਿਹਰੇ ਪੱਕੇ ਯਾਦ ਸਨ! ਉਸ ਨੂੰ ਉਸ ਦਿਨ ਦਾ ਪੂਰਾ ਨਜ਼ਾਰਾ ਵੀ ਯਾਦ ਸੀ। ...ਕਿਤਾਬਾਂ ਦੀ ਦੁਕਾਨ ... ਉਹ ਕਾਊਂਟਰ ਦੇ ਬਾਹਰਲੇ ਸਿਰੇ 'ਤੇ ਨਤੀਜਾ ਵੇਖ ਰਿਹਾ ਸੀ। ਉਹ ਤਿੰਨੋ ਕਾਊਂਟਰ ਦੇ ਅੰਦਰਲੇ ਸਿਰੇ 'ਤੇ ਖੜ੍ਹੀਆਂ ਗੱਲਾਂ ਕਰ ਰਹੀਆਂ ਸਨ- ਸ਼ਾਇਦ ਉਹ ਆਪਣਾ ਨਤੀਜਾ ਵੇਖ ਚੁੱਕੀਆਂ ਸਨ।



ਦੁਕਾਨਦਾਰ ਨੇ ਗਜ਼ਟ ਵਿੱਚ ਉਸ ਦੇ ਰੋਲ ਨੰਬਰ ਅੱਗੇ ਉਂਗਲ ਰੱਖੀ। ਨੰਬਰ ਸੁਣ ਕੇ ਉਸ ਦੇ ਦਿਲ ਨੂੰ ਡੋਬੂ ਪਿਆ। ਅੰਦਰੋਂ ਕੁੜੀਆਂ ਦਾ ਠਹਾਕਾ ਗੂੰਜਿਆ। ਉਸ ਦੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ। ਜਿਵੇਂ ਕਲਾਸ ਵਿੱਚ ਸਭ ਦੇ ਸਾਹਮਣੇ ਉਸ ਦੀ ਪੈਂਟ ਖੁੱਲ੍ਹ ਕੇ ਡਿੱਗ ਪਈ ਹੋਵੇ!

ਗਜ਼ਟ ਵਿੱਚੋਂ ਉਸ ਨੂੰ ਕੁੱਝ ਨਹੀਂ ਸੀ ਦਿਸ ਰਿਹਾ। ਕੀ ਉਹ ਉਸੇ ਵੇਲੇ ਉਥੋਂ ਭੱਜ ਲਿਆ ਸੀ, ਜਾਂ ਉਸ ਦਾ ਭੱਜਣ ਨੂੰ ਸਿਰਫ ਮਨ ਕੀਤਾ ਸੀ, ਉਹ ਕਦੋਂ ਘਰ ਪੁੱਜਿਆ ਸੀ- ਉਸ ਨੂੰ ਕੁੱਝ ਯਾਦ ਨਹੀਂ। ਉਸ ਨੂੰ ਸਿਰਫ ਤਿੰਨ ਗੋਰੇ ਚਿਹਰੇ ਯਾਦ ਸਨ- ਹੱਸਦੇ ਹੋਏ!

ਉਹਨਾਂ ਦੇ ਚਿਹਰਿਆਂ ਨੇ ਉਸ ਦੀ ਕਈ ਰਾਤਾਂ ਦੀ ਨੀਂਦ ਹਰਾਮ ਕੀਤੀ ਸੀ। ਤਿੰਨ ਗੋਰੇ ਚਿਹਰੇ, ਠਹਾਕਾ ਮਾਰ ਕੇ ਹੱਸਦੇ ਹੋਏ ... ਤੇ ਉਸ ਦੀ ਅੱਖ ਖੁੱਲ੍ਹ ਜਾਂਦੀ ਸੀ। ਦਿਲ ਤੇਜ਼ੀ ਨਾਲ ਧੜਕ ਰਿਹਾ ਹੁੰਦਾ ਸੀ।

ਸਵੇਰੇ ਛਾਤੀ ਦਾ ਬੋਝ ਕੁਝ ਘਟਿਆ ਮਹਿਸੂਸ ਹੁੰਦਾ। ਮੂੰਹ ਧੋਣ ਤੋਂ ਚਾਹ ਪੀਣ ਤੱਕ ਉਸ ਦਾ ਮਨ ਉਸ ਦੇ ਕੰਨ ਵਿੱਚ ਫੂਕ ਮਾਰ ਜਾਂਦਾ, "ਤੈਨੂੰ ਚਿੰਤਾ ਐ ਕੋਈ!" ... ਤੇ ਉਹੋ ਹੀ ਤਿੰਨ ਚਿਹਰੇ ...ਉਸ ਦੇ ਦਿਲ ਨੂੰ ਡੋਬੂ ਪੈਣ ਲੱਗਦੇ।

ਉਸ ਦੀਆਂ ਅੱਖਾਂ ਕੋਈ ਰੱਸਾ ਭਾਲਦੀਆਂ ... ਉਸ ਦਾ ਸਰੀਰ ਪੱਖੇ ਨਾਲ ਝੂਲ ਜਾਣਾ ਚਾਹੁੰਦਾ ... ਤਿੰਨੋ ਚਿਹਰੇ ਹੱਸਦੇ ਰਹਿੰਦੇ!

"ਤਾਂ ਕੀ ਹੋ ਗਿਆ! ਨੰਬਰ ਈ ਘੱਟ ਆਏ ਨੇ! ਫੇਲ੍ਹ ਤਾਂ ਨ੍ਹੀਂ ਹੋ ਗਿਆ!" ਡੈਡੀ ਨੇ ਕਈ ਵਾਰ ਕਿਹਾ।

"ਪਰ ਇੰਨੇ ਘੱਟ ਨੰਬਰ!"

"ਫੇਰ ਕੀ ਹੋਇਆ! ਨਾੱਨ-ਮੈਡੀਕਲ ਦੀ ਪੜ੍ਹਾਈ ਔਖੀ ਐ ਥੋੜ੍ਹੀ ਜਿਹੀ! ਦਸਵੀਂ ਤੱਕ ਤਾਂ ਤੂੰ ਕਲਾਸ 'ਚੋਂ ਫਸਟ ਈ ਆਉਂਦਾ ਰਿਹੈਂ!"

ਜੇ ਕਦੇ ਸੈਕੰਡ ਵੀ ਰਹਿ ਗਿਆ ਸੀ, ਕੋਈ ਕੁੜੀ ਉਸ ਦੇ ਨਤੀਜੇ 'ਤੇ ਹੱਸੀ ਨਹੀਂ ਸੀ! ... ਤਿੰਨ ਹਾਸਿਆਂ ਦਾ ਛਣਕਾਟਾ- ਜਿਵੇਂ ਉਸ ਦੇ ਸਕੂਲ ਵਾਲੇ ਚਪੜਾਸੀ ਨੇ ਘੰਟੀ ਦੀ ਥਾਂ ਹਥੌੜਾ ਤਿੰਨ ਵਾਰ ਉਸ ਦੇ ਸਿਰ ਵਿੱਚ ਮਾਰਿਆ ਹੋਵੇ!

ਇੰਜਨੀਅਰਿੰਗ ਕਾਲਜ। ਹੋਸਟਲ ਵਿੱਚ ਸੀਨੀਅਰ ਦਾ ਉਹ ਕਮਰਾ। ਸੀਨੀਅਰ ਮੁੰਡੇ ਦੇ ਵਾਲ ਖਿੱਲਰੇ ਹੋਏ। "ਲਾਸਟ ਟਰਾਈ ਐ ਮੇਰੀ ਯੂ.ਪੀ.ਐਸ.ਸੀ. ਦੀ! ਜੇ ਕਲੀਅਰ ਹੋ ਗਿਆ ਤਾਂ ਠੀਕ...!" ਸੀਨੀਅਰ ਉਸ ਨੂੰ ਕਹਿ ਰਿਹਾ ਸੀ।

ਹੋਸਟਲ-ਨਾਈਟ ਦੌਰਾਨ ਉਹੋ ਹੀ ਸੀਨੀਅਰ ਉਸ ਨੂੰ ਕਹਿ ਰਿਹਾ ਸੀ, "ਹੋ ਸਕਦੈ ਮੈਨੂੰ ਆਈ.ਪੀ.ਐਸ. ਮਿਲ ਜਾਵੇ! ਨਹੀਂ ਫਿਰ, ਆਈ.ਆਰ.ਐਸ. ਤਾਂ ਪੱਕੀ ਹੈ ਹੀ!"

ਸੁਣ ਕੇ ਉਸ ਦੀਆਂ ਅੱਖਾਂ ਅੱਗੇ ਆਪਣੀ ਇੱਕ ਤਸਵੀਰ ਸਾਕਾਰ ਹੋਈ- ਉਹਨਾਂ 'ਚੋਂ ਇੱਕ ਕੁੜੀ ਦੇ ਇਲਾਕੇ ਵਿੱਚ ਉਹ ਡੀ.ਸੀ. ... ਉਹ ਕੁੜੀ ਉਸ ਦੇ ਦਫ਼ਤਰ ਅੰਦਰ ਹਾੜ੍ਹੇ ਕੱਢਦੀ ਹੋਈ, "ਮੇਰੇ ਪਤੀ ਨੂੰ ਛੱਡ ਦਿਉ! ਥੋਨੂੰ ਰੱਬ ਦਾ ਵਾਸਤਾ! ਮੇਰੇ ਨਾਲ ਪੜ੍ਹੇ ਹੋਣ ਦਾ ਲਿਹਾਜ਼ ਕਰੋ!" ... ਤੇ ਉਹ ਫੋਨ ਕੰਨ ਨਾਲ ਲਾਉਂਦਾ ਹੋਇਆ। "ਐਸ.ਐਸ.ਪੀ. ਨਾਲ ਗੱਲ ਕਰਵਾਉ ਮੇਰੀ...।"

ਉਹ ਜਨਰਲ ਸਟੱਡੀਜ਼ ਦੀ ਕਿਤਾਬ ਚੁੱਕਦਾ ਤਾਂ ਉਸ ਦਾ ਅੰਦਰ ਮਿਠਾਸ ਨਾਲ ਭਰ ਜਾਂਦਾ- ਉਸ ਦੀਆਂ ਅੱਖਾਂ ਸਾਹਮਣੇ ਤਿੰਨ ਕਿਰਪਾਨਾਂ ਸਾਣ੍ਹ 'ਤੇ ਤੇਜ਼ ਹੋ ਰਹੀਆਂ ਹੁੰਦੀਆਂ!

ਯੂ.ਪੀ.ਐਸ.ਸੀ. ਦੀ ਪ੍ਰੀਲਿਮਨਰੀ ਪ੍ਰੀਖਿਆ ਦਾ ਨਤੀਜਾ ਵੇਖਣ ਤੋਂ ਬਾਅਦ ਉਸ ਨੇ ਕੰਪਿਊਟਰ ਦੁਆਲੇ ਨਜ਼ਰ ਮਾਰੀ। ਉਹਨਾਂ ਤਿੰਨ੍ਹਾਂ ਵਿੱਚੋਂ ਉਥੇ ਕੋਈ ਵੀ ਨਹੀਂ ਸੀ।

ਮੇਨ ਦੇ ਨਤੀਜੇ ਵੇਲੇ ਉਸ ਨੂੰ ਲਿਸਟ ਵਿੱਚ ਆਪਣਾ ਰੋਲ ਨੰਬਰ ਨਾ ਦਿਸਿਆ। ... ਉਹੋ ਹੀ ਤਿੰਨੇ ਚਿਹਰੇ ਕੰਪਿਊਟਰ ਦੇ ਮੋਨਿਟਰ ਉੱਪਰੋਂ ਠਹਾਕਾ ਮਾਰ ਕੇ ਹੱਸੇ।

ਕੁੱਝ ਦਿਨਾਂ ਬਾਅਦ ਉਸ ਨੇ ਕਿਤਾਬ ਚੁੱਕੀ। ਪੰਨਿਆਂ 'ਤੇ ਅੱਖਾਂ ਜੰਮ ਨਹੀਂ ਰਹੀਆਂ ਸਨ। ਉਸ ਨੇ ਚੈਪਟਰ ਪੜ੍ਹਿਆ, ਕਿਤਾਬ ਰੱਖ ਦਿੱਤੀ। ... ਦੂਜੀ ਕਿਤਾਬ ਦਾ ਚੈਪਟਰ ਪੜ੍ਹਿਆ। ਫਿਰ ਤੀਜੀ ਦਾ... ਫਿਰ ਅਗਲੀ ...।... ਤਿੱਖੀਆਂ ਤਲਵਾਰਾਂ ਫਿਰ ਚਮਕਣ ਲੱਗੀਆਂ!

ਉਸ ਨੇ ਪ੍ਰੀਲਿਮਨਰੀ ਪ੍ਰੀਖਿਆ ਦਾ ਨਤੀਜਾ ਵੇਖਣ ਲਈ ਕੰਪਿਊਟਰ ਖੋਲ੍ਹਿਆ। ਸੂਚੀ ਵਿੱਚ ਉਸ ਦਾ ਰੋਲ ਨੰਬਰ ਨਹੀਂ ਦਿਸਿਆ। "ਅਸੀਂ ਤਾਂ ਵਿਆਹੀਆਂ ਵੀ ਗਈਆਂ! ਤੂੰ ਦੱਸ, ਕਦੋਂ ਡੀ.ਸੀ. ਲੱਗਣੈ ... ਲੱਗੇਂਗਾ ਵੀ ਕਿ...!" ਤਿੰਨ ਧੁੰਦਲੇ ਚਿਹਰੇ ਮੋਨੀਟਰ ਉੱਪਰੋਂ ਹੱਸਦੇ ਹੋਏ ਝਾਕ ਰਹੇ ਸਨ।

ਉਸ ਦੀਆਂ ਅੱਖਾਂ ਵਿੱਚੋਂ ਅੱਥਰੂ ਟਪਕੇ। "ਕਦੋਂ ਕਲੀਅਰ ਹੋਊ ਮੇਰਾ ਟੈਸਟ! ਓ ਰੱਬਾ!"

ਉਸ ਨੇ ਫਿਰ ਕਿਤਾਬਾਂ ਚੁੱਕੀਆਂ। ਅੱਖਾਂ ਅੱਗੇ ਕੋਈ ਨਜ਼ਾਰਾ ਨਾ ਬਣਿਆ। ਛਾਤੀ ਅੰਦਰ ਖਿੱਚਿਆ ਸਾਹ ਹੇਠਾਂ ਡਿੱਗ ਪਿਆ।

ਉਸ ਨੇ ਸ਼ੀਸ਼ੇ ਵਿੱਚ ਆਪਣਾ ਚਿਹਰਾ ਵੇਖਿਆ- ਵਧੀ ਹੋਈ ਦਾੜ੍ਹੀ ਤੇ ਖਿੱਲਰੇ ਵਾਲ।

ਉਸ ਨੇ ਕਿਤਾਬ ਦਾ ਮੋੜਿਆ ਹੋਇਆ ਪੰਨਾ ਖੋਲ੍ਹਿਆ। ਅੱਖਰ ਚੁਗਣੇ ਸ਼ੁਰੂ ਕੀਤੇ। ਅੰਦਰ ਹੁਲਾਰਾ ਆਉਣ ਲੱਗਿਆ। ਤਲਵਾਰਾਂ ਤੇਜ਼ ਹੁੰਦੀਆਂ ਦਿਸੀਆਂ। ਅੱਖਾਂ ਅੱਗੇ ਨਜ਼ਾਰਾ ਸਾਕਾਰ ਹੋਣ ਲੱਗਿਆ- ਉਹ ਡੀ.ਸੀ. ਦੀ ਕੁਰਸੀ 'ਤੇ। ਉਹਨਾਂ 'ਚੋਂ ਇੱਕ ਕੁੜੀ ਉਸ ਦੇ ਮੇਜ਼ ਦੇ ਦੂਜੇ ਪਾਸੇ...!

ਉਸ ਨੇ ਪੀ.ਸੀ.ਐਸ. ਦਾ ਨਤੀਜਾ ਵੇਖਿਆ। ਉਸ ਦਾ ਰੋਲ ਨੰਬਰ ਸੂਚੀ 'ਚ ਮੈਰਿਟ ਵਿੱਚ ਅੱਠਵੇਂ ਨੰਬਰ 'ਤੇ ਚਮਕ ਰਿਹਾ ਸੀ। ਉਸ ਦੇ ਢਿੱਡ ਵਿੱਚੋਂ ਇੱਕ ਫੁਹਾਰਾ ਉੱਠਿਆ ਤੇ ਸਾਰੇ ਸਰੀਰ ਵਿੱਚ ਖਿੱਲਰ ਗਿਆ। ਉਸ ਨੇ ਕੰਪਿਊਟਰ ਦੁਆਲੇ ਨਜ਼ਰ ਦੌੜਾਈ। ਉਹਨਾਂ ਤਿੰਨਾਂ ਵਿੱਚੋਂ ਉਥੇ ਕੋਈ ਵੀ ਨਹੀਂ ਸੀ!

..."ਸਰ! ਮੇਰਾ ਬੇਟਾ ਹੈਂਡੀਕੈਪਟ ਐ। ਮੇਰੀ ਡਿਊਟੀ ਕੱਟ ਦਿਉ, ਪਲੀਜ਼!" ਔਰਤ ਦੀ ਤਰਲੇ ਭਰੀ ਅਵਾਜ਼ ਨੇ ਉਸ ਦੇ ਖਿਆਲਾਂ ਦੀ ਲੜੀ ਨੂੰ ਵਿੱਚੋਂ ਕੱਟ ਦਿੱਤਾ ਸੀ।

ਉਹ ਪੁੱਛਣਾ ਚਾਹੁੰਦਾ ਸੀ, "ਤੇਰੀਆਂ ਬਾਕੀ ਦੋ ਸਹੇਲੀਆਂ ਕਿੱਥੇ ਨੇ?" ਪਰ ਉਸ ਦੀ ਨਜ਼ਰ ਉਸ ਦੀਆਂ ਅੱਖਾਂ ਦੇ ਝੁਰੜਾਏ ਕੋਨਿਆਂ 'ਤੇ ਪਈ। ਉਸ ਦਾ ਆਪਣਾ ਚਿਹਰਾ ਹਥਲੇ ਕਾਗ਼ਜ਼ਾਂ 'ਤੇ ਝੁਕ ਗਿਆ।

ਔਰਤ ਨੇ ਵੀ ਪਲਕਾਂ ਤੇਜ਼ੀ ਨਾਲ ਝਪਕੀਆਂ।

"ਪਹਿਲਾਂ ਤੁਸੀਂ ਇਹ ਦੱਸੋ, ਥੋਡੇ ਨਾਲ ਸਕੂਲ 'ਚ ਕੋਈ ਮੁੰਡਾ ਹਰਪ੍ਰੀਤ ਵੀ ਪੜ੍ਹਦਾ ਸੀ?" ਉਸ ਨੇ ਆਪਣਾ ਚਿਹਰਾ ਚੁੱਕਿਆ। ਕੁੱਝ ਪਲ ਰੁਕ ਕੇ ਉਹ ਮੁਸਕੁਰਾਇਆ।

"ਸਰ ... ਸਰ ...!" ਔਰਤ ਨੇ ਆਪਣੇ ਮੱਥੇ 'ਤੇ ਜ਼ੋਰ ਪਾਇਆ।

ਸ਼ਿਕਾਰ ਤਿਆਰ ਸੀ। ਉਸ ਨੂੰ ਕੋਈ ਕਾਹਲ ਨਹੀਂ ਸੀ। "ਕੋਈ ਗੱਲ ਨ੍ਹੀਂ! ... ਤੁਸੀਂ ਅਰਜ਼ੀ ਲਿਖ ਕੇ ਲੈ ਆਓ ... ਤੇ ਸਕੂਲ ਦੀ ਗਰੁੱਪ ਫੋਟੋ 'ਚੋਂ ਦੇਖ ਕੇ ਦੱਸਿਓ!" ਉਸ ਦੀ ਮੁਸਕੁਰਾਹਟ ਵਿੱਚੋਂ ਦੰਦ ਲਿਸ਼ਕੇ।

ਔਰਤ ਦੇ ਮੱਥੇ 'ਤੇ ਕਸੀਆਂ ਲਕੀਰਾਂ ਢਿੱਲੀਆਂ ਹੋ ਗਈਆਂ। ਉਹ ਵੀ ਮੁਸਕੁਰਾਈ। "ਜੀ, ਸਰ!"

ਕੀ ਉਸ ਨੇ ਉਸ ਦੇ ਕਮਰੇ ਅੱਗੇ ਲੱਗੀ ਨੇਮ-ਪਲੇਟ ਨਹੀਂ ਸੀ ਵੇਖੀ? ... ਓਹ!! ਤਖ਼ਤੀ 'ਤੇ ਉੱਕਰੇ ਸੁਨਹਿਰੀ ਅੱਖਰ ਉਸ ਦੀਆਂ ਅੱਖਾਂ ਵਿੱਚ ਉੱਘੜੇ- 'ਐਚ.ਐਸ. ਸੇਖੋਂ, ਏ.ਡੀ.ਸੀ.(ਜੀ.)'! ... ਕਾਸ਼! ਹਰਪ੍ਰੀਤ ਸਿੰਘ ਸੇਖੋਂ ਲਿਖਵਾਇਆ ਹੁੰਦਾ!...

"ਸਰ! ਮੈਂ ਫੋਟੋ ਦੇਖੀ ਸੀ!...!" ਅੱਜ ਆਉਂਦਿਆਂ ਹੀ ਉਹ ਮੁਸਕੁਰਾਈ ਸੀ। "ਫੋਟੋ ਦੇਖ ਕੇ ਧਿਆਨ 'ਚ ਆਇਆ! ਦਸਵੀਂ ਤੋਂ ਬਾਦ ਹਰਪ੍ਰੀਤ ਕਦੇ ਮਿਲਿਆ ਈ ਨ੍ਹੀਂ! ...ਪਰ, ਸਰ! ਥੋਨੂੰ ਕਿਵੇਂ ਪਤਾ ਉਹ ਮੇਰਾ ਕਲਾਸਮੇਟ ਐ?" ਉਸ ਦੀ ਅਵਾਜ਼ ਵਿੱਚ ਚਹਿਕ ਸੀ।

## ਹਿੰਦੀ ਕਵਿਤਾ ਮਸ਼ੀਨੀ ਯੁੱਗ ਦਾ ਆਦਮੀ / ਦੇਵੇਸ਼ ਪਥ ਸਾਰੀਆ



ਉਹ ਭੁੱਲ ਚੁੱਕਿਆ ਹੈ
ਦਰਵਾਜੇ ਤੇ ਕੁੰਡੀ
ਖੜਕਾਉਣ ਦਾ ਰਿਵਾਜ਼
ਇਹ ਵੀ
ਕਿ ਇਕ ਬੀਤੀ ਦੁਨੀਆਂ
ਉਸਦੇ ਲਈ ਸੀ
ਖੋਹਲਿਆ ਜਾਂਦਾ ਸੀ ਮੁਸਕਰਾ ਕੇ
ਇਕ ਹਰੇ ਰੰਗ ਦਾ ਦਰਵਾਜਾ

ਕਿਸੇ ਮਹਾਦੇਸ਼ ਦੇ
ਕਿਸੇ ਮਹਾਨਗਰ ਵਿੱਚ
ਉਹ ਇਨਕ੍ਰਿਪਟਡ ਮੈਸੇਜ ਵਰਗੀ
ਨੀਂਦ ਸੌਂਦਾ ਸੀ
ਬਰੈਕਟ ਵਿੱਚ ਬੰਦ ਵਰਗੇ
ਸੁਪਨੇ ਆਉਂਦੇ ਹਨ ਉਸਨੂੰ

ਹਰ ਸਵੇਰ ਉਹ
ਬਹੁਮੰਜ਼ਿਲਾ ਇਮਾਰਤ ਦੇ
ਛੋਟੇ ਜਿਹੇ ਕਮਰੇ ਵਿੱਚ
ਲਿਫਟ ਫੜ ਕੇ ਥੱਲੇ ਆਉਂਦਾ ਹੈ
ਕਿਰਾਏ ਦੇ ਕਮਰੇ ਵਿੱਚੋਂ ਦਫਤਰ ਜਾਂਦਾ ਹੈ
ਇਕੱਲੇਪਨ ਵਿੱਚੋਂ ਨਿਕਲ ਕੇ
ਇਕੱਲੇਪਨ ਵਿਚ ਦਾਖਲ ਹੁੰਦਾ ਹੈ

ਇੱਕ ਡੈਸਕ ਦੇ ਸਾਹਮਣੇ
ਦਿਨ ਭਰ ਲਟਾਪੀਂਘ ਹੁੰਦਾ
ਪੂਰੀਆਂ ਬਾਹਾਂ ਪਸਾਰ ਕੇ
ਉਬਾਸੀ ਵੀ ਨਹੀਂ ਲਈ ਜਾ ਸਕਦੀ

ਆਫਿਸ ਖਤਮ ਕਰ
ਉਸੇ ਲਿਫਟ ਨਾਲ
ਕਮਰੇ ਵਿੱਚ ਉੱਪਰ ਆਉਂਦਾ ਹੈ

ਕੰਪਿਊਟਰ ਦੀ ਹਰ
ਬਿੱਟ ਵਰਗਾ ਸਮਰਸ
ਉਹ ਆਪਣਾ ਹਰ ਦਿਨ ਬਿਤਾਉਂਦਾ ਹੈ
ਬੇਚੈਨੀ ਵਿੱਚ ਕੋਲਹੂ ਦੇ ਬੈਲ ਵਰਗਾ
ਜੀਵਨ ਜਿਉਂਦਾ ਹੈ

ਮਸ਼ੀਨੀ ਯੁਗ ਦਾ ਇਹ ਆਦਮੀ

**ਪੰਜਾਬੀ ਅਨੁ. ਅ.ਕ.**

ਦਸਵੀਂ? ... ਉਸ ਨੇ ਤਾਂ ਉਸ ਸਕੂਲ ਵਿੱਚ ਗਿਆਰ੍ਹਵੀਂ 'ਚ ਦਾਖਲਾ ਲਿਆ ਸੀ! ... ਜੇ ਉਹ ਕੱਲ੍ਹ ਬਾਰ੍ਹਵੀਂ ਦੀ ਫੋਟੋ ਕਹਿੰਦਾ ਤਾਂ...?

"ਸਰ! ਤੁਸੀਂ ਹਰਪ੍ਰੀਤ ਨੂੰ ਕਿਵੇਂ ਜਾਣਦੇ ਓਂ?"

ਉਸ ਨੇ ਔਰਤ ਦੇ ਹੱਥ ਵਿੱਚੋਂ ਅਰਜ਼ੀ ਫੜੀ ਤੇ ਚਪੜਾਸੀ ਨੂੰ ਘੰਟੀ ਵਜਾਈ। ਫਿਰ ਮੇਜ਼ 'ਤੇ ਪਈ ਫਾਈਲ ਖੋਲ੍ਹ ਕੇ ਵੇਖਣ ਲੱਗ ਪਿਆ।

ਉਹ ਕਮਰੇ 'ਚੋਂ ਬਾਹਰ ਜਾ ਚੁੱਕੀ ਸੀ।

...ਉਸ ਨੇ ਮੱਥੇ ਦੀਆਂ ਤਿਉੜੀਆਂ ਨੂੰ ਸਿਕੋੜਿਆ। ਨਾਮ...?

ਕੰਧ 'ਤੇ ਉਸ ਦੀ ਨਜ਼ਰ ਫਿਸਲਦਿਆਂ ਘੜੀ 'ਤੇ ਅਟਕ ਗਈ। ਛੋਟੀ ਸੂਈ ਛੇ ਨੂੰ ਛੂਹਣ ਦੀ ਕੋਸ਼ਿਸ਼ ਕਰ ਰਹੀ ਸੀ। ਸਕਿੰਟਾਂ ਵਾਲੀ ਸੂਈ ਦੌੜਦੀ ਹੋਈ ਬਾਕੀ ਦੋਹਾਂ ਸੂਈਆਂ ਨੂੰ ਪਿੱਛੇ ਛੱਡ ਰਹੀ ਸੀ।... ਨਾਮ...?

"ਸਰ! ਇਹਨਾਂ ਦੀ ਡਿਊਟੀ ਦਾ ਕੀ ਕਰਨੈ?" ਅਸਿਸਟੈਂਟ ਨੇ ਸਵਾਲ ਦੁਹਰਾਇਆ।

"ਕੱਟ ਦਿਉ," ਉਸ ਨੇ ਅਰਜ਼ੀ ਵਾਲੇ ਕਾਗ਼ਜ਼ 'ਤੇ ਪੈੱਨ ਚਲਾਇਆ ਤੇ ਅਸਿਸਟੈਂਟ ਵੱਲ ਵਧਾ ਦਿੱਤਾ, "ਜੈਨਯੂਨ ਕੇਸ ਐ!"

**89680-62521**

## ਓ ਮੇਰੇ ਚਾਨਣਾ / ਬਲਵਿੰਦਰ ਸੰਧੂ



ਗਰਦਸ਼ਾਂ ਦੇ ਦੌਰ ਨੇ
ਬਚ ਕੇ ਰਹੀਂ ਤੂੰ ਚਾਨਣਾ
ਹਾਦਸੇ ਮੂੰਹ ਜ਼ੋਰ ਨੇ
ਬਚ ਕੇ ਰਹੀਂ ਤੂੰ ਚਾਨਣਾ

ਪਗਡੰਡੀਆਂ ਇਹ ਲੰਬੀਆਂ
ਕਈ ਜ਼ਮਾਨੇ ਲੰਘੀਆਂ
ਮੁੜ ਰਹੀਆਂ ਹੁਣ ਮੋੜ ਨੇ....
ਬਚ ਕੇ ਰਹੀਂ ਤੂੰ ਚਾਨਣਾ

ਬਾਬਾਣੀਆਂ ਕਹਾਣੀਆਂ
ਸਭ ਹੋ ਗਈਆਂ ਪੁਰਾਣੀਆਂ
ਆਏ ਅਫ਼ਸਾਨੇ ਹੋਰ ਨੇ...
ਬਚ ਕੇ ਰਹੀਂ ਤੂੰ ਚਾਨਣਾ

ਹਾਜ਼ੀਆਂ ਨਿਮਾਜ਼ੀਆਂ
ਕਰਨਾ ਕੀ ਇਹਨਾਂ ਕਾਜ਼ੀਆਂ
ਰਹੇ ਹਨੇਰੇ ਓਰ ਨੇ...
ਬਚ ਕੇ ਰਹੀਂ ਤੂੰ ਚਾਨਣਾ

ਅਹਿਮਦਾਂ ਅਬਦਾਲੀਆਂ
ਜਿਹਨਾਂ ਨੇ ਅੱਗਾਂ ਬਾਲੀਆਂ
ਸੜ ਰਹੇ ਵਿੱਚ ਗੋਰ ਨੇ......
ਬਚ ਕੇ ਰਹੀ ਤੂੰ ਚਾਨਣਾ

ਗੇਰੂਵੇ ਇਹ ਭੇਰੂਵੇ
ਜੋਗੜੇ ਇਹ ਸਾਧੜੇ
ਦਮੜਿਆਂ ਦੇ ਚੋਰ ਨੇ....
ਬਚ ਕੇ ਰਹੀਂ ਤੂੰ ਚਾਨਣਾ

ਯਾਰੜੇ ਪਿਆਰੜੇ
ਦੇਂਦੇ ਜੋ ਤੈਨੂੰ ਥਾਪੜੇ
ਖ਼ੁਦ ਬੜੇ ਕਮਜ਼ੋਰ ਨੇ...
ਬਚ ਕੇ ਰਹੀਂ ਤੂੰ ਚਾਨਣਾ.......

## ਇਹ ਕਿਸਦਾ ਹਿੰਦੋਸਤਾਨ ਹੈ / ਚਮਕੌਰ ਸਿੰਘ ਚਹਿਲ

ਇਹ ਭਾਰਤ ਹੈ ਜਾਂ ਹਿੰਦੋਸਤਾਨ
ਜਾਂ ਫਿਰ ਕੀ ਇਹ ਇੰਡੀਆ ਹੈ
ਮਾਨਵੀ ਰਿਸ਼ਤਿਆਂ ਦੇ ਪਾੜੇ ਅੰਦਰ
ਸਭ ਕੁਝ ਖਿੰਡਿਆ ਖਿੰਡਿਆ ਹੈ

ਰਾਜਨੇਤਾ ਤੇ ਆਪੇ ਬਣੇ ਰਹਿਨੁਮਾ
ਫ਼ਰਜ਼ਾਂ ਤੋਂ ਸਭ ਮੁਨਕਰ ਨੇ
ਦਕੀਆਨੂਸੀ ਸੋਚ ਜਾਂ ਫਿਰਕੂ
ਖੁਰਾਫ਼ਾਤਾਂ ਦੇ ਇਹ ਬੁਣਕਰ ਨੇ

ਵਿਕਾਊ ਮੀਡੀਆ ਤੇ
ਸੁੱਤਾ ਆਵਾਮ
ਦੇਸ਼ ਦੇ ਲਈ ਘਾਤਕ ਨੇ
ਰਾਜਸੀ ਤੇ ਵਿਰੋਧੀ ਧਿਰ ਦੋਵੇਂ
ਦੇਸ਼ ਲਈ ਅੱਜ ਆਫ਼ਤ ਨੇ

ਅੱਜ ਮੁਲਕ ਹੈ ਗੁਜ਼ਰ ਰਿਹਾ
ਭਿਆਨਕ ਗਰਦਿਸ਼ੀ ਦੌਰ ਚੋਂ
ਅਖੌਤੀ ਰਾਸ਼ਟਰਵਾਦੀਆਂ ਨੂੰ
ਵਿਹਲ ਨਹੀਂ ਇਲਜ਼ਾਮਾਂ ਤੋਂ
ਭੱਜ ਰਹੇ ਨੇ ਇਖ਼ਲਾਕੀ ਫ਼ਰਜ਼ਾਂ ਤੋਂ
ਬੇਹਾਲ ਨੇ
ਹਲ਼ਕ ਚੁੱਕੇ ਮਨਚੋਰ ਤੋਂ

ਦਰਿਆਵੀਂ ਲਾਸ਼ਾਂ ਰੁੜ੍ਹਦੀਆਂ
ਨਦੀਆਂ ਬਣੀਆਂ ਸ਼ਮਸ਼ਾਨ ਨੇ
ਇਹ ਰਾਜਮਹਿਲ ਬੁੱਤ ਤੇ ਮੰਦਰ
ਹਸਪਤਾਲਾਂ ਦੀ ਥਾਂ ਕਦ ਮੰਗੇ
ਆਵਾਮ ਨੇ
ਮਾਰਧਾੜ ਜਾਂ ਆਪੋਧਾਪੀ 'ਚ
ਖ਼ਾਸਮਖ਼ਾਸ ਦੇਸ਼ ਭਗਤ ਮਸਰੂਫ਼ ਨੇ
ਪਹਿਨ ਖ਼ਤੀਬੀ ਵੇਸ ਬਣਾਉਂਦੇ
ਅੰਧ-ਭਗਤਾਂ ਨੂੰ ਬੇਵਕੂਫ਼ ਨੇ

ਇਨਸਾਨੀਅਤ ਉੱਡ ਗਈ
ਖੰਭ ਲਾ
ਹਰ ਥਾਂ ਮਚਿਆ
ਕੋਹਰਾਮ ਹੈ
ਸ਼ਰਨਾਰਥੀਆਂ ਦੀ
ਤਰ੍ਹਾਂ ਰੁਲ਼ ਰਿਹਾ
ਅੱਜ ਸੜਕਾਂ ਤੇ ਕਿਰਸਾਨ ਹੈ

ਵਿਕ ਰਹੀ ਜ਼ਮੀਰ
ਇਥੇ ਵਿਕ ਰਿਹਾ ਈਮਾਨ ਹੈ
'ਚਹਿਲ' ਦੀ ਸਮਝ ਤੋਂ ਬਾਹਰ ਹੈ
ਇਹ ਕਿਸਦਾ ਭਾਰਤ ਕਿਸਦਾ
ਇੰਡੀਆ

ਤੇ ਕਿਸਦਾ ਹਿੰਦੋਸਤਾਨ ਹੈ
ਇਹ ਕਿਸਦਾ ਹਿੰਦੋਸਤਾਨ ਹੈ
ਇਹ ਕਿਸਦਾ ਹਿੰਦੋਸਤਾਨ ਹੈ।



## ਕਵਿਤਾਵਾਂ / ਸਤਨਾਮ ਕੌਰ ਚੌਹਾਨ

### ਤਪੱਸਿਆ



ਉਡੀਕਿਆ, ਚਿਰਾਂ ਤੀਕ
ਪਹੁ ਫੁਟਾਲਾ, ਢਲਦੇ ਪਰਛਾਵੇਂ
ਸ਼ਾਮਾਂ ਆ ਉਤਰੀਆਂ
ਇਸ ਉਡੀਕ ਨੇ,
ਬਣਾ ਦਿੱਤਾ ਜੋਗਣ
ਮੁਹੱਬਤ ਤਪੱਸਿਆ ਬਣ ਗਈ

### ਅੱਖਰਾਂ ਦੀ ਬੁਣਤੀ

ਅੱਜ ਕੱਲ ਮੈਂ ਸਵੈਟਰ ਨਹੀਂ ਬੁਣਦੀ
ਸਗੋਂ ਪਾ ਅੱਖਰਾਂ ਦੇ ਘੁਰੇ
ਕਵਿਤਾਵਾਂ ਬੁਣਦੀ ਹਾਂ
ਅੱਜ ਦੇ ਇਸ ਕਾਲੇ ਦੌਰ ਦੀਆਂ
ਜਦੋਂ ਹਰ ਪਾਸੇ, ਮੌਤ ਦਾ ਦੈਂਤ
ਦਨਦਨਾਉਂਦਾ ਫਿਰਦਾ
ਸੋਗੀ ਹਵਾਵਾਂ, ਹਰ ਪਾਸੇ ਵੈਣ
ਪਾਉਂਦੀਆਂ
ਕਿਤੇ ਰੋਟੀ ਦਾ ਮਸਲਾ
ਸੜਕਾਂ ਤੇ ਸੰਘਰਸ਼
ਹਾਕਮ ਦੀ ਬੇਪਰਵਾਹੀ
ਦੁਸ਼ਵਾਰੀਆਂ,
ਮੁੱਕ ਰਹੇ ਸਾਹਾਂ ਦੀ, ਪਾ ਬੁਣਤੀ
ਮੈ ਅੱਖਰ ਬੁਣਦੀ ਹਾਂ
ਕਵਿਤਾਵਾਂ ਬੁਣਦੀ ਹਾਂ

### ਹਾਰਿਓ ਨਾ


ਹਾਰਿਓ ਨਾ ਹਾਰਿਓ
ਮਿੱਟੀ ਦੇ ਦੁਲਾਰਿਓ
ਆਉਣਾ,ਜਿੱਤ ਝੋਲੀ ਪਾ
ਖੇਤਾਂ ਦੇ ਚੱਪੇ ਚੱਪੇ
ਛੱਟਾ, ਮਾਰੋ ਬੀ ਦਾ
ਉੱਗ ਪੈਣੇ,ਫੇਰ ਥੋੜੇ ਚਾਅ
ਮਹਿਕ ਇਹ ਰੋਟੀਆਂ ਦੀ
ਬਣੀ ਰਹੇ ਯੁੱਗਾਂ ਤਾਈਂ
ਇਹੋ ਕਰਦੇ ਅਰਦਾਸ
ਤੋੜ ਬੇਈਮਾਨਾਂ ਦੇ ਘੇਰਿਆਂ ਨੂੰ
ਦੀਵਾ,ਸੱਚ ਵਾਲਾ ਦੇਣਾ ਤੁਸਾਂ ਬਾਲ
ਰੁੱਤਾਂ ਜੋ  ਸਰਾਪੀਆਂ ਨੇ
ਮੁੜ ਆਉਣ ਫੇਰ ਰੱਬਾ
ਡੁੱਲ ਡੁੱਲ੍ਹ ਪੈਣ ਫੇਰ ਚਾਅ
ਜੁੱਗ ਜੁੱਗ ਜੀਉ,
ਖੇਤਾਂ ਦਿਓ  ਰਾਜਿਓ
ਫ਼ਸਲਾਂ ਦੀ ਹੋਵੇ ਭਰਮਾਰ
ਹਾਰਿਓ ਨਾ ਹਾਰਿਓ
ਮਿੱਟੀ ਦੇ ਦੁਲਾਰਿਓ
ਆਉਣਾ ਜਿੱਤ ਝੋਲੀ ਪਾ।

## ਸੁਪਨੇ / ਨਵਨੀਤ ਕੌਰ

ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ ਤੇ,
ਹਰ ਇੰਸਾਨ ਕੋਈ ਨਾ ਕੋਈ
ਸੁਪਨਾ ਜਰੂਰ ਵੇਖਦਾ ਹੈ
ਉਹ ਸੁਪਨਾ ਉਸਦੇ ਲਈ
ਕਿੰਨਾ ਖਾਸ ਤੇ ਜਰੂਰੀ ਹੈ,
ਇਹ ਬੱਸ ਉਹੀਓ ਜਾਣਦਾ ਹੈ,
ਯਾ ਤਾਂ ਉਹ ਜਾਣਦੇ ਨੇ ਜੋ ਉਸਦੇ ਦਿਲ ਦੇ
ਬਹੁਤ ਨੇੜੇ ਹੁੰਦੇ ਨੇ
ਕਿਸੇ ਦੇ ਸੁਪਨੇ ਪੂਰੇ ਹੋ ਜਾਂਦੇ ਨੇ,
ਤੇ ਕਿਸੇ ਦੇ ਸੁਪਨੇ,
ਬੱਸ ਸੁਪਨੇ ਬਣਕੇ ਹੀ ਰਹਿ ਜਾਂਦੇ ਨੇ .
ਸੁਪਨੇ ਪੂਰੇ ਕਰਨ ਦੇ ਇਸ ਸਫ਼ਰ ਵਿੱਚ,
ਕਿਸੇ ਦੇ ਅਪਣੇ ਉਸਦੇ ਨਾਲ ਖੜ ਜਾਂਦੇ ਨੇ,
ਤੇ ਕਿਸੇ ਦੇ ਅਪਣੇ
ਉਸਦੇ ਖਿਲਾਫ਼ ਹੋ ਜਾਂਦੇ ਨ
ਪਹਿਲਾਂ ਪਹਿਲਾਂ ਜੋਸ਼ ਤਾਂ ਹਰੇਕ ਇੰਸਾਨ
ਵਿੱਚ ਬਹੁਤ ਹੁੰਦਾ ਹੈ,
ਅਪਣੇ ਸੁਪਨਿਆਂ ਨੂੰ ਪੂਰਾ ਕਰਨ ਦਾ .
ਲੇਕਿਨ ਗੁਜ਼ਰਦੇ ਵਕਤ ਦੇ ਨਾਲ ਨਾਲ,
ਕਿਸੇ ਦਾ ਜੋਸ਼ ਦੁੱਗਣਾ ਹੋ ਜਾਂਦਾ ਹੈ,
ਤੇ ਕਿਸੇ ਦਾ ਦਮ ਟੁੱਟ ਜਾਂਦਾ ਹੈ
ਸੁਪਨੇ ਪੂਰੇ ਕਰਨ ਦੀ ਰਾਹ ਵਿੱਚ,
ਬਹੁਤ ਰੁਕਾਵਟਾਂ ਆਉਂਦਿਆਂ ਨੇ,
ਕਦੇ ਅਪਣੇ ਰੁਕਾਵਟ ਬਣ ਜਾਂਦੇ ਨੇ,
ਤੇ ਕਦੇ ਹਾਲਾਤ ਉਸਨੂੰ
ਹਾਰ ਮਨਣ ਨੂੰ ਮਜ਼ਬੂਤ ਕਰ ਦਿੰਦੇ ਨੇ
ਫ਼ੇਰ ਵੀ ਹਿੰਮਤ ਰਖਕੇ ਅਪਣੇ
ਸੁਪਨੇ ਪੂਰੇ ਕਰਨ ਦੀ ਕੋਸ਼ਿਸ਼ ਕਰਨਾ,
ਬਹੁਤ ਹਿੰਮਤ ਵਾਲਾ ਕੱਮ ਹੈ
ਪਰ ਇਹ ਹਿੰਮਤ
ਟੁੱਟਣੀ ਨਹੀਂ ਚਾਹੀਦੀ,
ਕਿਉਂਕਿ ਜਿਸ ਦਿਨ ਹਿੰਮਤ ਟੁੱਟ ਗਈ,
ਫ਼ੇਰ ਬੰਦੇ ਨੂੰ ਵੀ
ਟੁੱਟਦੇ ਹੋਏ ਦੇਰ ਨੀ ਲਗਦੀ
ਟੁੱਟੇ ਹੋਏ ਸੁਪਨਿਆਂ ਦਾ
ਭਾਰ ਚੁੱਕਣਾ ਸੌਖਾ ਨਹੀਂ ਹੁੰਦਾ,
ਇਹ ਗੱਲ ਬੱਸ ਉਹੀ
ਸਮਝ ਸਕਦਾ ਹੈਹੈ,
ਜਿਸਦੇ ਸੁਪਨੇ ਕਿਸੇ ਨਾ ਕਿਸੇ ਕਾਰਣ,
ਕਦੇ ਨਾ ਕਦੇ ਟੁੱਟੇ ਹੋਣ
ਅਪਣੇ ਸੁਪਨਿਆਂ ਨੂੰ ਦਫ਼ਨ ਕਰਕੇ,
ਉਨ੍ਹਾਂ ਦੀ ਮੌਤ ਤੇ ਰੋਣਾ,
ਫ਼ੇਰ ਚੁੱਪ ਚਾਪ ਅੱਗੇ ਵਧ ਜਾਣਾ,
ਸੌਖਾ ਨਹੀਂ ਹੁੰਦਾ
ਸੌਖਾ ਨਹੀਂ ਹੁੰਦਾ।



## ਲੋਹੇ ਦੀ ਚਿੱਪਰ / ਮਦਨ ਵੀਰਾ



ਲੋਹੇ ਦੀ ਇੱਕ ਚਿੱਪਰ
ਤੇਰੇ ਕੋਲ ਸੀ
ਇੱਕ ਚਿੱਪਰ ਮੇਰੇ ਕੋਲ
ਤੂੰ ਬਣਾ ਲਿਆ ਉਸਦਾ ਹਥਿਆਰ
ਬਣ ਗਿਆ ਮੇਰਾ ਰਾਖਾ
ਰਾਖੇ ਤੋਂ ਰਹਿਬਰ

ਮੈਂ ਬਣਾ ਲਿਆ ਹਲ ਦਾ ਫਾਲਾ
ਵਾਹ ਲਈ ਪੈਲੀ
ਬੀਜ ਲਈ ਫ਼ਸਲ
ਤੇਰੇ ਹਥਿਆਰ ਜਿੱਥੇ ਵੀ ਲਿਸ਼ਕੇ
ਥਾਂ ਤੇਰੀ ਹੋ ਗਈ
ਮੈਂ ਜਿੱਥੇ ਵੀ ਸਿਆੜ ਕੱਢੇ
ਬੀਜ ਪਾਇਆ
ਹਰਿਆਵਲ ਫੁੱਟ ਪਈ
ਧਰਤੀ ਹਰੀ ਭਰੀ ਹੋ ਗਈ

ਹੁਣ ਤੇਰੇ ਬਾਰੂਦ ਦੀ ਮੁਸ਼ਕ ਨਾਲ
ਹਥਿਆਰਾਂ ਦੀ ਲਿਸ਼ਕ ਨਾਲ
ਮਧਮ ਪੈ ਗਈ ਹੈ
ਖੇਤਾਂ ਦੀ ਹਰਿਆਵਲ
ਪੂਣ ਕੱਤਦੀਆਂ
ਦੋਧੀਆ ਛੱਲੀਆਂ 'ਚੋਂ
ਸੁੱਕ ਰਿਹਾ ਹੈ ਰਸ
ਤਾਂ ਮੇਰੇ ਹਲ ਦਾ ਘਸਿਆ ਫਾਲ
ਨਾ ਸੰਦ ਬਣ ਰਿਹਾ ਹੈ ਨਾ ਢਾਲ
ਹੁਣ ਮੈਨੂੰ ਫਿਰ ਤਲਾਸ਼ ਹੈ
ਲੋਹੇ ਦੀ ਚਿੱਪਰ ਦੀ
ਮੈਂ ਹਾਲ ਦਾ ਫਾਲ ਬਦਲਣਾ ਹੈ
ਦੋਧੀਆ ਛੱਲੀਆਂ ਦੀ ਰਾਖੀ ਲਈ
ਸੰਦ ਘੜਨਾ ਹੈ
ਤੂੰ ਮੇਰਾ ਰਾਖਾ ਨਹੀਂ
ਰਹਿਬਰ ਨਹੀਂ
ਕੋਈ ਹੋਰ ਹੈਂ
ਅਲੀ ਬਾਬਾ ਦਾ ਚਾਲ੍ਹੀਵਾਂ ਚੋਰ ਹੈਂ....

## ਤੁਹਾਥੋਂ ਮੈਂ ਕੀ ਆਸ ਕਰਾਂ / ਮੇਹਰ ਮਾਣਕ

ਤੁਹਾਥੋਂ ਮੈਂ ਕੀ ਆਸ ਕਰਾਂ
ਮਰ ਗਈ ਮੱਤ  ਦੇ ਸਰ੍ਹਾਣੇ
ਕਿਉਂ ਜਿਗਰ ਦਾ ਤੇਲ ਪਾ
ਚਾਨਣ ਦੇ ਪਸਾਰੇ ਖਾਤਰ
ਅੰਨ੍ਹਿਆਂ ਲਈ ਦੀਵੇ ਧਰਾਂ
ਕਿਉਂ ਨਾ ਹਨ੍ਹੇਰੀਆਂ ਰਾਤਾਂ ਵਿੱਚ
ਜਾਗਦੀਆਂ ਨਜ਼ਰਾਂ ਸੰਗ
ਜਾ ਖੜ੍ਹਾਂ
ਤੇ ਉਨ੍ਹਾਂ ਦਾ ਹੱਥ ਫੜਾਂ

ਸਿਰ ਤੇ ਕਲਗੀ ਸਜਾ
ਤੁਸੀਂ ਜਿਸ ਨੂੰ ਤਖ਼ਤ ਤੇ
ਬੈਠਾ ਆਏ ਹੋ
ਤੇ ਉਸ ਦੇ ਪੈਰਾਂ ਤੇ ਮੁਫਾਦਾਂ ਨਾਲ
ਲੱਦੀ
ਜਮੀਰ ਲੁਟਾ ਆਏ ਹੋ
ਉਹ ਤੁਹਾਡੀ ਪਰਵਾਹ ਕਿਉਂ ਕਰੇਗਾ
ਤਖਤਾਂ ਨੂੰ ਪਤਾ ਹੁੰਦਾ ਹੈ
ਕਿ ਭੀੜਾਂ ਦਾ ਕੋਈ ਭਰੋਸਾ ਨਹੀਂ ਹੁੰਦਾ
ਬਸ ਇਨ੍ਹਾਂ ਨੂੰ ਘੜਨ ਤੇ ਪੜ੍ਹਨ ਦਾ
ਵੱਲ ਆਉਣਾ ਚਾਹੀਦਾ ਹੈ
ਨੱਕ 'ਚ ਨਕੇਲ ਪਾ
ਤਾਂ ਕਿ ਫਸਲ ਉੱਗਦੀ ਰਹੇ
ਸ਼ਾਸਕ ਕੁਝ ਵੀ ਕਹੇ
ਨਸ਼ੇ 'ਚ ਭੀੜ ਦੌੜਦੀ ਰਹੇ
ਸ਼ਾਸਕ ਕੁਝ ਵੀ ਕਹੇ
ਨਸ਼ੇ 'ਚ ਭੀੜ ਦੌੜਦੀ ਰਹੇ
ਤੇ ਇਹੋ ਗੱਲ ਕਹੇ
ਸ਼ਹਿਨਸ਼ਾਹ ਮਹਾਨ ਹੈ
ਨਾਬਰ ਸ਼ੈਤਾਨ ਹੈ
ਗੁਲਾਮੀ ਹੀ ਜੰਨਤ ਹੈ
ਇਹੋ ਰੂਹਾਂ ਦੀ ਮੰਨਤ ਹੈ
ਜਦੋਂ ਇਹ ਸਭ ਕੁਝ
ਤੁਹਾਨੂੰ ਪ੍ਰਵਾਨ ਹੈ
ਫਿਰ ਮੈਂ ਤੁਹਾਥੋਂ ਕੀ ਆਸ ਕਰਾਂ
ਕਿਉਂ ਨਾ ਦੂਰ ਖੜ੍ਹਾਂ।



**ਸਾਹਿਤ ਅਕਾਦਮੀ ਦਿੱਲੀ ਵੱਲੋਂ ਇਸ ਵਾਰ ਦਾ ਸਾਹਿਤ ਅਕਾਦਮੀ ਪੁਰਸਕਾਰ ਪੰਜਾਬੀ ਕਹਾਣੀ ਦੇ ਸਮਰਥ ਕਹਾਣੀਕਾਰ ਸੁਖਜੀਤ  ਨੂੰ ਉਨ੍ਹਾਂ ਦੀ ਪੁਸਤਕ 'ਮੈਂ ਅਯਨਘੋਸ਼ ਨਹੀਂ' ਲਈ ਅਤੇ ਅਨੁਵਾਦ ਪੁਰਸਕਾਰ ਸ਼ਾਇਰਾ ਭੁਪਿੰਦਰ ਕੌਰ ਪ੍ਰੀਤ ਨੂੰ ਦੇਣ ਦਾ ਐਲਾਨ ਹੋਇਆ ਹੈ। ਹਿੰਦੀ ਵਿੱਚ ਸਾਡੇ ਪਿਆਰੇ ਕਵੀ ਮਿੱਤਰ ਬਦਰੀ ਨਾਰਾਇਣ ਨੂੰ ਵੀ ਉਨ੍ਹਾਂ ਦੀ ਪੁਸਤਕ 'ਤੁਮੜੀ ਕੇ ਸ਼ਬਦ' ਨੂੰ ਸਾਹਿਤ ਅਕਾਦਮੀ ਪੁਰਸਕਾਰ ਦੇਣ ਦੀ ਘੋਸ਼ਣਾ ਕੀਤੀ ਗਈ ਹੈ। ਇਨ੍ਹਾਂ ਸਾਰੇ ਅਦੀਬਾਂ ਨੂੰ ਅਦਾਰਾ 'ਪ੍ਰਤਿਮਾਨ' ਤਹਿ-ਦਿਲੋਂ ਮੁਬਾਰਕਬਾਦ ਪੇਸ਼ ਕਰਦਾ ਹੈ।**

## ਕਵਿਤਾ / ਵਿਸ਼ਾਲ



ਉਸ ਨੇ ਔਰਤਾਂ ਨੂੰ ਕੱਪੜਿਆਂ
ਵਾਂਗ ਹੰਢਾਇਆ
ਜੋ ਵੱਖ ਵੱਖ ਸਮੇਂ 'ਤੇ ਉਤਾਰ ਕੇ
ਕਿੱਲੀ 'ਤੇ ਟੰਗਦਾ ਰਿਹਾ
ਕੁਝ ਹੰਢ ਕੇ ਫਟ ਗਏ

ਕਈਆ ਦੇ ਪ੍ਰੈਸ ਕੀਤਿਆਂ ਵੀ
ਵੱਟ ਨਾ ਨਿਕਲੇ

ਕਈਆਂ ਦੇ ਰੰਗ
ਮੂਲੋਂ ਹੀ ਫਿੱਕੇ ਪੈ ਗਏ
ਕਈਆਂ ਨੂੰ ਰੰਗ ਹੀ
ਚੰਗੇ ਨਹੀਂ ਸਨ ਹੋਏ

ਕਈ ਤਾਂ ਪਹਿਲੇ
ਧੋਅ ਹੀ ਫਟ ਗਏ
ਕੁਝ ਕੱਪੜਿਆਂ ਨੂੰ ਉਸ
ਟਾਕੀਆ ਲਾ ਲਾ ਵੀ ਪਾਇਆ

ਉਮਰ ਬੀਤ ਗਈ
ਤੇ ਹੁਣ ਲੋੜ ਹੈ ਉਸ ਨੂੰ
ਆਪਣਾ ਨੰਗੇਜ਼
ਤੇ ਉਮਰ ਦੇ ਕੱਜਣ ਲਈ
ਪਰ ਉਹ ਕਿਸੇ ਵੀ ਕੱਪੜੇ ਦੇ
ਮੇਚ ਨਹੀਂ ਆ ਰਿਹਾ

ਤੇ ਸੋਚਦਾ ਹੈ
ਕੋਈ ਆਵੇ ਤੇ ਉਸ ਨੂੰ
ਕਿੱਲੀ 'ਤੇ ਟੰਗ ਦੇਵੇ।

## ਸਮੁੱਚਾ ਵਿਸ਼ਵ ਹੀ / ਸਰਿਤਾ ਤੇਜੀ

ਸਮੁੱਚਾ ਵਿਸ਼ਵ ਹੀ
ਉਸ ਵਕਤ ਇੱਕ
ਪਰਿਵਾਰ ਬਣ ਜਾਵੇ
ਜੇ ਇੱਕ ਪੁੱਲ ਸਾਂਝ ਦਾ ਦੋਹਾਂ
ਦਿਲਾਂ ਵਿਚਕਾਰ ਬਣ ਜਾਵੇ।

ਨਾ ਫ਼ੇਰ ਆਵਣ ਤਿਰੰਗੇ ਵਿੱਚ,
ਲਿਪਟ ਕੇ ਪੁੱਤ ਮਾਂਵਾਂ ਦੇ,
ਹਰੇਕ ਦੀ ਮਾਤ ਭੂਮੀ ਲਈ ਜੇ
ਦਿਲੋਂ ਸਤਿਕਾਰ ਬਣ ਜਾਵੇ।

ਛਲਾਵਾ ਦੇ ਕੇ ਖਿੱਲਾਂ ਦਾ,
ਪੁਆ ਟੋਪੀ ਨਚਾਉਂਦਾ ਹੈ
ਤਮਾਸ਼ਾ ਭੁੱਖੇ ਢਿੱਡ ਦਾ,
ਉਸ ਲਈ ਰੁਜ਼ਗਾਰ ਬਣ ਜਾਵੇ।

ਉਹ ਜਰਬਾਂ ਦੀ ਜਗਾਹ ਤਕਸੀਮ
ਦੇ ਸਭ ਕਰ ਦਵੇ ਪੱਧਰਾ
ਹਿਸਾਬੋਂ ਵੱਧ ਕੇ ਬੰਦਾ ਜਦੋਂ
ਹੁਸ਼ਿਆਰ ਬਣ ਜਾਵੇ।

ਨਾ ਪੈਂਤੀ ਟੋਟਿਆਂ ਦਾ ਸੋਗ
ਗਿਆ ਥੱਲਿਆ ਹਵਾਵਾਂ ਤੋਂ
ਏਹ ਰਿਸ਼ਤੇ ਸਾਂਭ ਲਓ ਨਾ ਹਵਸ
ਦਾ ਵਿਉਪਾਰ ਬਣ ਜਾਵੇ।




## ਗਹਿਣਾ / ਗੁਰਜੰਟ ਰਾਜਿਆਣਾ



ਮੇਰੀ ਸ਼ਹਿਰੀ, ਤਰਕਸ਼ੀਲ ਪਤਨੀ
ਮੇਰੀ ਮਾਂ ਦੇ ਤੁਰ ਜਾਣ ਤੋਂ ਬਾਅਦ
ਆਸਤਕ ਹੋ ਗਈ ਏ
ਲੋਕਾਂ ਦੇ ਕਹਿਣ ਤਰ੍ਹਾਂ
ਵਹਿਮ-ਭਰਮ
ਕਰਨ ਲੱਗੀ ਏ।

ਉਹ ਘਰ ਤੇ ਬਣੀ
ਹਰ ਮੁਸੀਬਤ ਤੋਂ
ਘਰ ਨੂੰ ਮਹਿਫੂਜ਼ ਕਰਦੀ
ਮਾਂ ਵਾਂਗ ਹੀ
ਪੀਰਾਂ-ਫ਼ਕੀਰਾਂ ਅੱਗੇ
ਹੱਥ-ਪੱਲਾ ਬੰਨ੍ਹਦੀ
ਕਦੇ ਇਕੋਤਰ ਸੌ ਕਦੇ ਇਕਵੰਜਾ
ਕਦੇ ਇੱਕੀ ਰੁਪਏ ਦਾ
'ਗਹਿਣਾ' ਚੱਕਦੀ ਏ।
ਮੁਸੀਬਤ ਟਲਦੀ ਜਾਂ ਨਾ
ਸ਼ੁਕਰਾਨਾ ਕਰਦੀ
ਸੁੱਖਣਾ ਪੂਰਦੀ ਏ
ਅੱਜ ਫਿਰ ਉਸਨੇ
ਮੇਰੇ ਅੰਤਲੇ ਆਪ੍ਰੇਸ਼ਨ ਸਮੇਂ
ਗਿਆਰਾਂ ਰੁਪਏ
ਮੇਰੇ ਸਿਰ ਤੋਂ ਵਾਰਦਿਆਂ
ਮੇਰੇ ਹੱਥ ਛੁਹਾ
ਸੁੱਖਣਾ ਸੁੱਖਦੀ ਨੇ
ਕਿਸੇ ਪੀਰ-ਫ਼ਕੀਰ ਦਾ ਧਿਆਨ ਧਰ
'ਗਹਿਣਾ' ਚੱਕਿਆ ਹੈ'
ਪਰ ਉਸਦੀ ਉਂਗਲ 'ਚ ਬਚਿਆ
ਅੰਤਲਾ 'ਗਹਿਣਾ' ਦਿਸ ਨਹੀਂ ਰਿਹਾ!

## ਰੌਸ਼ਨ ਮੁਨਾਰਾ: ਦੇਵਿੰਦਰ ਸਤਿਆਰਥੀ/ ਸਾਹਿਰ ਲੁਧਿਆਣਵੀ / ਪੇਸ਼ਕਸ਼ ਪਰਮਜੀਤ ਢੀਂਗਰਾ



ਮੈਨੂੰ ਚੰਗੀ ਤਰ੍ਹਾਂ ਯਾਦ ਹੈ ਪੂਰਾ ਦਿਨ ਮੀਂਹ ਪੈਂਦਾ ਰਿਹਾ ਸੀ। ਸ਼ਾਮ ਨੂੰ ਭਾਵੇਂ ਮੀਂਹ ਰੁਕ ਗਿਆ ਸੀ ਪਰ ਅਕਾਸ਼ 'ਤੇ ਛਾਏ ਬੱਦਲਾਂ ਤੋਂ ਲਗ ਰਿਹਾ ਸੀ ਕਿ ਮੀਂਹ ਦੁਬਾਰਾ ਹੁਣੇ ਵਸਿਆ ਕਿ ਵਸਿਆ। ਮੈਂ ਤੇ ਗੋਪਾਲ ਮਿੱਤਲ ਮਕਤਬ-ਏ-ਉਰਦੂ ਤੋਂ ਬਰਾਂਡਰੈਥ ਰੋਡ ਵਲ ਜਾ ਰਹੇ ਸਾਂ। ਅਨਾਰਕਲੀ ਚੌਂਕ ਵਿਚ ਕਿਸੇ ਨੇ ਮਿੱਤਲ ਦਾ ਨਾਂ ਲੈ ਕੇ ਅਵਾਜ਼ ਮਾਰੀ। ਅਸਾਂ ਮੁੜ ਕੇ ਦੇਖਿਆ ਤਾਂ ਸੱਜੇ ਹੱਥ ਮੁੱਲਾ ਹੁਸੈਨ ਹਲਵਾਈ ਦੀ ਦੁਕਾਨ ਸਾਹਮਣੇ ਖੜਾ ਇਕ ਸਿੱਖ ਨੌਜਵਾਨ ਸਾਨੂੰ ਆਪਣੇ ਵੱਲ ਬੁਲਾ ਰਿਹਾ ਸੀ। ਇਹ ਨੌਜਵਾਨ ਰਜਿੰਦਰ ਸਿੰਘ ਬੇਦੀ ਸੀ ਜਿਸਨੂੰ ਮੈਂ ਇਕ ਵਾਰ ਪਹਿਲਾਂ ਵੀ ਇਕ ਸਮਾਗਮ ਵਿਚ ਮਿਲ ਚੁੱਕਾ ਸਾਂ। ਉਹਦੇ ਨਾਲ ਇਕ ਹੋਰ ਬੰਦਾ ਵੀ ਸੀ- ਲੰਬੇ ਲੰਬੇ ਵਾਲਾਂ, ਸੰਘਣੀ ਦਾੜ੍ਹੀ ਤੇ ਮੈਲੇ ਕੁਚੈਲੇ ਲੰਬੇ ਓਵਰਕੋਟ ਵਾਲਾ।

'ਆ ਤੈਨੂੰ ਬਹੁਤ ਵੱਡੇ ਫਰਾਡ ਨਾਲ ਮਿਲਾਵਾਂ' ਗੋਪਾਲ ਮਿੱਤਲ ਨੇ ਕਿਹਾ

'ਕੀਹਦੇ ਨਾਲ?' ਮੈਂ ਪੁਛਿਆ

'ਦੇਵਿੰਦਰ ਸਤਿਆਰਥੀ ਨਾਲ' ਉਹਨੇ ਕਿਹਾ

ਸਤਿਆਰਥੀ ਉਸ ਸਮੇਂ ਗਜਰੇਲਾ ਖਾਣ ਵਿਚ ਮਸਤ ਸੀ। ਇਸ ਲਈ ਗੋਪਾਲ ਮਿੱਤਲ ਨੇ ਜਦੋਂ ਮੇਰੀ ਜਾਣ ਪਛਾਣ ਉਹਦੇ ਨਾਲ ਕਰਾਈ ਤਾਂ ਉਹਨੇ ਕੋਈ ਧਿਆਨ ਨਾ ਦਿਤਾ।

ਮੈਂ ਉਨ੍ਹਾਂ ਦਿਨਾਂ ਵਿਚ ਦਿਆਲ ਸਿੰਘ ਕਾਲਜ ਲਾਹੌਰ ਵਿਚ ਬੀ.ਏ. ਦਾ ਵਿਦਿਆਰਥੀ ਸਾਂ ਤੇ ਨਵਾਂ ਨਵਾਂ ਲੁਧਿਆਣੇ ਤੋਂ ਲਾਹੌਰ ਆਇਆ ਸਾਂ। ਲੇਖਕਾਂ ਨਾਲ ਮੇਰੀ ਜਾਣ ਪਛਾਣ ਘੱਟ ਸੀ।


ਸਤਿਆਰਥੀ ਨੇ ਗਜਰੇਲੇ ਦੀ ਪਲੇਟ ਖਤਮ ਕਰਨ ਤੋਂ ਬਾਅਦ ਬੇਦੀ ਵੱਲ ਵੇਖਿਆ ਤੇ ਕਿਹਾ 'ਬੜੀ ਸੁਆਦੀ ਚੀਜ਼ ਹੈ ਦੋਸਤ। ਇਕ ਪਲੇਟ ਹੋਰ ਨਹੀਂ ਲੈ ਕੇ ਦਏਂਗਾ?'

ਬੇਦੀ ਉਸ ਸਮੇਂ ਗੋਪਾਲ ਮਿੱਤਲ ਨਾਲ ਕਿਸੇ ਅਦਬੀ ਮਸਲੇ 'ਤੇ ਗੱਲਾਂ ਕਰ ਰਿਹਾ ਸੀ 'ਲੈ ਲੈ' ਉਹਨੇ ਛੇਤੀ ਨਾਲ ਕਿਹਾ।

'ਪਰ ਪੈਸੇ?' ਸਤਿਆਰਥੀ ਕਹਿਣ ਲੱਗਾ 'ਤੂੰ ਪੈਸੇ ਦੇਵੇਂ ਤਦ ਨਾ'

'ਓਹ' ਬੇਦੀ ਨੇ ਲੰਬਾ ਸਾਹ ਖਿਚਿਆ ਤੇ ਹਲਵਾਈ ਨੂੰ ਪੈਸੇ ਦੇ ਕੇ ਦੂਸਰੀ ਪਲੇਟ ਲੈ ਕੇ ਸਤਿਆਰਥੀ ਨੂੰ ਫੜਾ ਦਿਤੀ।

ਸਤਿਆਰਥੀ ਫਿਰ ਗਜਰੇਲਾ ਖਾਣ ਵਿਚ ਮਸਤ ਹੋ ਗਿਆ।



ਬੇਦੀ ਅਤੇ ਮਿੱਤਲ ਆਪਸ ਵਿਚ ਗੱਲਾਂ ਕਰਦੇ ਰਹੇ ਤੇ ਮੈਂ ਚੁਪਚਾਪ ਇਕ ਪਾਸੇ ਖੜਾ ਰਿਹਾ।

ਗਜਰੇਲੇ ਦੀ ਦੂਸਰੀ ਪਲੇਟ ਖਤਮ ਕਰਨ ਤੋਂ ਬਾਅਦ ਸਤਿਆਰਥੀ ਨੇ ਆਪਣੀ ਜੇਬ ਵਿਚੋਂ ਇਕ ਮੈਲਾ ਜਿਹਾ ਖਾਕੀ ਰੰਗ ਦਾ ਰੁਮਾਲ ਕੱਢਿਆ ਤੇ ਹੱਥ ਪੂੰਝਣ ਲੱਗਾ। ਆਪਣਾ ਕੈਮਰਾ ਉਹਨੇ ਕੋਲ ਪਈ ਕੁਰਸੀ 'ਤੇ ਰਖ ਦਿਤਾ ਤੇ ਚਮੜੇ ਦਾ ਥੈਲਾ ਚੁਕ ਲਿਆ ਤੇ ਗੋਪਾਲ ਮਿੱਤਲ ਕੋਲ ਜਾ ਕੇ ਕਹਿਣ ਲੱਗਾ 'ਯਾਰ ਮਿੱਤਲ ਤੈਨੂੰ ਇਕ ਖ਼ੁਸ਼ਖਬਰੀ ਸੁਣਾਵਾਂ'

'ਕੀ?' ਉਹਨੇ ਕਿਹਾ

'ਮੈਂ ਪ੍ਰਗਤੀਵਾਦੀ ਹੋ ਗਿਆਂ'

'ਕਦੋਂ ਤੋਂ?' ਮਿੱਤਲ ਨੇ ਮੁਸਕੁਰਾਂਦਿਆਂ ਪੁਛਿਆ

'ਸਾਂ ਤਾਂ ਭਾਵੇਂ ਮੁੱਢ ਤੋਂ ਪਰ ਇਹ ਕਹਾਣੀ ਜੋ ਮੈਂ ਹੁਣੇ ਹੁਣੇ ਲਿਖੀ ਏ ਇਹਦੇ ਬਾਅਦ ਤਾਂ ਸੌ ਫੀਸਦੀ ਪੱਕਾ ਹੋ ਗਿਆਂ'

'ਤਾਂ ਤੂੰ ਕਹਾਣੀ ਲਿਖੀ ਏ?'

'ਪਰ ਇਸ ਕਹਾਣੀ ਤੇ ਮੇਰੀਆਂ ਪਹਿਲੀਆਂ ਕਹਾਣੀਆਂ ਵਿਚ ਫਰਕ ਹੈ। ਇਹ ਕਹਾਣੀ ਮੈਂ ਸ਼ੁਧ ਪ੍ਰਗਤੀਵਾਦੀ ਅਸੂਲਾਂ ਨੂੰ ਸਾਹਮਣੇ ਰਖ ਕੇ ਲਿਖੀ ਹੈ।' ਸਤਿਆਰਥੀ ਨੇ ਕਿਹਾ ਤੇ ਬੇਦੀ ਨਾਲ ਹੱਥ ਮਿਲਾਉਣ ਲਈ ਵਧਾਉਂਦਿਆਂ ਕਹਿਣ ਲੱਗਾ 'ਚੰਗਾ ਯਾਰ ਬੇਦੀ ਤੂੰ ਹੁਣ ਚਲ, ਮੈਂ ਜ਼ਰਾ ਗੋਪਾਲ ਮਿੱਤਲ ਨੂੰ ਕਹਾਣੀ ਸੁਣਾ ਲਵਾਂ।'

'ਬੇਦੀ ਨੂੰ ਕਿਉਂ ਨਹੀਂ?' ਗੋਪਾਲ ਮਿੱਤਲ ਨੇ ਬੜੀ ਬੇਬਸੀ ਨਾਲ ਬੇਦੀ ਵਲ ਦੇਖਦਿਆਂ ਕਿਹਾ।

'ਮੈਂ ਇਹ ਕਹਾਣੀ ਦੋ ਵਾਰ ਸੁਣ ਚੁਕਾਂ' ਬੇਦੀ ਮੁਸਕੁਰਾਇਆ।

'ਨਾਲੇ ਮੈਂ ਹੁਣ ਰੇਡੀਓ ਸਟੇਸ਼ਨ ਜਾਣੈ। ਸ਼ਾਮ ਦੀਆਂ ਖਬਰਾਂ ਤੋਂ ਬਾਅਦ ਮੇਰੀ ਟਾਕ ਐ।'

'ਹਾਂ ਹਾਂ ਤੂੰ ਜਾ' ਸਤਿਆਰਥੀ ਨੇ ਬੇਦੀ ਨੂੰ ਤੋਰਦਿਆਂ ਕਿਹਾ। ਬੇਦੀ ਚਲਾ ਗਿਆ।

ਮੈਂ ਤੇ ਗੋਪਾਲ ਮਿੱਤਲ ਇਕ ਦੂਜੇ ਵੱਲ ਵੇਖਣ ਲੱਗੇ। ਸਤਿਆਰਥੀ ਨੇ ਆਪਣੇ ਚਮੜੇ ਦੇ ਥੈਲੇ ਵਿਚੋਂ ਕਾਗਜ਼ਾਂ ਦਾ ਇਕ ਪੁਲੰਦਾ ਕੱਢਿਆ ਤੇ ਸਫੇ ਪਲਟਦਿਆਂ ਕਹਿਣ ਲੱਗਾ 'ਤਾਂ ਫਿਰ ਹੁਣ ਕਿਥੇ ਬੈਠੀਏ?'

'ਤੁਸੀਂ ਹੀ ਦਸੋ'

'ਮੇਰਾ ਖਿਆਲ ਐ ਸਾਹਮਣੇ ਵਾਲਾ ਲਾਅਨ ਠੀਕ ਰਹੇਗਾ'

'ਪਰ ਲਾਅਨ ਤਾਂ ਮੀਂਹ ਦੇ ਪਾਣੀ ਨਾਲ ਭਰਿਆ

ਪਿਐ'

'ਓਹ ਇਸ ਵੱਲ ਤਾਂ ਮੇਰਾ ਧਿਆਨ ਹੀ ਨਹੀਂ ਗਿਆ। ਤਾਂ ਤੁਸੀਂ ਇੰਜ ਕਰੋ ਥੋੜ੍ਹੀ ਦੇਰ ਮੇਰੇ ਨਾਲ ਚਲੋ। ਇਥੋਂ ਇਕ ਫਰਲਾਂਗ 'ਤੇ ਸੀਤਲਾ ਮੰਦਿਰ ਹੈ। ਓਥੇ ਅਰਾਮ ਨਾਲ ਬੈਠਾਂਗੇ।'

ਸੀਤਲਾ ਮੰਦਿਰ ਦਾ ਫਰਸ਼ ਯਾਤਰੀਆਂ ਦੀ ਆਵਾਜਾਈ ਕਰਕੇ ਚਿੱਕੜ ਨਾਲ ਲਥਪਥ ਸੀ ਤੇ ਉਸ ਵਿਚ ਵੱਡੇ ਵੱਡੇ ਕਾਲੇ ਮਕੌੜੇ ਕੁਲਬੁਲਾ ਰਹੇ ਸਨ। ਮਿੱਤਲ ਨੇ ਸਤਿਆਰਥੀ ਵੱਲ ਘੂਰ ਕੇ ਦੇਖਿਆ ਤੇ ਪੁਛਿਆ 'ਕਹਾਣੀ ਜ਼ਰੂਰ ਸੁਣਾਉਣੀ ਏ?'

'ਹਾਂ ਦੋਸਤ। ਜੇ ਤੁਸੀਂ ਨਹੀਂ ਸੁਣੋਗੇ ਤਾਂ ਮੈਨੂੰ ਬੜਾ ਦੁਖ ਹੋਏਗਾ।' ਸਤਿਆਰਥੀ ਨੇ ਬੜੀ ਆਜਜ਼ੀ ਨਾਲ ਕਿਹਾ 'ਮੈਂ ਤੁਹਾਡੀ ਰਾਏ ਲੈਣੀ ਚਾਹੁੰਦਾ ਹਾਂ।'

'ਚੰਗਾ ਤਾਂ ਇਕ ਮਿੰਟ ਰੁਕੋ।' ਮਿੱਤਲ ਨੇ ਕਿਹਾ ਤੇ ਮੰਦਰ 'ਚੋਂ ਬਾਹਰ ਚਲਾ ਗਿਆ।

ਥੋੜ੍ਹੀ ਦੇਰ ਬਾਅਦ ਇਕ ਟਾਂਗਾ ਮੰਦਿਰ ਦੇ ਦਰਵਾਜ਼ੇ ਦੇ ਬਾਹਰ ਆ ਕੇ ਰੁਕਿਆ। ਗੋਪਾਲ ਮਿੱਤਲ ਨੇ ਉਸ ਟਾਂਗੇ 'ਚੋਂ ਧੌਣ ਬਾਹਰ ਕੱਢ ਕੇ ਸਾਨੂੰ ਅਵਾਜ਼ ਦਿਤੀ। ਅਸੀਂ ਦੋਵੇਂ ਜਾ ਕੇ ਟਾਂਗੇ ਵਿਚ ਬਹਿ ਗਏ। ਟਾਂਗਾ ਤੁਰਨ ਲੱਗਾ। ਸਾਰੇ ਰਾਹ ਗੋਪਾਲ ਮਿੱਤਲ ਨੇ ਕੋਈ ਗੱਲ ਨਾ ਕੀਤੀ। ਸਤਿਆਰਥੀ ਵੀ ਚੁਪ ਚਾਪ ਬੈਠਾ ਰਿਹਾ। ਟਾਂਗਾ ਇੰਡੀਆ ਕਾਫੀ ਹਾਊਸ ਸਾਹਮਣੇ ਜਾ ਕੇ ਰੁਕ ਗਿਆ।

'ਚਲੋ' ਗੋਪਾਲ ਮਿੱਤਲ ਨੇ ਸਤਿਆਰਥੀ ਨੂੰ ਕਿਹਾ।

'ਕਿਥੇ? ਕੌਫੀ ਹਾਊਸ?' ਸਤਿਆਰਥੀ ਦਾ ਚਿਹਰਾ ਇਕ ਦਮ ਖਿੜ ਗਿਆ।

'ਚਲੋ ਆਓ, ਉਤਰੋ।'

'ਯਾਰ ਮਿੱਤਲ ਤੂੰ ਸਚਮੁੱਚ ਕਮਿਊਨਿਸਟ ਏਂ। ਹੁਣ ਤਾਂ ਮੈਨੂੰ ਯਕੀਨ ਹੋ ਗਿਐ ਕਿ ਸੋਵੀਅਤ ਰੂਸ ਵਿਚ ਲੇਖਕਾਂ ਤੇ ਕਲਾਕਾਰਾਂ ਦਾ ਖਾਸ ਖਿਆਲ ਰਖਿਆ ਜਾਂਦਾ ਹੋਵੇਗਾ।'

ਸਤਿਆਰਥੀ ਮੁਸਕੁਰਾਇਆ ਤੇ ਕੌਫੀ ਹਾਊਸ ਦੀਆਂ ਪੌੜੀਆਂ ਚੜ੍ਹਦਿਆਂ ਖਰੜੇ ਦੇ ਸਫ਼ੇ ਉਲਟਨ ਪਲਟਨ ਲੱਗਾ।

ਇਹ ਮੇਰੀ ਉਹਦੇ ਨਾਲ ਪਹਿਲੀ ਮੁਲਾਕਾਤ ਸੀ। ਉਸ ਤੋਂ ਬਾਅਦ ਉਹ ਮੈਨੂੰ ਕਈ ਵਾਰ ਮਿਲਿਆ। ਕਦੇ ਕਿਸੇ ਜਨਰਲ ਮਰਚੈਂਟ ਦੀ ਦੁਕਾਨ ਸਾਹਮਣੇ, ਕਦੇ ਡਾਕਖਾਨੇ ਦੇ ਗੇਟ 'ਤੇ, ਕਦੇ ਕਿਤਾਬਾਂ ਦੀ ਦੁਕਾਨ 'ਤੇ ਕਦੇ ਮੈਕਲੋਡ ਰੋਡ ਤੇ ਕਦੇ ਬਸੰਤ ਰੋਡ ਦੇ ਚਾਹ ਦੇ ਖੋਖਿਆਂ ਵਿਚ ਤੇ ਕਦੇ ਉਂਜ ਹੀ ਰਾਹ ਜਾਂਦਿਆਂ।

ਹਰ ਵਾਰ ਉਹ ਮੇਰੇ ਕੋਲ ਆ ਕੇ ਪੁਛਦਾ 'ਕੀ ਹਾਲ ਚਾਲ ਐ? ਕਿਧਰੋਂ ਆ ਰਿਹੈਂ, ਕਿਧਰ ਜਾਣੈ, ਲਿਖੀ ਕੋਈ ਨਵੀਂ ਨਜ਼ਮ?'

... ਤੇ ਮੈਂ ਜਾਣ ਲਗਦਾ ਤਾਂ ਉਹ ਰੋਕ ਕੇ ਮੈਨੂੰ ਕਹਿੰਦਾ 'ਮੁਆਫ ਕਰੀਂ ਮੈਨੂੰ ਤੇਰਾ ਨਾਂ ਯਾਦ ਨਹੀਂ ਆ ਰਿਹਾ।'

ਮੈਂ ਉਹਨੂੰ ਫੇਰ ਆਪਣਾ ਨਾਂ ਦਸ ਦੇਂਦਾ।

'ਹਾਂ.. ਹਾਂ.. ਹਾਂ..' ਉਹ ਕਹਿੰਦਾ ਤੇ ਫਿਰ ਝੂਮਦਾ ਹੋਇਆ ਇਕ ਪਾਸੇ ਚਲਾ ਜਾਂਦਾ। ਏਸੇ ਤਰ੍ਹਾਂ ਕੋਈ ਦੋ ਮਹੀਨੇ ਬੀਤ ਗਏ। ਹੌਲੀ ਹੌਲੀ ਮੈਨੂੰ ਯਕੀਨ ਹੋ ਗਿਆ ਕਿ ਇਹ ਬੰਦਾ ਮੈਨੂੰ ਕਦੇ ਨਵਾਂ ਸੁਆਲ ਨਹੀਂ ਪੁਛੇਗਾ ਤੇ ਨਾ ਉਹਨੂੰ ਕਦੇ ਮੇਰਾ ਨਾਂ ਯਾਦ ਰਹੇਗਾ।

ਇਕ ਸ਼ਾਮ ਮੈਂ ਆਪਣੇ ਦੋਸਤ ਨਾਲ ਬਸੰਤ ਰੋਡ 'ਤੇ ਜਾ ਰਿਹਾ ਸਾਂ ਕਿ ਸਾਹਮਣਿਓਂ ਸਤਿਆਰਥੀ ਆਂਦਾ ਨਜ਼ਰੀਂ ਪਿਆ।

'ਹੈਲੋ! ਕੀ ਹਾਲ ਚਾਲ ਐ?' ਉਹਨੇ ਪੁਛਿਆ

'ਤੁਹਾਡੀ ਮਿਹਰ ਐ ਇਸ ਵਕਤ ਲਾਅ ਕਾਲਜ ਦੇ ਹੋਸਟਲ ਤੋਂ ਆ ਰਿਹਾ ਹਾਂ। ਇਹ ਮੇਰਾ ਦੋਸਤ ਰਾਮ ਪ੍ਰਕਾਸ਼ ਅਸ਼ਕ ਐ। ਅਸੀਂ ਦੋਵੇ ਫਿਲਮ ਦੇਖਣ ਚਲੇ ਆਂ। ਮੈਂ ਕੋਈ ਨਜ਼ਮ ਨਹੀਂ ਲਿਖੀ, ਮੇਰਾ ਨਾਂ ਸਾਹਿਰ ਲੁਧਿਆਣਵੀ ਐ। ਕੀ ਤੁਸੀਂ ਸਾਡੇ ਨਾਲ ਫਿਲਮ ਦੇਖਣ ਚਲੋਗੇ?'

'ਨਹੀਂ', ਸਤਿਆਰਥੀ ਨੇ ਜੁਆਬ ਦਿਤਾ। ਉਹਦੇ ਲਹਿਜੇ ਵਿਚ ਨਰਮੀ ਅਤੇ ਬੇਨਿਆਜ਼ੀ ਓਵੇਂ ਹੀ ਕਾਇਮ ਸੀ। ਮੈਂ ਦੇਖਿਆ ਉਹਦਾ ਚੇਹਰਾ ਇਕ ਦਮ ਮੁਰਝਾ ਗਿਆ। ਮੈਨੂੰ ਆਪਣੇ ਲਹਿਜੇ 'ਤੇ ਅਫਸੋਸ ਹੋਇਆ। ਮੇਰੇ ਅੰਦਰਲੀ ਬਦਲੇ ਦੀ ਭਾਵਨਾ ਦੇ ਬਾਵਜੂਦ ਜੋ ਹਰ ਵਾਰ ਅੱਖੋਂ ਪਰੋਖੇ ਕੀਤੇ ਜਾਣ ਦੇ ਅਹਿਸਾਸ ਕਰਕੇ ਮੇਰੇ ਦਿਲ ਵਿਚ ਪੈਦਾ ਹੋਈ ਸੀ, ਮੈਂ ਸਤਿਆਰਥੀ ਦੀ ਬਹੁਤ ਇਜ਼ਤ ਕਰਦਾ ਸਾਂ ਕਿਉਂਕਿ ਉਹ 'ਮੈਂ ਹਾਂ ਖਾਨਾ ਬਦੋਸ਼' ਦਾ ਹਰਕਾਰਾ ਸੀ। ਉਹਨੇ ਪਿੰਡ ਪਿੰਡ ਘੁੰਮ ਫਿਰ ਕੇ ਹਿੰਦੋਸਤਾਨ ਦੀਆਂ ਵੱਖ ਵੱਖ ਜ਼ਬਾਨਾਂ ਦੇ ਕੋਈ ਢਾਈ ਲੱਖ ਤੋਂ ਵਧੇਰੇ ਗੀਤ ਇਕੱਠੇ ਕੀਤੇ ਸਨ। ਉਸ ਕੋਲੋਂ ਮੈਂ ਹਿੰਦੋਸਤਾਨ ਦੀ ਤਹਿਜ਼ੀਬ, ਆਰਟ ਤੇ ਕਲਚਰ ਬਾਰੇ ਬਹੁਤ ਕੁਝ ਸਿਖਿਆ ਸੀ। ਮੈਂ ਫੈਸਲਾ ਕੀਤਾ ਕਿ ਉਹਦੇ ਕੋਲ ਜਾ ਕੇ ਮੁਆਫੀ ਮੰਗਾਂਗਾ ਪਰ ਉਹ ਉਸ ਸਮੇਂ ਤੱਕ ਜਾ ਚੁੱਕਾ ਸੀ। ਫਿਰ ਬਹੁਤ ਦਿਨਾਂ ਤੱਕ ਮੇਰੀ ਉਹਦੇ ਨਾਲ ਮੁਲਾਕਾਤ ਨਾ ਹੋਈ। ਉਸ ਤੋਂ ਬਾਅਦ ਜਦੋਂ ਉਹ ਲਾਹੌਰ ਦੇ ਇਕ ਮਸ਼ਹੂਰ ਪ੍ਰਕਾਸ਼ਕ ਦੀ ਦੁਕਾਨ 'ਤੇ ਮੈਨੂੰ ਮਿਲਿਆ ਤਾਂ ਉਹਨੂੰ ਮੇਰਾ ਨਾਂ ਯਾਦ ਸੀ।

ਪ੍ਰਕਾਸ਼ਕ ਦੀ ਦੁਕਾਨ 'ਤੇ ਉਹ ਉਹਦੇ ਕੋਲੋਂ ਮੁਆਫੀ ਮੰਗਣ ਆਇਆ ਸੀ। ਕੁਝ ਦਿਨ ਪਹਿਲਾਂ ਉਹਨੇ 'ਅਗਲੇ ਤੂਫਾਨ-ਏ-ਨੂਹ ਤਕ' ਨਾਂ ਹੇਠ ਹਲਕ-ਏ- ਅਰਬਾਬ-ਏ-ਜ਼ੌਕ ਦੀ ਹਫਤਾਵਾਰੀ ਮੀਟਿੰਗ ਵਿਚ ਉਸ ਪ੍ਰਕਾਸ਼ਕ ਦੇ ਖਿਲਾਫ ਇਕ ਕਹਾਣੀ ਪੜ੍ਹੀ ਸੀ, ਜਿਸ ਕਰਕੇ ਪ੍ਰਕਾਸ਼ਕ ਬੇਹਦ ਨਰਾਜ਼ ਸੀ। ਪਰ ਜਦੋਂ ਸਤਿਆਰਥੀ ਨੇ ਉਹਨੂੰ ਦਸਿਆ ਉਹ ਇਹ

ਕਹਾਣੀ ਉਹਦੇ ਰਿਸਾਲੇ ਲਈ ਬਿਨਾਂ ਪੈਸਿਆਂ ਤੋਂ ਦੇਣ ਲਈ ਤਿਆਰ ਹੈ ਤਾਂ ਪ੍ਰਕਾਸ਼ਕ ਨੇ ਉਹਨੂੰ ਮੁਆਫ ਕਰ ਦਿਤਾ। ਉਹ ਉਹਨੂੰ ਹੋਟਲ ਵਿਚ ਚਾਹ ਪਿਆਉਣ ਲਈ ਲੈ ਗਿਆ ਫਿਕਰ ਤੌਂਸਵੀਂ ਵੀ ਉਹਦੇ ਨਾਲ ਸੀ। ਰਸਤੇ ਵਿਚ ਸਤਿਆਰਥੀ ਪ੍ਰਕਾਸ਼ਕ ਦੇ ਮੋਢੇ ’ਤੇ ਹੱਥ ਰਖ ਕੇ ਚਲਦਾ ਕਹਿਣ ਲੱਗਾ ‘ਚੌਧਰੀ ਤੇਰਾ ਰਿਸਾਲਾ ਉਸ ਜਿੰਨ ਦੇ ਢਿਡ ਵਰਗੈ ਜੋ ਇਕ ਬਸਤੀ ਵਿਚ ਵੜ ਗਿਆ ਤੇ ਉਸ ਸਮੇਂ ਤੱਕ ਬਸਤੀ ’ਚੋਂ ਬਾਹਰ ਜਾਣ ਲਈ ਰਾਜ਼ੀ ਨਾ ਹੋਇਆ ਜਦੋਂ ਤੱਕ ਓਥੋਂ ਦੇ ਲੋਕਾਂ ਨੇ ਉਹਨੂੰ ਯਕੀਨ ਨਾ ਦਿਵਾ ਦਿਤਾ ਕਿ ਉਹ ਹਰ ਰੋਜ਼ ਉਹਦੀ ਗੁਫਾ ਵਿਚ ਇਕ ਆਦਮੀ ਬਤੌਰ ਨਜ਼ਰਾਨਾ ਭੇਜਦੇ ਰਹਿਣਗੇ... ਤੂੰ ਵੀ ਉਹੋ ਜਿਹਾ ਇਕ ਜਿੰਨ ਏਂ ਤੇ ਰਸਾਲਾ ਤੇਰਾ ਪੇਟ। ਅਸੀਂ ਵਿਚਾਰੇ ਲੇਖਕ ਤੇ ਕਵੀ ਹਰ ਮਹੀਨੇ ਉਹਦੇ ਲਈ ਕਾਗਜ਼ ਲੈ ਕੇ ਦੇਂਦੇ ਹਾਂ ਪਰ ਉਹਦੀ ਭੁੱਖ ਮਿਟਦੀ ਹੀ ਨਹੀਂ ਤੇ ਇਹ ਫਿਕਰ ਤੌਂਸਵੀ” ਉਹਨੇ ਫਿਕਰ ਵੱਲ ਮੁੜਦਿਆਂ ਕਿਹਾ ‘ਇਹ ਤੇਰਾ ਗੁਮਾਸ਼ਤਾ ਜੋ ਹਰ ਵੇਲੇ ਸਾਨੂੰ ਡਰਾਂਦਾ, ਧਮਕਾਂਦਾ ਰਹਿੰਦਾ ਹੈ ਕਿ ਜੇਕਰ ਜਿੰਨ ਦਾ ਰਾਸ਼ਨ ਪਹੁੰਚਣ ਵਿਚ ਦੇਰ ਹੋਈ ਤਾਂ ਜਿੰਨ ਤੁਹਾਡੀਆਂ ਕਿਤਾਬਾਂ, ਖਰੜੇ ਤੇ ਰਾਇਲਟੀ ਸਭ ਖਾ ਜਾਏਗਾ, ਕੁਝ ਵੀ ਬਾਕੀ ਨਹੀਂ ਬਚੇਗਾ।’

ਪ੍ਰਕਾਸ਼ਕ ਚੁਪ ਚਾਪ ਸੁਣਦਾ ਰਿਹਾ।

‘ਹੁਣ ਮੇਰੇ ਵੱਲ ਹੀ ਦੇਖ’ ਸਤਿਆਰਥੀ ਫਿਰ ਕਹਿਣ ਲੱਗਾ ‘ਤੇਰੀ ਨਰਾਜ਼ਗੀ ਤੋਂ ਡਰਦਿਆਂ ਮੈਂ ਬਿਨਾ ਕੋਈ ਪੈਸਾ ਲਿਆਂ ਤੈਨੂੰ ਕਹਾਣੀ ਦੇ ਦਿਤੀ। ਤੂੰ ਹੀ ਦੱਸ ਕੀ ਮੇਰਾ ਜੀਅ ਨਹੀਂ ਕਰਦਾ ਕਿ ਮੈਂ ਸਾਫ ਸੁਥਰੇ ਕਪੜੇ ਪਾਵਾਂ। ਮੇਰੇ ਬੂਟ ਤੇਰੇ ਬੂਟਾਂ ਵਾਂਗ ਚਮਕਦੇ ਹੋਣ, ਮੇਰੀ ਬੀਵੀ ਵੀ ਰੇਸ਼ਮੀ ਸਾੜੀ ਪਾਵੇ, ਮੇਰੀ ਬੱਚੀ ਵੀ ਤੇਰੀ ਬੱਚੀ ਵਾਂਗ ਟਾਂਗੇ ਤੇ ਬਹਿ ਕੇ ਸਕੂਲ ਜਾਵੇ, ਪਰ ਮੇਰੇ ਜਜ਼ਬਾਤਾਂ ਦੀ ਕੀਹਨੂੰ ਫਿਕਰ ਐ। ਕੋਈ ਮੇਰੀ ਕਹਾਣੀ ਦੇ ਵੀਹ ਰੁਪਿਆਂ ਤੋਂ ਵਧ ਨਹੀਂ ਦੇਂਦਾ। ਇਕ ਤੂੰ ਏਂ ਜੋ ਮੇਰੇ ਵੀਹ ਰੁਪਏ ਵੀ ਹਜ਼ਮ ਕਰ ਰਿਹਾ ਏਂ। ਚਲ ਤੇਰੀ ਮਰਜ਼ੀ ਏਨਾ ਬਹੁਤ ਏ ਕਿ ਤੂੰ ਚਾਹ ਤਾਂ ਪਿਲਾ ਦੇਂਦਾ ਏਂ।’

ਪ੍ਰਕਾਸ਼ਕ ਫਿਰ ਵੀ ਚੁਪ ਚਾਪ ਸੁਣਦਾ ਰਿਹਾ।

ਅਸੀਂ ਹੋਟਲ ਦੇ ਗੇਟ ਅੰਦਰ ਵੜ ਗਏ। ਸਤਿਆਰਥੀ ਨੇ ਪ੍ਰਕਾਸ਼ਕ ਦੇ ਮੋਢੇ ਤੋਂ ਹੱਥ ਚੁੱਕ ਲਿਆ ਤੇ ਵਖਰਾ ਹੋ ਕੇ ਚਲਣ ਲੱਗਾ।

ਮੈਂ ਉਸ ਸ਼ਾਮ ਗੱਡੀ ਰਾਹੀਂ ਲਾਇਲਪੁਰ ਜਾ ਰਿਹਾ ਸਾਂ। ਹੋਟਲ ਵਿਚ ਪਹੁੰਚ ਕੇ ਪ੍ਰਕਾਸ਼ਕ ਨੇ ਪੁਛਿਆ ‘ਤੂੰ ਵਾਪਸ ਕਦੋਂ ਆਉਣੈ?’

‘ਤੂੰ ਕਿਤੇਂ ਬਾਹਰ ਜਾ ਰਿਹਾਂ ਏਂ?’ ਸਤਿਆਰਥੀ ਨੇ ਪੁਛਿਆ

‘ਹਾਂ ਮੈਂ ਇਕ ਦੋ ਦਿਨ ਲਈ ਲਾਇਲਪੁਰ ਜਾ ਰਿਹਾਂ।’ ਮੈਂ ਕਿਹਾ

‘ਲਾਇਲਪੁਰ?’ ਉਹਨੇ ਕਿਹਾ। ਫਿਰ ਪਤਾ ਨਹੀਂ ਕਿਹੜੀਆਂ ਸੋਚਾਂ ਵਿਚ ਡੁੱਬ ਗਿਆ। ‘ਜੇ ਮੈਂ ਤੈਨੂੰ ਆਪਣਾ ਕੈਮਰਾ ਦਿਆਂ ਤਾਂ ਕੀ ਤੂੰ ਓਥੋਂ ਕਿਸਾਨਾਂ ਦੇ ਝੂੰਮਰ ਨਾਚ ਦੀਆਂ ਫੋਟੋਆਂ ਲਾਹ ਕੇ ਲਿਆ ਸਕਦੈਂ?’ ਉਹਨੇ ਥੋੜ੍ਹੀ ਦੇਰ ਬਾਅਦ ਪੁਛਿਆ

‘ਮੇਰੇ ਲਈ ਤਾਂ ਇਹ ਮੁਸ਼ਕਲ ਐ’ ਮੈਂ ਕਿਹਾ ‘ਤੂੰ ਖੁਦ ਕਿਉਂ ਨਹੀਂ ਚਲਦਾ ਮੇਰੇ ਨਾਲ।’

‘ਮੈਂ? ਮੇਰਾ ਜੀਅ ਤਾਂ ਬਹੁਤ ਕਰਦੈ’ ਉਹ ਕਹਿਣ ਲੱਗਾ ‘ਪਰ’ ਉਹ ਇਕ ਮਿੰਟ ਲਈ ਰੁਕਿਆ ਤੇ ਫਿਰ ਚਮੜੇ ਦੇ ਥੈਲੇ ਵਿਚੋਂ ਕਾਗਜ਼ਾਂ ਦਾ ਇਕ ਪੁਲੰਦਾ ਕੱਢ ਕੇ ਪ੍ਰਕਾਸ਼ਕ ਨੂੰ ਦੇਂਦਿਆਂ ਕਹਿਣ ਲੱਗਾ ‘ਚੌਧਰੀ ਇਹ ਮੇਰੀ ਨਵੀਂ ਕਹਾਣੀ ਐ, ਜੇ ਤੂੰ ਇਹਦੇ ਬਦਲੇ ਮੈਨੂੰ ਵੀਹ ਰੁਪਏ ਦੇ ਦੇਵੇਂ ਤਾਂ...’

ਪ੍ਰਕਾਸ਼ਕ ਨੇ ਕਹਾਣੀ ਲੈ ਕੇ ਜੇਬ ਵਿਚ ਪਾ ਲਈ ਤੇ ਕਹਿਣ ਲੱਗਾ ‘ਤੂੰ ਸਾਹਿਰ ਕੋਲੋਂ ਕਰਜ਼ਾ ਲੈ ਲੈ, ਜਦੋਂ ਤੁਸੀਂ ਵਾਪਸ ਆਓਗੇ ਮੈਂ ਇਹ ਰੁਪਏ ਸਾਹਿਰ ਨੂੰ ਦੇ ਦਿਆਂਗਾ।’

‘ਤੂੰ ਆਪਣੀ ਕਹਾਣੀ ਵਾਪਸ ਲੈ ਲੈ।’ ਮੈਂ ਸਤਿਆਰਥੀ ਨੂੰ ਕਿਹਾ ‘ਮੇਰੇ ਕੋਲ ਪੈਸੇ ਹੈਗੇ ਨੇ।’

ਪਰ ਪ੍ਰਕਾਸ਼ਕ ਨੇ ਉਹਨੂੰ ਕਹਾਣੀ ਵਾਪਸ ਨਾ ਮੋੜੀ। ਸਤਿਆਰਥੀ ਚੁਪ ਚਾਪ ਮੇਰੇ ਨਾਲ ਚਲ ਪਿਆ। ਰਾਹ ਵਿਚ ਮੈਂ ਉਹਨੂੰ ਕਿਹਾ ‘ਤੂੰ ਜਲਦੀ ਜਾ ਕੇ ਘਰ ਦੱਸ ਆ ਗੱਡੀ ਚੱਲਣ ਵਿਚ ਅਜੇ ਕਾਫੀ ਸਮਾਂ ਪਿਐ।’

‘ਨਹੀਂ ਇਹਦੀ ਕੋਈ ਲੋੜ ਨਹੀਂ।’ ਉਹ ਕਹਿਣ ਲੱਗਾ ‘ਮੇਰੀ ਬੀਵੀ ਮੇਰੀ ਇਸ ਆਦਤ ਤੋਂ ਜਾਣੂੰ ਹੈ। ਜੇ ਮੈਂ ਘਰੋਂ ਦੋ ਚਾਰ ਦਿਨ ਗਾਇਬ ਹੋ ਜਾਵਾਂ ਤਾਂ ਉਹਨੂੰ ਕੋਈ ਫਰਕ ਨਹੀਂ ਪੈਂਦਾ। ਨਾ ਹੀ ਉਹ ਇਹਦੇ ਬਾਰੇ ਬਹੁਤੀ ਘੋਖ ਕਰਦੀ ਹੈ।’

‘ਤੇਰੀ ਮਰਜ਼ੀ’ ਮੈਂ ਕਿਹਾ ਤੇ ਉਹਦੇ ਨਾਲ ਚੱਲ ਪਿਆ।

ਗੱਡੀ ਮੁਸਾਫਰਾਂ ਨਾਲ ਖਚਾਖਚ ਭਰੀ ਹੋਈ ਸੀ। ਕਿਤੇ ਤਿਲ ਧਰਨ ਦੀ ਥਾਂ ਨਹੀਂ ਸੀ। ਬਹੁਤੇ ਲੋਕ ਬਾਹਰ ਪਾਏਦਾਨ ’ਤੇ ਲਟਕ ਰਹੇ ਸਨ ਤੇ ਜਿਨ੍ਹਾਂ ਨੂੰ ਓਥੇ ਵੀ ਥਾਂ ਨਹੀਂ ਸੀ ਮਿਲੀ ਉਹ ਗੱਡੀ ਦੀ ਛੱਤ ’ਤੇ ਚੜ੍ਹਣ ਦਾ ਜਤਨ ਕਰ ਰਹੇ ਸਨ। ਸਿਰਫ ਫੌਜੀ ਡੱਬੇ ਵਿਚ ਥਾਂ ਸੀ ਪਰ ਉਹਦੇ ਵਿਚ ਗ਼ੈਰ ਫੌਜੀ ਨਹੀਂ ਸਨ ਚੜ੍ਹ ਸਕਦੇ।

‘ਹੁਣ ਕੀ ਕੀਤਾ ਜਾਏ’ ਮੈਂ ਸਤਿਆਰਥੀ ਨੂੰ ਪੁਛਿਆ

‘ਠਹਿਰ ਮੈਂ ਕਿਸੇ ਫੌਜੀ ਨਾਲ ਗੱਲ ਕਰਦਾਂ।’ ਉਹ ਕਹਿਣ ਲੱਗਾ

‘ਕੋਈ ਫਾਇਦਾ ਨਹੀਂ’ ਮੈਂ ਕਿਹਾ ‘ਉਹ ਨਹੀਂ ਚੜ੍ਹਣ ਦੇਣਗੇ।’

‘ਤੂੰ ਆ ਤਾਂ ਸਹੀ’ ਉਹ ਮੈਨੂੰ ਬਾਹੋਂ ਫੜ ਘਸੀਟਦਾ ਬੋਲਿਆ ਤੇ ਜਾ ਕੇ ਇਕ ਫੌਜੀ ਨੂੰ ਕਹਿਣ ਲੱਗਾ – ‘ਮੈਂ ਸ਼ਾਇਰ ਹਾਂ, ਲਾਇਲਪੁਰ ਜਾਣੈ, ਤੁਸੀਂ ਮੈਨੂੰ ਆਪਣੇ ਡੱਬੇ ’ਚ ਬਿਠਾ

ਲਓ। ਮੈਂ ਰਾਹ ਵਿਚ ਤੁਹਾਨੂੰ ਗੀਤ ਸੁਣਾਵਾਂਗਾ।'

'ਨਹੀਂ ਨਹੀਂ ਅਸਾਂ ਨਹੀਂ ਗੀਤ ਗੁਤ ਸੁਣਨੇ,' ਡੱਬੇ ਵਿਚ ਬੈਠੇ ਫੌਜੀ ਨੇ ਜ਼ੋਰ ਨਾਲ ਹੱਥ ਝਟਕਦਿਆਂ ਕਿਹਾ।

'ਕੀ ਮੰਗਦੈ?' ਇਕ ਫੌਜੀ ਨੇ ਆਪਣੀ ਸੀਟ ਤੋਂ ਉਠਦਿਆਂ ਤੀਸਰੇ ਫੌਜੀ ਨੂੰ ਪੁਛਿਆ। ਤੀਜੇ ਫੌਜੀ ਨੇ ਬੰਗਾਲੀ ਵਿਚ ਉਹਨੂੰ ਕੋਈ ਜੁਆਬ ਦਿਤਾ।

'ਸਚਮੁੱਚ ਮੈਂ ਸ਼ਾਇਰ ਆਂ' ਸਤਿਆਰਥੀ ਨੇ ਫਿਰ ਕਿਹਾ 'ਮੈਨੂੰ ਸਾਰੀਆਂ ਜ਼ਬਾਨਾਂ ਆਉਂਦੀਆਂ ਨੇ' ਤੇ ਫਿਰ ਉਹ ਬੰਗਾਲੀ ਬੋਲਣ ਲੱਗਾ।

ਫੌਜੀ ਹੈਰਾਨ ਹੁੰਦਾ ਹੋਇਆ ਉਹਦੇ ਮੂੰਹ ਵਲ ਦੇਖਣ ਲੱਗਾ।

'ਤਮਿਲ ਆਉਂਦੀ ਏ?' ਇਕ ਗਠੇ ਜਿਹੇ ਸਰੀਰ ਵਾਲੇ ਸਿਆਹ ਰੰਗ ਦੇ ਫੌਜੀ ਨੇ ਡੱਬੇ ਦੀ ਬਾਰੀ 'ਚੋਂ ਸਿਰ ਕੱਢ ਕੇ ਉਹਨੂੰ ਪੁਛਿਆ।

'ਤਮਿਲ, ਮਰਾਠੀ, ਗੁਜਰਾਤੀ, ਪੰਜਾਬੀ ਸਾਰੀਆਂ ਆਉਂਦੀਆਂ ਨੇ।' ਸਤਿਆਰਥੀ ਨੇ ਕਿਹਾ 'ਤੁਹਾਨੂੰ ਸਾਰੀਆਂ ਜ਼ਬਾਨਾਂ ਦੇ ਗੀਤ ਸੁਣਾਵਾਂਗਾ।'

'ਅੱਛਾ' ਤਮਿਲ ਫੌਜੀ ਨੇ ਹੈਰਾਨ ਹੁੰਦਿਆਂ ਕਿਹਾ।

'ਹਾਂ' ਸਤਿਆਰਥੀ ਕਹਿਣ ਲੱਗਾ। ਤੇ ਉਹਦੇ ਨਾਲ ਤਮਿਲ 'ਚ ਗੱਲਾਂ ਕਰਨ ਲੱਗਾ। ਏਨੇ ਵਿਚ ਇੰਜਣ ਨੇ ਸੀਟੀ ਮਾਰ ਦਿਤੀ।

'ਕੀ ਮੈਂ ਅੰਦਰ ਆ ਜਾਵਾਂ?' ਸਤਿਆਰਥੀ ਨੇ ਪੁਛਿਆ

ਦਰਵਾਜ਼ੇ ਕੋਲ ਬੈਠਾ ਇਕ ਫੌਜੀ ਕੁਝ ਸੋਚਣ ਲੱਗਾ।

'ਗੀਤ ਨਾ ਪਸੰਦ ਆਉਣ 'ਤੇ ਅਗਲੇ ਸਟੇਸ਼ਨ 'ਤੇ ਉਤਾਰ ਦੇਣਾ' ਸਤਿਆਰਥੀ ਨੇ ਕਿਹਾ ਫੌਜੀ ਹੱਸ ਪਿਆ ਤੇ ਕਹਿਣ ਲੱਗਾ 'ਚਲ ਆ ਜਾ।'

ਸਤਿਆਰਥੀ ਮੇਰੇ ਹੱਥੋਂ ਅਟੈਚੀ ਖੋਹ ਕੇ ਜਲਦੀ ਨਾਲ ਡੱਬੇ 'ਚ ਚੜ੍ਹ ਗਿਆ। ਮੈਂ ਡੱਬੇ ਦੇ ਬਾਹਰ ਬੁੱਤ ਬਣਿਆ ਖੜਾ ਰਿਹਾ।

'ਆ ਜਾ, ਆ ਜਾ ਜਲਦੀ।' ਸਤਿਆਰਥੀ ਨੇ ਸੀਟ 'ਤੇ ਥਾਂ ਬਣਾਉਂਦਿਆਂ ਦੋਹਾਂ ਹੱਥਾਂ ਨਾਲ ਇਸ਼ਾਰੇ ਕਰਦਿਆਂ ਮੈਨੂੰ ਕਿਹਾ।

ਫੌਜੀਆਂ ਨੇ ਘੂਰ ਕੇ ਮੈਨੂੰ ਦੇਖਿਆ।

ਮੈਂ ਦੋ ਕਦਮ ਪਿਛੇ ਹਟ ਗਿਆ।

'ਇਹ ਵੀ ਸ਼ਾਇਰ ਐ' ਸਤਿਆਰਥੀ ਕਹਿਣ ਲੱਗਾ 'ਇਹ ਵੀ ਤੁਹਾਨੂੰ ਗੀਤ ਗੁਣਾਏਗਾ। ਅਸੀਂ ਦੋਵੇਂ ਗੀਤ ਸੁਣਾਵਾਂਗੇ।'

ਫੌਜੀਆਂ ਨੇ ਮੈਨੂੰ ਸਿਰ ਤੋਂ ਪੈਰਾਂ ਤੱਕ ਗੌਰ ਨਾਲ ਦੇਖਿਆ। ਲਗਦਾ ਸੀ ਕਿ ਉਨ੍ਹਾਂ ਨੂੰ ਮੇਰੇ ਸ਼ਾਇਰ ਹੋਣ 'ਤੇ ਯਕੀਨ ਨਹੀਂ ਸੀ ਆ ਰਿਹਾ। ਉਹ ਸੋਚ ਰਹੇ ਸਨ ਕਿ ਕਿਥੇ ਇਹ ਤੇਈ ਚੌਵੀ ਵਰ੍ਹਿਆਂ ਦਾ ਛੋਕਰਾ ਉਹੋ ਜਿਹੀ ਚੀਜ਼ ਕਿਵੇਂ ਹੋ ਸਕਦੈ ਜੋ ਇਹ ਲੰਬੀ ਦਾੜ੍ਹੀ ਵਾਲਾ ਸੰਨਿਆਸੀ ਏ।

'ਤੂੰ ਵੀ ਸਾਰੀਆਂ ਜ਼ਬਾਨਾਂ ਜਾਣਦਾ ਏਂ?' ਇਕ ਫੌਜੀ ਨੇ ਦਰਵਾਜ਼ਾ ਖੋਲ੍ਹਦੇ ਹੋਏ ਮੈਨੂੰ ਪੁਛਿਆ।

'ਨਹੀਂ' ਮੈਂ ਜੁਆਬ ਦਿਤਾ।

'ਹੂੰ..' ਉਹਨੇ ਕੁਝ ਇਸ ਤਰ੍ਹਾਂ ਕਿਹਾ ਜਿਵੇਂ ਕਹਿ ਰਿਹਾ ਹੋਵੇ ਫਿਰ ਤੂੰ ਕੀ ਜਾਣਦੈ ਤੇਰਾ ਕੀ ਫਾਇਦਾ।'

ਮੈਂ ਸਤਿਆਰਥੀ ਦੇ ਕੋਲ ਸੀਟ 'ਤੇ ਜਾ ਬੈਠਾ ਜਦੋਂ ਟਰੇਨ ਚਲ ਪਈ ਤਾਂ ਮੈਂ ਸਤਿਆਰਥੀ ਨੂੰ ਕਿਹਾ

'ਮੈਂ ਅਗਲੇ ਸਟੇਸ਼ਨ 'ਤੇ ਉਤਰ ਜਾਵਾਂਗਾ'

'ਉਤਰ ਕੇ ਜਾਏਂਗਾ ਕਿਹੜੇ ਡੱਬੇ 'ਚ' ਉਹ ਕਹਿਣ ਲੱਗਾ। ਮੈਂ ਚੁਪ ਰਿਹਾ। ਫੌਜੀ ਬੜ੍ਹੇ ਉਤਸ਼ਾਹ ਤੇ ਦਿਲਚਸਪੀ ਨਾਲ ਸਤਿਆਰਥੀ ਨਾਲ ਗੱਲਾਂ ਕਰਨ ਲੱਗਾ। ਸਤਿਆਰਥੀ ਬੜੇ ਪਿਆਰ ਨਾਲ ਉਹਦੇ ਪਿੰਡ ਕੋਲ ਵਹਿੰਦੇ ਨਦੀਆਂ, ਨਾਲਿਆਂ ਦੇ ਕਿਨਾਰੇ ਲਹਿਲਹਾਂਦੇ ਖੇਤਾਂ, ਰਸਮਾਂ, ਤਿਓਹਾਰਾਂ ਬਾਰੇ ਗੱਲਾਂ ਕਰ ਰਿਹਾ ਸੀ, ਜਿਵੇਂ ਉਹ ਉਨ੍ਹਾਂ ਸਾਰਿਆਂ ਨੂੰ ਜਾਣਦਾ ਹੋਵੇ। ਉਨ੍ਹਾਂ ਵਿਚੋਂ ਹੀ ਕੋਈ ਇਕ ਹੋਵੇ ਤੇ ਜਦੋਂ ਗੱਲਾਂ ਖਤਮ ਹੋ ਗਈਆਂ ਤਾਂ ਸਤਿਆਰਥੀ ਉਨ੍ਹਾਂ ਨੂੰ ਗੀਤ ਸੁਣਾਉਣ ਲੱਗਾ। ਫੌਜੀ ਉਹਦੇ ਤੋਂ ਬੜੇ ਪ੍ਰਭਾਵਤ ਹੋਏ। ਸਤਿਆਰਥੀ ਨੇ ਕਿਹਾ

'ਕੋੜੀ ਦਾ ਕੋੜੀ, ਕੋੜੀ ਦਾ ਕਾਟ ਲਾਲੀ (ਮਿਲਕੇ ਫਸੋ, ਮਿਲਕੇ ਫਸੋ, ਮੱਛੀਓ) ਉਸ ਡੱਬੇ ਵਿਚ ਜਿਥੇ ਹਰ ਸੂਬੇ ਦਾ ਫੌਜੀ ਬੈਠਾ ਸੀ, ਉਨ੍ਹਾਂ ਲਈ ਇਸ ਤੋਂ ਵਧ ਮਜ਼ਾਕ ਉਡਾਉਣ ਵਾਲਾ ਹੋਰ ਕੋਈ ਗੀਤ ਨਹੀਂ ਸੀ ਹੋ ਸਕਦਾ।

'ਕੀ ਮਤਲਬ' ਤਮਿਲ ਫੌਜੀ ਕਹਿਣ ਲੱਗਾ

'ਕੀ ਅਸੀਂ ਮੱਛੀਆਂ ਹਾਂ?' ਪੰਜਾਬੀ ਫੌਜੀ ਚੀਕਿਆ

'ਗੁੱਸਾ ਕਿਉਂ ਕਰਦੇ ਹੋ ਮੇਰੇ ਦੋਸਤ' ਸਤਿਆਰਥੀ ਨੇ ਓਸੇ ਲਹਿਜੇ ਤੇ ਹੌਂਸਲੇ ਨਾਲ ਕਿਹਾ

'ਅਸੀਂ ਸਭ ਮੱਛੀਆਂ ਹਾਂ। ਤੁਸੀਂ ਬੰਦੂਕ ਵਾਲੀਆਂ ਮੱਛੀਆਂ ਹੋ ਤੇ ਮੈਂ ਦਾੜ੍ਹੀ ਵਾਲੀ ਮੱਛੀ ਹਾਂ।'

ਫੌਜੀ ਹੱਸਣ ਲੱਗੇ।

'ਅਸੀਂ ਸਾਰੀਆਂ ਮਛੇਰਿਆਂ ਦੇ ਜਾਲ ਵਿਚ ਫਸੀਆਂ ਹੋਈਆਂ ਹਾਂ।' ਸਤਿਆਰਥੀ ਨੇ ਕਿਹਾ ਤਾਂ ਸਾਰੇ ਫੌਜੀ ਗੰਭੀਰ ਹੋ ਗਏ।

ਟਰੇਨ ਤੇਜ਼ੀ ਨਾਲ ਦੌੜੀ ਜਾ ਰਹੀ ਸੀ। ਬਾਹਰ ਚਾਰੇ ਪਾਸੇ ਹਨੇਰਾ ਸੀ ਤੇ ਇਸ ਹਨੇਰੇ ਵਿਚ ਇਕਾ ਦੁਕਾ ਤਾਰੇ ਜਗ ਮਗਾ ਰਹੇ ਸਨ। ਫੌਜੀਆਂ ਨੇ ਸਾਨੂੰ ਸੌਣ ਲਈ ਸਾਨੂੰ ਜਗ੍ਹਾ ਬਣਾ ਦਿਤੀ ਤੇ ਕਿਹਾ 'ਤੁਸੀਂ ਹੁਣ ਅਰਾਮ ਕਰ ਲਓ ਸਵੇਰੇ ਤੁਹਾਨੂੰ ਜਗਾ ਦਿਆਂਗੇ।'

ਅਗਲੇ ਦਿਨ ਜਦੋਂ ਸਾਹਿਬ ਦੇ ਟਿਕਾਣੇ ਪਹੁੰਚੇ, ਜਿਨ੍ਹਾਂ ਨੂੰ ਮਿਲਣਾ ਸੀ ਤਾਂ ਜਾ ਕੇ ਪਤਾ ਲਗਾ ਕਿ ਉਹ ਘਰ ਨਹੀਂ

ਹਨ। ਉਹ ਮੈਜਿਸਟਰੇਟ ਦੇ ਘਰ ਇਕ ਦਾਅਵਤ ’ਤੇ ਗਏ ਹੋਏ ਸਨ।

ਉਹ ਮੈਜਿਸਟਰੇਟ ਮੈਨੂੰ ਵੀ ਜਾਣਦਾ ਸੀ। ਇਸ ਲਈ ਅਸੀਂ ਸਿੱਧਾ ਉਹਦੇ ਘਰ ਚਲੇ ਗਏ।

ਗੱਲਾਂ ਗੱਲਾਂ ਵਿਚ ਸਤਿਆਰਥੀ ਨੇ ਓਥੇ ਜਾ ਕੇ ਦਸਿਆ ਕਿ ਉਹ ਝੁੰਮਰ ਨਾਚ ਨੱਚਦੇ ਕਿਸਾਨਾਂ ਦੀਆਂ ਫੋਟੋਆਂ ਲੈਣੀਆਂ ਚਾਹੁੰਦਾ ਹੈ।

ਮੈਜਿਸਟਰੇਟ ਸਾਹਿਬ ਕਹਿਣ ਲੱਗੇ 'ਅੱਜਕੱਲ੍ਹ ਤਾਂ ਕਿਸਾਨ ਵਾਢੀਆਂ ’ਚ ਰੁਝੇ ਹੋਏ ਨੇ ਨਾਚ ਤਾਂ ਛੱਡੋ ਉਨ੍ਹਾਂ ਕੋਲ ਤਾਂ ਸਿਰ ਖੁਰਕਣ ਦੀ ਵਿਹਲ ਨਹੀਂ"

'ਫਿਰ' ਸਤਿਆਰਥੀ ਨੇ ਕਿਹਾ 'ਮੈਂ ਤਾਂ ਬੜੀ ਉਮੀਦ ਲੈ ਕੇ ਆਇਆ ਸਾਂ।'

ਮੈਜਿਸਟਰੇਟ ਸਾਹਿਬ ਚੁੱਪ ਕਰ ਗਏ। ਜਦੋਂ ਅਸੀਂ ਓਥੋਂ ਚਲਣ ਲੱਗੇ ਤਾਂ ਉਨ੍ਹਾਂ ਨੇ ਸਤਿਆਰਥੀ ਨੂੰ ਰੋਕ ਕੇ ਕਿਹਾ 'ਤੁਸੀਂ ਜ਼ਰੂਰ ਫੋਟੋਆਂ ਲੈਣੀਆਂ ਚਾਹੁੰਦੇ ਹੋ?'

'ਹਾਂ' ਸਤਿਆਰਥੀ ਨੇ ਕਿਹਾ

'ਚੰਗਾ ਕੱਲ੍ਹ ਦੋ ਵਜੇ ਦੇ ਲਗਪਗ ਥਾਣੇ ਆ ਜਾਣਾ। ਮੈਂ ਬੰਦੋਬਸਤ ਕਰਵਾ ਦਿਆਂਗਾ।'

'ਥਾਣੇ ਵਿਚ?' ਸਤਿਆਰਥੀ ਨੇ ਹੈਰਾਨੀ ਵਿਚ ਮੈਨੂੰ ਘੂਰਦੇ ਹੋਏ ਕਿਹਾ।

'ਹਾਂ ਅਸੀਂ ਥਾਣੇ ਵਿਚੋਂ ਕੁਝ ਸਿਪਾਹੀ ਭੇਜ ਕੇ ਦਸ ਵੀਹ ਕਿਸਾਨਾਂ ਨੂੰ ਬੁਲਵਾ ਲਵਾਂਗੇ ਜਿਹੜੇ ਨੱਚਣਾ ਜਾਣਦੇ ਹੋਣ। ਫਿਰ ਤੁਸੀਂ ਜਿੰਨੀਆਂ ਚਾਹੋ ਫੋਟੋਆਂ ਲੈ ਲੈਣਾ।'

'ਜੀ ਨਹੀਂ, ਤੁਸੀਂ ਤਕਲੀਫ ਨਾ ਕਰੋ। ਮੈਂ ਫਿਰ ਕਦੇ ਆ ਜਾਵਾਂਗਾ।' ਸਤਿਆਰਥੀ ਨੇ ਕਿਹਾ – 'ਥਾਣੇਦਾਰ ਦੇ ਸਾਹਮਣੇ ਕਿਸਾਨ ਕੀ ਨੱਚਣਗੇ?'

ਅਗਲੇ ਦਿਨ ਅਸੀਂ ਓਥੋਂ ਵਾਪਸ ਆ ਗਏ। ਸਾਰੇ ਰਸਤੇ ਮੈਜਿਸਟਰੇਟ ਦੀ ਤਜਵੀਜ਼ ’ਤੇ ਸਤਿਆਰਥੀ ਹੱਸਦਾ ਰਿਹਾ।

ਯੂਨੀਵਰਸਿਟੀ ਇਮਤਿਹਾਨਾਂ ਤੋਂ ਬਾਅਦ ਮੈਂ ਲੁਧਿਆਣੇ ਆ ਗਿਆ ਤੇ ਚਾਰ ਪੰਜ ਮਹੀਨੇ ਘਰ ਹੀ ਰਿਹਾ। ਉਸ ਤੋਂ ਬਾਅਦ ਅਚਾਨਕ ਪ੍ਰੀਤ ਨਗਰ ਦੀ ਸਲਾਨਾ ਕਾਨਫ੍ਰੰਸ ਵਿਚ ਮੇਰੀ ਉਹਦੇ ਨਾਲ ਮੁਲਾਕਾਤ ਹੋ ਗਈ।

ਕਾਨਫ੍ਰੰਸ ਵਿਚ ਕੋਈ ਅੱਠ ਦਸ ਹਜ਼ਾਰ ਔਰਤਾਂ, ਮਰਦਾਂ ਦਾ ਇਕੱਠ ਸੀ। ਪੰਜਾਬ ਦੇ ਹਰ ਕੋਨੇ ਵਿਚੋਂ ਲੋਕ ਇਸ ਅਜੀਬੋ ਗਰੀਬ ਬਸਤੀ ਨੂੰ ਦੇਖਣ ਆਏ ਸਨ ਜਿਸਦੇ ਅਹਾਤੇ ਵਿਚ ਮਸਜਿਦ, ਮੰਦਿਰ, ਗੁਰੂਦਵਾਰਾ ਜਾਂ ਗਿਰਜਾ ਬਣਾਉਣ ਦੀ ਆਗਿਆ ਨਹੀਂ ਸੀ। ਓਥੋਂ ਦੇ ਵਾਸੀ ਸਾਂਝੀ ਕਿਚਨ ਵਿਚ ਖਾਣਾ ਖਾਂਦੇ ਸਨ ਤੇ ਜਿਥੇ ਔਰਤਾਂ ਅਜ਼ਾਦੀ ਤੇ ਬੇਬਾਕੀ ਨਾਲ ਘੁੰਮਦੀਆਂ ਫਿਰਦੀਆਂ ਸਨ।

ਜਦੋਂ ਸਤਿਆਰਥੀ ਪੰਡਾਲ ਵਿਚ ਦਾਖਲ ਹੋਇਆ ਤਾਂ ਭੀੜ ਵਿਚੋਂ ਬਹੁਤ ਸਾਰੇ ਪੁਰਸ਼ਾਂ ਨੇ ਉਠ ਕੇ ਉਹਦੇ ਹੱਥ ਚੁੰਮੇ ਅਤੇ ਬਹੁਤ ਸਾਰੀਆਂ ਔਰਤਾਂ ਨੇ ਉਹਦੇ ਚਰਨ ਛੋਹੇ। ਸਤਿਆਰਥੀ ਨੇ ਉਨ੍ਹਾਂ ਨੂੰ ਅਸ਼ੀਰਵਾਦ ਦਿਤਾ ਤੇ ਬੜੀਆਂ ਉਤਸੁਕ ਤੇ ਸ਼ਰਧਾਲੂ ਨਜ਼ਰਾਂ ਦੀ ਇਕ ਵੱਡੀ ਭੀੜ ’ਚੋਂ ਲੰਘਦਾ ਹੋਇਆ ਉਹ ਸਟੇਜ ਦੇ ਕੋਲ ਜਾ ਕੇ ਬਹਿ ਗਿਆ।

ਪ੍ਰੋਗਰਾਮ ਵਿਚ ਪਹਿਲੀ ਚੀਜ਼ ਇਕ ਡਰਾਮਾ ਸੀ ਜਿਸਨੂੰ ਪ੍ਰੀਤ ਨਗਰ ਦੇ ਪਾੜ੍ਹੇ ਪੇਸ਼ ਕਰ ਰਹੇ ਸਨ। ਡਰਾਮੇ ਤੋਂ ਬਾਅਦ ਪਹਿਲਾਂ ਪੰਜਾਬੀ ਕਵੀ ਦਰਬਾਰ ਤੇ ਫਿਰ ਉਰਦੂ ਮੁਸ਼ਾਇਰਾ ਸੀ। ਸਤਿਆਰਥੀ ਨੇ ਵੀ ਕਵੀ ਦਰਬਾਰ ਵਿਚ ਇਕ ਪੰਜਾਬੀ ਕਵਿਤਾ ਪੜ੍ਹੀ

ਸਟੇਜ ’ਤੇ ਖੜਾ ਉਹ ਮਾਨਵਤਾ ਦਾ ਪੁਜਾਰੀ ਲਗ ਰਿਹਾ ਸੀ। ਉਹਦੀ ਸ਼ਖਸੀਅਤ ਇਕ ਦਾਰਸ਼ਨਿਕ, ਸੰਨਿਆਸੀ, ਇਕ ਸ਼ਾਇਰ ਦੀ ਸ਼ਖਸੀਅਤ ਦਾ ਮਿਲਗੋਭਾ ਲਗ ਰਹੀ ਸੀ। ਉਹ ਆਪਣੀ ਕਵਿਤਾ ਵਿਚ ਹਿੰਦੋਸਤਾਨ ਦੇ ਵੱਖ ਵੱਖ ਖਿਤਿਆਂ ਦਾ ਜ਼ਿਕਰ ਏਨੀ ਕਮਾਲ ਨਾਲ ਕਰ ਰਿਹਾ ਸੀ ਕਿ ਸੁਣਨ ਵਾਲਿਆਂ ਨੂੰ ਲਗ ਰਿਹਾ ਸੀ ਜਿਵੇਂ ਉਹ ਉਨ੍ਹਾਂ ਖਿਤਿਆਂ ਵਿਚ ਸਾਹ ਲੈ ਰਹੇ ਹੋਣ। ਇਕ ਤੋਂ ਬਾਅਦ ਦੂਸਰੇ ਖਿੱਤੇ ਦੀ ਅਬਾਦੀ ਆਪਣੀ ਵਿਸ਼ੇਸ਼ ਤਹਿਜ਼ੀਬ ਦੇ ਰੂਪ ਵਿਚ, ਵਿਸ਼ੇਸ਼ ਲਿਬਾਸ ਪਾਈ, ਆਪਣੀ ਵਿਸ਼ੇਸ਼ ਜ਼ਬਾਨ ਬੋਲਦੀ ਹੌਲੀ ਹੌਲੀ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਪ੍ਰਗਟ ਹੋ ਕੇ ਫਿਰ ਦਿਸਹੱਦੇ ਵਿਚ ਗੁੰਮ ਹੋ ਜਾਂਦੀ ਸੀ। ਇਹ ਕੁਸ਼ਲਤਾ ਅਸਲ ਵਿਚ ਸਤਿਆਰਥੀ ਵਲੋਂ ਕੀਤਾ ਗਿਆ ਸੌਲਾਂ ਸਾਲਾਂ ਦਾ ਰਿਆਜ਼ ਤੇ ਗਾਹੇ ਗਏ ਹਿੰਦੋਸਤਾਨ ਦਾ ਫਲ ਸੀ। ਮੈਂ ਮਹਿਸੂਸ ਕੀਤਾ ਕਿ ਹਿੰਦੋਸਤਾਨ ਦਾ ਕੋਈ ਲੇਖਕ ਉਹ ਭਾਵੇਂ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ ਹਿੰਦੋਸਤਾਨ ਦੀ ਰੂਹ ਦਾ ਅਕਸ ਪੇਸ਼ ਕਰਨ ਵਿਚ ਸਤਿਆਰਥੀ ਦਾ ਮੁਕਾਬਲਾ ਨਹੀਂ ਕਰ ਸਕਦਾ।

ਪੰਜਾਬੀ ਕਵੀ ਦਰਬਾਰ ਦੀ ਸਮਾਪਤੀ ਤੋਂ ਬਾਅਦ ਪੰਦਰਾਂ ਮਿੰਟਾਂ ਦਾ ਵਕਫਾ ਦਿਤਾ ਗਿਆ ਤਾਂ ਉਰਦੂ ਪ੍ਰੀਤ ਲੜੀ ਦੇ ਸਹਿ ਸੰਪਾਦਕ ਸ਼ਮਸ਼ੇਰ ਸਿੰਘ ਖੰਜਰ ਨੇ ਮੈਨੂੰ ਦਸਿਆ ਕਿ ਉਰਦੂ ਮੁਸ਼ਾਇਰੇ ਦੀ ਪ੍ਰਧਾਨਗੀ ਕਰਨ ਵਾਲਾ ਸ਼ਾਇਰ ਅਜੇ ਤੱਕ ਨਹੀਂ ਪਹੁੰਚਿਆ। ਮੈਂ ਦੱਸਿਆ ਕਿ ਸ਼ਾਮ ਨੂੰ ਮੈਂ ਅਖਤਰ ਹੁਸੈਨ ਰਾਇਪੁਰੀ ਨੂੰ ਦੇਖਿਆ ਸੀ। ਉਹਨੂੰ ਕਹੋ ਮੁਸ਼ਾਇਰੇ ਦੀ ਪ੍ਰਧਾਨਗੀ ਕਰ ਦੇਣ। ਸ਼ਮਸ਼ੇਰ ਸਿੰਘ ਖੰਜਰ ਇਕ ਲੱਤ ਅਤੇ ਇਕ ਸੋਟੀ ਦੇ ਸਹਾਰੇ ਅਖਤਰ ਹੁਸੈਨ ਰਾਇਪੁਰੀ ਨੂੰ ਲੱਭਣ ਚਲਾ ਗਿਆ। ਸਤਿਆਰਥੀ ਮੇਰੇ ਕੋਲ ਆ ਕੇ ਕਹਿਣ ਲੱਗਾ 'ਤੂੰ ਸ਼ਮਸ਼ੇਰ ਸਿੰਘ ਖੰਜਰ ਨੂੰ ਕਦੋਂ ਦਾ ਜਾਣਨਾ ਏਂ?'

'ਪਿਛਲੇ ਇਕ ਵਰ੍ਹੇ ਤੋਂ"

'ਮੈਂ ਛਿਆਂ ਵਰ੍ਹਿਆਂ ਤੋਂ ਜਾਣਦਾ ਹਾਂ ਤੇ ਉਹਨੂੰ ਇਕ ਸੁਆਲ ਪੁਛਣਾ ਚਾਹੁੰਦਾ ਹਾਂ ਪਰ ਮੇਰਾ ਹੌਂਸਲਾ ਨਹੀਂ ਪੈਂਦਾ।' ਸਤਿਆਰਥੀ ਨੇ ਕਿਹਾ।

'ਸੁਆਲ ਕੀ ਐ' ਮੈਂ ਪੁਛਿਆ

'ਮੈਂ ਉਹਨੂੰ ਪੁਛਣਾ ਚਾਹੁੰਦਾ ਹਾਂ ਕਿ ਉਹਨੇ ਆਪਣਾ ਤਖ਼ੱਲਸ ਖੰਜਰ ਲੱਤ ਟੁੱਟਣ ਤੋਂ ਪਹਿਲਾਂ ਰੱਖਿਆ ਸੀ ਜਾਂ ਬਾਅਦ 'ਚ'?

ਤੇ ਉਹ ਓਵਰ ਕੋਟ ਦੀਆਂ ਜੇਬਾਂ ਵਿਚ ਹੱਥ ਪਾ ਕੇ ਹੱਸਣ ਲੱਗਾ। ਸਾਹਮਣੇ ਪੰਜਾਬੀ ਦੀ ਇਕ ਕਵਿੱਤਰੀ ਆ ਰਹੀ ਸੀ। ਸਤਿਆਰਥੀ ਦਾ ਹਾਸਾ ਇਕ ਦਮ ਗੰਭੀਰਤਾ ਵਿਚ ਬਦਲ ਗਿਆ। ਉਹਨੇ ਦਵਾ ਦਵ ਓਵਰ ਕੋਟ ਦੀਆਂ ਜੇਬਾਂ 'ਚੋਂ ਹੱਥ ਕੱਢ ਲਏ।

'ਕਿਧਰ ਜਾ ਰਹੇ ਹੋ? ਉਰਦੂ ਦਾ ਮੁਸ਼ਾਇਰਾ ਨਹੀਂ ਸੁਣਨਾ' ਉਹਨੇ ਕਵਿਤਰੀ ਨੂੰ ਸੰਬੋਧਿਤ ਹੁੰਦਿਆ ਪੁਛਿਆ।

'ਜ਼ਰੂਰ ਸੁਣਾਂਗੀ' ਕਵਿਤਰੀ ਕਹਿਣ ਲੱਗੀ 'ਬੈਠੀ ਬੈਠੀ ਥੱਕ ਗਈ ਸਾਂ ਇਸ ਲਈ ਏਧਰ ਆ ਗਈ।'

'ਹਾਂ.. ਹਾਂ.. ਜ਼ਰੂਰ ਸੁਣਨਾ ਅੱਜ ਮੈਂ ਵੀ ਆਪਣੀ ਇਕ ਉਰਦੂ ਦੀ ਨਜ਼ਮ ਸੁਣਾਵਾਂਗਾ। ਸਾਹਿਰ ਤੂੰ ਇਨ੍ਹਾਂ ਦੀ ਕਵਿਤਾ ਸੁਣੀ ਸੀ।'

'ਜੀ ਹਾਂ ਬੜੀ ਖ਼ੂਬਸੂਰਤ ਨਜ਼ਮ ਸੀ।'

'ਉਸ ਵਿਚ ਬੜੀ ਰਵਾਨੀ, ਸ਼ਿਦਤ ਅਤੇ ਗਹਿਰਾਈ ਸੀ। ਵਾਹ ਵਾਹ ਮੈਂ ਤਾਂ ਸੋਚਦਾ ਹਾਂ ਕਿ ਮੈਨੂੰ ਕਵਿਤਾ ਲਿਖਣੀ ਹੀ ਛੱਡ ਦੇਣੀ ਚਾਹੀਦੀ ਏ।' ਸਤਿਆਰਥੀ ਨੇ ਕਿਹਾ।

'ਇਹ ਤੁਸੀਂ ਕੀ ਕਹਿ ਰਹੇ ਹੋ?' ਕਵਿਤਰੀ ਕਹਿਣ ਲੱਗੀ 'ਤੁਸੀਂ ਤਾਂ ਏਨਾ ਵਧੀਆ ਲਿਖਦੇ ਹੋ।'

'ਜੀ ਹਾਂ... ਜੀ ਹਾਂ...,' ਸਤਿਆਰਥੀ ਨੇ ਕਿਹਾ 'ਪਰ ਉਹ ਗੱਲ ਨਹੀਂ ਬਣਦੀ।'

ਏਨੇ ਵਿਚ ਸ਼ਮਸ਼ੇਰ ਸਿੰਘ ਖੰਜਰ ਵਾਪਸ ਆ ਗਿਆ। ਉਹਨੇ ਦੱਸਿਆ ਕਿ ਅਖਤਰ ਹੁਸੈਨ ਰਾਏਪੁਰੀ ਵਾਪਸ ਚਲੇ ਗਏ ਨੇ ਤੇ ਸ਼ਾਇਰਾਂ ਦੀਆਂ ਤਿੰਨ ਟੋਲੀਆਂ ਤਿੰਨ ਵੱਖ ਵੱਖ ਸ਼ਾਇਰਾਂ ਨੂੰ ਪ੍ਰਧਾਨਗੀ ਕਰਨ ਲਈ ਕਹਿ ਰਹੀਆਂ ਹਨ।

'ਫਿਰ ਤੁਸੀਂ ਕੀ ਫੈਸਲਾ ਕੀਤੈ' ਮੈਂ ਪੁਛਿਆ।

'ਮੈਂ ਕੋਈ ਫੈਸਲਾ ਨਹੀਂ ਕਰ ਸਕਿਆ' ਉਹ ਕਹਿਣ ਲੱਗਾ।

ਕਵਿਤਰੀ ਮੁਸਕਰਾਈ ਤੇ ਪੁਛਣ ਲੱਗੀ 'ਕੀ ਤੁਹਾਡੇ ਵਿਚ ਪ੍ਰਧਾਨਗੀ ਲਈ ਦੰਗਾ ਫਸਾਦ ਹੋ ਜਾਂਦੈ?'

'ਕੁਝ ਅਜਿਹਾ ਹੀ ਏ' ਮੈਂ ਕਿਹਾ

'ਕਿਉਂ?' ਉਹਨੇ ਕਿਹਾ ਤਾਂ ਮੈਨੂੰ ਉਹਦੀ ਸਾਦਗੀ 'ਤੇ ਪਿਆਰ ਆ ਗਿਆ।

'ਅਜੇ ਇਨ੍ਹਾਂ ਸਾਹਮਣੇ ਵੱਡੇ ਤੇ ਅਹਿਮ ਮਕਸਦ ਪੈਦਾ ਨਹੀਂ ਹੋਏ ਜਦੋਂ ਹੋ ਗਏ ਤਾਂ ਇਨ੍ਹਾਂ ਛੋਟੀਆਂ ਮੋਟੀਆਂ ਗੱਲਾਂ 'ਤੇ ਲੜਨਾ ਝਗੜਨਾ ਛੱਡ ਦੇਣਗੇ।' ਕਵਿਤਰੀ ਚੁੱਪ ਕਰ ਗਈ। 'ਕੀ ਤੁਸੀਂ ਇਸ ਵਿਚ ਸਾਡੀ ਕੋਈ ਮਦਦ ਨਹੀਂ ਕਰ ਸਕਦੇ' ਮੈਂ ਪੁੱਛਿਆ

'ਮੈਂ, ਮੈਂ ਕੀ ਮਦਦ ਕਰ ਸਕਦੀ ਹਾਂ?' ਉਹਨੇ ਕਿਹਾ

'ਤੁਸੀਂ ਸਾਡੇ ਮੁਸ਼ਾਇਰੇ ਦੀ ਪ੍ਰਧਾਨਗੀ ਕਰ ਦਿਓ।'

'ਪਰ ਮੈਂ ਤਾਂ ਪੰਜਾਬੀ ਵਿਚ ਲਿਖਦੀ ਹਾਂ।'

'ਇਹੀ ਤਾਂ ਇਕ ਚੰਗੀ ਗੱਲ ਐ' ਮੈਂ ਕਿਹਾ 'ਨਹੀਂ ਤਾਂ ਸਪਸ਼ਟ ਐ ਕਿ ਇਕ ਮੁਸ਼ਾਇਰੇ 'ਚ ਤਿੰਨ ਜਣੇ ਪ੍ਰਧਾਨਗੀ ਨਹੀਂ ਕਰ ਸਕਦੇ। ਇਸ ਨਾਲ ਦੋ ਜਣੇ ਤਾਂ ਪੱਕਾ ਨਰਾਜ਼ ਹੋ ਜਾਣਗੇ।

'ਪਰ ਇਹ ਵੀ ਤਾਂ ਹੋ ਸਕਦੈ' ਉਹ ਕਹਿਣ ਲੱਗੀ 'ਮੇਰੇ ਪ੍ਰਧਾਨਗੀ ਕਰਨ 'ਤੇ ਤਿੰਨੇ ਹੀ ਨਰਾਜ਼ ਹੋ ਜਾਣ।

'ਨਹੀਂ ਤੁਸੀਂ ਕੁੜੀ ਹੋ ਇਸ ਲਈ ਅਜਿਹਾ ਨਹੀਂ ਹੋਵੇਗਾ।' ਸ਼ਮਸ਼ੇਰ ਸਿੰਘ ਖੰਜਰ ਕਹਿਣ ਲੱਗਾ।

ਕਵਿਤਰੀ ਕੁਝ ਸ਼ਰਮਾ ਗਈ। ਉਹ ਕੁਝ ਕਹਿਣਾ ਚਾਹੁੰਦੀ ਸੀ ਪਰ ਕਹਿ ਨਾ ਸਕੀ।

ਮੈਂ ਖੰਜਰ ਨੂੰ ਕਿਹਾ 'ਤੁਸੀਂ ਜਾਓ ਤੇ ਪ੍ਰਧਾਨਗੀ ਲਈ ਇਨ੍ਹਾਂ ਦਾ ਨਾਂ ਸਟੇਜ ਸਕੱਤਰ ਨੂੰ ਦੇ ਆਓ।'

ਖੰਜਰ ਚਲਾ ਗਿਆ।

ਇਕ ਮਿੰਟ ਬਾਅਦ ਕਵਿਤਰੀ ਵੀ ਚਲੀ ਗਈ।

'ਓਏ ਹਰਾਮਜ਼ਾਦੇ' ਸਤਿਆਰਥੀ ਚੀਕਿਆ ਤੇ ਉਹ ਵੀ ਚਲਾ ਗਿਆ।

ਮੁਸ਼ਾਇਰੇ ਤੋਂ ਅਗਲੇ ਦਿਨ ਪ੍ਰੀਤ ਨਗਰ ਵਾਲਿਆਂ ਨੇ ਉਰਦੂ ਅਤੇ ਪੰਜਾਬੀ ਦੇ ਲੇਖਕਾਂ ਨੂੰ ਇਕ ਸ਼ਾਨਦਾਰ ਪਾਰਟੀ ਦਿਤੀ। ਕਵਿਤਰੀ ਤੇ ਸਤਿਆਰਥੀ ਨਾਲੋ ਨਾਲ ਬੈਠੇ ਸਨ। ਚਾਹ ਦੀਆਂ ਚੁਸਕੀਆਂ ਦੇ ਨਾਲ ਨਾਲ ਸ਼ਾਇਰੀ ਦਾ ਦੌਰ ਵੀ ਚਲ ਰਿਹਾ ਸੀ। ਸਾਰੇ ਸ਼ਾਇਰਾਂ ਨੇ ਇਕ ਇਕ ਨਜ਼ਮ ਸੁਣਾਈ ਪਰ ਜਦੋਂ ਸਤਿਆਰਥੀ ਦੀ ਵਾਰੀ ਆਈ ਤਾਂ ਉਹ ਚੁੱਪ ਚਾਪ ਬੈਠਾ ਰਿਹਾ। ਕਵਿਤਰੀ ਨੇ ਕਿਹਾ 'ਤੁਸੀਂ ਵੀ ਕੁਝ ਸੁਣਾਓ ਨਾ।'

'ਛੱਡੋ ਜੀ' ਸਤਿਆਰਥੀ ਕਹਿਣ ਲੱਗਾ 'ਮੇਰੀ ਨਜ਼ਮ ਵਿਚ ਕੀ ਰਖਿਐ। ਤੁਸੀਂ ਸੁਣਾਓ।' ਸਤਿਆਰਥੀ ਨੇ ਚਾਹ ਦਾ ਘੁੱਟ ਭਰਦਿਆਂ ਕਿਹਾ।

'ਹਾਦਸਾ' ਇਕ ਕੋਨੇ 'ਚੋਂ ਅਵਾਜ਼ ਆਈ।

ਸਤਿਆਰਥੀ ਕੋਲੋਂ ਹਾਸਾ ਰੋਕਿਆ ਨਾ ਗਿਆ। ਉਹਦਾ ਮੂੰਹ ਖੁੱਲ੍ਹਾ ਤੇ ਸਾਰੀ ਚਾਹ ਫੁਰਕੜਾ ਵੱਜ ਕੇ ਉਹਦੀ ਦਾੜ੍ਹੀ ਤੇ ਕੋਟ 'ਤੇ ਡੁੱਲ੍ਹ ਗਈ। ਮੈਲੇ ਖਾਕੀ ਰੁਮਾਲ ਨਾਲ ਚੇਹਰੇ 'ਤੇ ਪਰਦਾ ਕਰਕੇ ਉਹ ਆਪਣੀ ਕੁਰਸੀ ਤੋਂ ਉਠਿਆ ਤੇ ਨਲਕੇ 'ਤੇ ਜਾ ਕੇ ਮੂੰਹ ਧੋਣ ਲੱਗਾ। ਜਦੋਂ ਉਹ ਮੂੰਹ ਧੋ ਕੇ ਵਾਪਸ ਆਇਆ ਤਾਂ ਉਹਦਾ ਚੇਹਰਾ ਉਦਾਸ ਸੀ। ਕਵਿਤਰੀ ਦੇ ਨਾਲ ਪਈ ਖਾਲ੍ਹੀ ਕੁਰਸੀ ਛੱਡ ਕੇ ਉਹ ਇਕ ਕੋਨੇ ਵਿਚ ਦੁਬਕ ਕੇ ਬਹਿ ਗਿਆ। ਸਾਰਾ ਸਮਾਂ ਉਹਨੇ ਕੋਈ ਗੱਲ ਨਾ ਕੀਤੀ।

ਪਾਰਟੀ ਖਤਮ ਹੋਣ ਤੋਂ ਬਾਅਦ ਮੈਂ ਉਹਨੂੰ ਉਹਦੀ ਚੁੱਪ ਦਾ ਕਾਰਨ ਪੁਛਿਆ ਤਾਂ ਉਹ ਬੜੇ ਦੁਖੀ ਮਨ ਨਾਲ ਕਹਿਣ ਲੱਗਾ 'ਮੈਂ ਇਨ੍ਹਾਂ ਭੱਦਰ ਲੋਕਾਂ ਦੀ ਸੋਸਾਇਟੀ ਵਿਚ ਬਹੁਤ

ਘੱਟ ਬੈਠਾ ਹਾਂ। ਆਪਣੀ ਸਾਰੀ ਉਮਰ ਮੈਂ ਕਿਸਾਨਾਂ ਅਤੇ ਖਾਨਾ ਬਦੋਸ਼ਾਂ ਵਿਚ ਗੁਜ਼ਾਰੀ ਹੈ ਤੇ ਹੁਣ ਜਦੋਂ ਮੈਨੂੰ ਮਾਡਰਨ ਕਿਸਮ ਦੀਆਂ ਮਹਿਫਿਲਾਂ ਵਿਚ ਬੈਠਣਾ ਪੈਂਦਾ ਹੈ ਤਾਂ ਮੈਂ ਘਬਰਾ ਜਾਂਦਾ ਹਾਂ। ਮੈਂ ਜ਼ਿਆਦਾ ਤੋਂ ਜ਼ਿਆਦਾ ਸੰਜਮ ਵਰਤਣ ਦੀ ਕੋਸ਼ਿਸ਼ ਕਰਦਾ ਹਾਂ। ਫਿਰ ਵੀ ਮੇਰੇ ਕੋਲੋਂ ਕੋਈ ਨਾ ਕੋਈ ਅਜਿਹੀ ਗਲਤੀ ਹੋ ਹੀ ਜਾਂਦੀ ਹੈ ਜੋ ਆਮ ਲੋਕਾਂ ਦੇ ਪੱਖ ਤੋਂ ਚੰਗੀ ਨਹੀਂ ਸਮਝੀ ਜਾਂਦੀ।'

ਸਤਿਆਰਥੀ ਦੀ ਗੱਲ ਸੁਣ ਕੇ ਮੇਰਾ ਮਨ ਬੜਾ ਦੁਖੀ ਹੋਇਆ। ਉਹਨੇ ਸਚਮੁੱਚ ਬੜੀ ਵੱਡੀ ਕੁਰਬਾਨੀ ਦਿਤੀ ਸੀ। ਲੋਕਗੀਤਾਂ ਦੀ ਤਲਾਸ਼ ਵਿਚ ਉਹਨੇ ਹਿੰਦੋਸਤਾਨ ਦਾ ਕੋਨਾ ਕੋਨਾ ਛਾਣ ਮਾਰਿਆ ਸੀ। ਅਣਗਣਿਤ ਲੋਕਾਂ ਸਾਹਮਣੇ ਝੋਲੀ ਫੈਲਾਈ ਸੀ। ਕਈ ਬੋਲੀਆਂ ਸਿੱਖੀਆਂ ਸਨ। ਕਿਸਾਨਾਂ ਨਾਲ ਕਿਸਾਨ ਤੇ ਖਾਨਾ ਬਦੋਸ਼ਾਂ ਨਾਲ ਖਾਨਾ ਬਦੋਸ਼ ਬਣ ਕੇ ਆਪਣੀਆਂ ਇਛਾਵਾਂ ਭਰੀਆਂ ਰਾਤਾਂ ਦਾ ਗਲਾ ਘੁੱਟਿਆ ਸੀ। ਪਰ ਇਸ ਸਾਰੀ ਮਿਹਨਤ ਤੇ ਮੁਸ਼ੱਕਤ, ਸਾਰੀ ਕੁਰਬਾਨੀ ਦੇ ਸਿਲੇ 'ਚ ਉਹਨੂੰ ਮਿਲਿਆ ਕੀ?

–ਇਕ ਅਰਧ ਫਾਕਿਆਂ ਵਾਲੀ ਜ਼ਿੰਦਗੀ ਤੇ ਇਕ ਟੁੱਟਾ ਹੋਇਆ ਦੁਖੀ ਦਿਲ।

ਪ੍ਰੀਤ ਨਗਰ ਤੋਂ ਵਾਪਸ ਆ ਕੇ ਮੈਨੂੰ ਅਦਬ–ਏ–ਲਤੀਫ ਰਸਾਲੇ ਵਿਚ ਨੌਕਰੀ ਮਿਲ ਗਈ। ਸਤਿਆਰਥੀ ਆਪਣਾ ਕੀਮਤੀ ਸਮਾਂ ਮੇਰੇ ਕੋਲ ਬਿਤਾਉਣ ਲੱਗਾ। ਹਰ ਰੋਜ਼ ਸਵੇਰੇ ਸਵੇਰੇ ਉਹ ਮੈਨੂੰ ਬਿਸਤਰੇ ਤੋਂ ਉਠਾ ਦੇਂਦਾ ਤੇ ਰਾਤ ਦੇਰ ਤੱਕ ਮੇਰੇ ਨਾਲ ਘੁੰਮਦਾ ਫਿਰਦਾ ਰਹਿੰਦਾ। ਜਦੋਂ ਕਦੇ ਉਹਦੀ ਤਬੀਅਤ ਲਹਿਰ ਵਿਚ ਹੁੰਦੀ ਤਾਂ ਉਹ ਮੈਨੂੰ ਪੰਜਾਬ ਦੇ ਲੋਕਗੀਤ ਸੁਣਾਂਦਾ

1. ਕਿਹੜੇ ਪਿੰਡ ਮੁਕਲਾਵੇ ਜਾਣਾ
ਨੀ ਟਾਲ੍ਹੀ ਦੇ ਸੰਦੂਕ ਵਾਲੀਏ।
2. ਅੱਗ ਬਾਲ ਕੇ ਧੂੰਏਂ ਦੇ ਪੱਜ ਰੋਵਾਂ
ਭੈੜੇ ਦੁਖ ਯਾਰੀਆਂ ਦੇ

ਗੀਤ ਸੁਣਾਂਦੇ ਸੁਣਾਂਦੇ ਉਹ ਚੁੱਪ ਕਰ ਜਾਂਦਾ ਤੇ ਕਹਿੰਦਾ, ਭਾਵੇਂ ਮੇਰੀ ਆਰਥਕ ਹਾਲਤ ਕਿੰਨੀ ਵੀ ਮਾੜੀ ਕਿਉਂ ਨਾ ਹੋਵੇ ਪਰ ਹੈ ਤਾਂ ਮੈਂ ਹੀਰਾ।'

ਉਹਨੇ ਸਾਰੇ ਕਾਲਜਾਂ ਅਤੇ ਹੋਸਟਲਾਂ ਵਿਚ ਆਪਣੇ ਅੱਡੇ ਬਣਾਏ ਹੋਏ ਸਨ। ਹਰ ਰੋਜ਼ ਉਹ ਕਿਸੇ ਨਾ ਕਿਸੇ ਹੋਸਟਲ ਚਲਾ ਜਾਂਦਾ ਤੇ ਓਥੇ ਬੈਠਾ ਗੱਪਾਂ ਮਾਰਦਾ ਰਹਿੰਦਾ। ਵਿਦਿਆਰਥੀ ਉਹਨੂੰ ਬੜੇ ਜੋਸ਼ ਅਤੇ ਸ਼ਿਦਤ ਨਾਲ ਮਿਲਦੇ। ਚਾਹ ਪਿਔਂਦੇ, ਰੋਟੀ ਖੁਔਂਦੇ ਤੇ ਜੇ ਸਤਿਆਰਥੀ ਮੰਨ ਜਾਂਦਾ ਤਾਂ ਆਪਣੇ ਨਾਲ ਫਿਲਮ ਦਿਖੌਣ ਲੈ ਜਾਂਦੇ।

ਇਕ ਦੁਪ੍ਹੈਰ ਜਦੋਂ ਮੈਂ ਦਫਤਰ ਪਹੁੰਚਿਆ ਤਾਂ ਇਕ ਸੋਹਣਾ ਸੁਨੱਖਾ ਨੌਜਵਾਨ ਪਹਿਲਾਂ ਤੋਂ ਬੈਠਾ ਮੇਰੀ ਉਡੀਕ ਕਰ ਰਿਹਾ ਸੀ।

'ਮੈਂ ਦੇਵਿੰਦਰ ਸਤਿਆਰਥੀ ਹਾਂ' ਉਹਨੇ ਕਿਹਾ।

ਹੈਰਾਨੀ ਨਾਲ ਮੇਰੀਆਂ ਅੱਖਾਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ। ਦਾੜ੍ਹੀ ਮੁੱਛਾਂ ਸਾਫ ਤੇ ਸਿਰ 'ਤੇ ਕਾਲਜੀਅਨ ਕੱਟ ਦੇ ਥੋੜ੍ਹੇ ਜਿਹੇ ਵਾਲ। ਇਹ ਦੇਵਿੰਦਰ ਸਤਿਆਰਥੀ ਨੂੰ ਕੀ ਹੋ ਗਿਆ ਮੈਂ ਸੋਚਣ ਲੱਗਾ।

'ਬਹਿ ਜਾ' ਉਹਨੇ ਮੈਨੂੰ ਹੈਰਾਨ ਖੜੇ ਹੋਏ ਨੂੰ ਦੇਖਿਆ ਤੇ ਕਿਹਾ

ਮੈਂ ਬਹਿ ਗਿਆ।

ਥੋੜ੍ਹੀ ਦੇਰ ਤੱਕ ਅਸੀਂ ਦੋਵੇਂ ਚੁਪ ਚਾਪ ਬੈਠੇ ਰਹੇ। ਫਿਰ ਮੈਂ ਉਹਨੂੰ ਆਪਣੇ ਨਾਲ ਇਕ ਹੋਟਲ 'ਚ ਲੈ ਗਿਆ। ਜਦੋਂ ਮੁੰਡੂ ਚਾਹ ਲੈ ਆਇਆ ਤਾਂ ਮੈਂ ਉਹਨੂੰ ਪੁਛਿਆ 'ਤੂੰ ਇਹ ਹੁਲੀਆ ਕਿਉਂ ਬਦਲ ਲਿਐ?'

'ਉਂਜ ਹੀ' ਉਹਨੇ ਜੁਆਬ ਦਿਤਾ

'ਇਹ ਤਾਂ ਕੋਈ ਜੁਆਬ ਨਾ ਹੋਇਆ' ਮੈਂ ਕਿਹਾ 'ਕੋਈ ਤਾਂ ਗੱਲ ਹੋਵੇਗੀ।'

'ਗੱਲ... ਗੱਲ ਦਰਅਸਲ ਇਹ ਹੈ' ਉਹ ਕਹਿਣ ਲੱਗਾ 'ਕਿ ਮੈਂ ਇਸ ਸ਼ਕਲ ਤੋਂ ਤੰਗ ਆ ਗਿਆ ਸਾਂ। ਪਹਿਲਾਂ ਪਹਿਲ ਜਦੋਂ ਮੈਂ ਗੀਤ ਇਕੱਠੇ ਕਰਨ ਨਿਕਲਿਆ ਤਾਂ ਮੇਰੀ ਸ਼ਕਲ ਇਹੋ ਜਿਹੀ ਨਹੀਂ ਸੀ। ਉਸ ਸਮੇਂ ਗੀਤ ਇਕੱਠੇ ਕਰਨ ਵਿਚ ਬੜੀ ਮੁਸ਼ਕਲ ਆਉਂਦੀ ਸੀ। ਲੋਕ ਮੇਰੇ 'ਤੇ ਭਰੋਸਾ ਨਹੀਂ ਸਨ ਕਰਦੇ। ਕੁੜੀਆਂ ਮੇਰੇ ਕੋਲ ਬਹਿਣ ਤੋਂ ਘਬਰਾਂਦੀਆਂ ਸਨ। ਫਿਰ ਮੈਂ ਦਾੜ੍ਹੀ ਰਖ ਲਈ ਤੇ ਸਿਰ ਦੇ ਵਾਲ ਵਧਾ ਲਏ। ਬਿਲਕੁਲ ਸੰਨਿਆਸੀਆਂ ਵਾਲੀ ਸ਼ਕਲ ਬਣਾ ਲਈ। ਇਸ ਸ਼ਕਲ ਨੇ ਮੇਰੇ ਰਾਹ ਬਹੁਤ ਅਸਾਨ ਕਰ ਦਿਤੇ।

'ਪੇਂਡੂ ਮੇਰੀ ਇੱਜ਼ਤ ਕਰਨ ਲੱਗੇ। ਕੁੜੀਆਂ ਮੈਨੂੰ ਦਰਵੇਸ਼ ਸਮਝ ਕੇ ਤਵੀਤ ਮੰਗਣ ਲੱਗੀਆਂ। ਮੈਂ ਦੇਖਿਆ ਕਿ ਹੁਣ ਉਨ੍ਹਾਂ ਨੂੰ ਮੇਰੇ ਨੇੜੇ ਆਉਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਸੀ ਹੁੰਦੀ। ਮੈਂ ਘੰਟਿਆਂ ਬੱਧੀ ਬੈਠਾ ਉਨ੍ਹਾਂ ਕੋਲੋਂ ਗੀਤ ਸੁਣਦਾ ਰਹਿੰਦਾ। ਹੁਣ ਮੈਨੂੰ ਭੀਖ ਵੀ ਅਸਾਨੀ ਨਾਲ ਮਿਲ ਜਾਂਦੀ ਤੇ ਬਿਨਾ ਟਿਕਟ ਰੇਲਵੇ ਸਫਰ ਕਰਨਾ ਵੀ ਸੁਖਾਲਾ ਹੋ ਗਿਆ। ਹੌਲੀ ਹੌਲੀ ਦਾੜ੍ਹੀ ਤੇ ਜਟਾਵਾਂ ਮੇਰੀ ਸ਼ਖਸੀਅਤ ਦਾ ਅਟੁੱਟ ਅੰਗ ਬਣ ਗਈਆਂ।'

'ਫਿਰ?' ਮੈਂ ਪੁਛਿਆ

'ਫਿਰ ਮੈਂ ਸ਼ਹਿਰ ਆ ਗਿਆ' ਉਹ ਕਹਿਣ ਲੱਗਾ 'ਤੇ ਮਜਮੂਨ ਲਿਖ ਕੇ ਜ਼ਿੰਦਗੀ ਦੀ ਗੱਡੀ ਰੇੜ੍ਹਣ ਲੱਗਾ ਪਰ ਜਦੋਂ ਮੈਂ ਦੂਸਰੇ ਲੇਖਕਾਂ ਨੂੰ ਦੇਖਦਾ ਤਾਂ ਉਹ ਬੜੀ ਬੇਤਕੱਲਫੀ ਨਾਲ ਇਕ ਦੂਸਰੇ ਨੂੰ ਮਿਲਦੇ। ਸਾਰਾ ਸਮਾਂ ਉਹ ਇਕ ਦੂਜੇ ਨਾਲ ਹੱਸਦੇ ਖੇਡਦੇ ਮਜ਼ਾਕ ਕਰਦੇ ਰਹਿੰਦੇ ਪਰ ਜਦੋਂ ਉਹ ਮੇਰੇ ਨਾਲ ਗੱਲ ਬਾਤ ਕਰਦੇ ਤਾਂ ਉਨ੍ਹਾਂ ਦਾ ਲਹਿਜਾ ਇਕ ਦਮ ਰਸਮੀ ਹੋ ਜਾਂਦਾ। ਮੇਰੇ ਤੇ ਉਨ੍ਹਾਂ ਵਿਚ ਇਕ ਰਸਮੀ ਜਿਹਾ ਇਕ ਬਨਾਉਟੀ ਪਰਦਾ ਤਣਿਆ ਰਹਿੰਦਾ ਜਿਵੇਂ ਮੈਂ ਉਨ੍ਹਾਂ ਦੇ

ਦਿਲਾਂ ਤੋਂ ਕੋਹਾਂ ਦੂਰ ਹੋਵਾਂ। ਆਮ ਲੋਕ ਵੀ ਜਦੋਂ ਮੇਰੇ ਸਾਹਮਣੇ ਆਉਂਦੇ ਤਾਂ ਬੜੇ ਅਦਬ ਨਾਲ ਬਹਿ ਜਾਂਦੇ ਜਿਵੇਂ ਉਹ ਕਿਸੇ ਦਿਓਤੇ ਸਾਹਮਣੇ ਬੈਠੇ ਹੋਣ ਜੋ ਉਨ੍ਹਾਂ ਤੋਂ ਬੁਲੰਦ ਹੋਵੇ ਜਾਂ ਉਹ ਇਕ ਵੱਖਰੀ ਜਿਹੀ ਵੱਡੀ ਹਸਤੀ ਸਾਹਮਣੇ ਬੈਠੇ ਹੋਣ।

'ਫਿਰ?' ਮੈਂ ਪੁਛਿਆ

'ਆਮ ਮਰਦਾਂ ਦੀ ਨਿਗਾਹ ਪੈਂਦਿਆਂ ਹੀ ਕੁੜੀਆਂ ਦੇ ਚੇਹਰੇ 'ਤੇ ਸ਼ਰਮ ਦੀ ਲਾਲੀ ਦੌੜ ਜਾਂਦੀ, ਉਨ੍ਹਾਂ ਦੀਆਂ ਗੱਲਾਂ ਤਮਤਮਾ ਉਠਦੀਆਂ ਪਰ ਜਦੋਂ ਮੈਂ ਉਨ੍ਹਾਂ ਵਲ ਦੇਖਦਾ ਤਾਂ ਉਨ੍ਹਾਂ ਦੇ ਚੇਹਰੇ ਦਾ ਰੰਗ ਉਹੀ ਰਹਿੰਦਾ। ਉਹ ਫੈਸਲਾ ਨਾ ਕਰ ਸਕਦੀਆਂ ਕਿ ਮੈਂ ਉਨ੍ਹਾਂ ਨੂੰ ਪਿਤਾ ਵਾਂਗ ਵੇਖ ਰਿਹਾ ਹਾਂ ਜਾਂ ਕਿ ਆਸ਼ਿਕਾਨਾ ਨਿਗ੍ਹਾ ਨਾਲ। ਮੈਂ ਅਜਿਹੀ ਜ਼ਿੰਦਗੀ ਤੋਂ ਤੰਗ ਆ ਗਿਆ ਸਾਂ। ਮੈਂ ਫੈਸਲਾ ਕਰ ਲਿਆ ਕਿ ਮੈਂ ਇਸ ਸ਼ਕਲ ਨੂੰ ਬਦਲ ਦਿਆਂਗਾ। ਮੈਂ ਦਿਓਤਾ ਨਹੀਂ, ਇਨਸਾਨ ਹਾਂ ਤੇ ਇਨਸਾਨ ਬਣ ਕੇ ਹੀ ਜਿਊਣਾ ਚਾਹੁੰਦਾ ਹਾਂ।'

'ਫਿਰ?' ਮੈਂ ਆਖਰੀ ਵਾਰ ਕਿਹਾ।

'ਫਿਰ.. ਫਿਰ.., ਮੈਂ ਇਸ ਸਮੇਂ ਤੇਰੇ ਸਾਹਮਣੇ ਬੈਠਾ ਹਾਂ ਕੀ ਹੁਣ ਮੇਰੀ ਸ਼ਕਲ ਇਕ ਆਮ ਇਨਸਾਨ ਵਰਗੀ ਨਹੀਂ ਲੱਗਦੀ?'

'ਹਾਂ ਬਿਲਕੁਲ ਲੱਗਦੀ ਹੈ।' ਮੈਂ ਕਿਹਾ 'ਪਰ ਇਕ ਗੱਲ ਦੱਸ ਨਾਈ ਨੇ ਤੇਰੇ ਕੋਲੋਂ ਕਿੰਨੇ ਪੈਸੇ ਲਏ ਨੇ?'

'ਪੰਜ ਰੁਪਏ' ਸਤਿਆਰਥੀ ਨੇ ਕਿਹਾ 'ਪਰ ਤੂੰ ਇਹ ਕਿਉਂ ਪੁਛ ਰਿਹਾ ਏਂ?'

'ਉਂਜ ਹੀ' ਮੈਂ ਕਿਹਾ

ਤੇ ਅਸੀਂ ਦੋਵੇਂ ਹੱਸਣ ਲੱਗੇ।

ਕਵਿਤਰੀ ਨੇ ਸੁਣਿਆ ਤਾਂ ਹੈਰਾਨ ਰਹਿ ਗਈ 'ਮੈਂ ਸਤਿਆਰਥੀ ਜੀ ਨੂੰ ਇਸ ਰੂਪ ਵਿਚ ਇਕ ਵਾਰ ਦੇਖਣਾ ਚਾਹੁੰਦੀ ਹਾਂ। ਕੀ ਤੁਸੀਂ ਉਨ੍ਹਾਂ ਨੂੰ ਏਥੇ ਲਿਆ ਸਕਦੇ ਹੋ?' ਉਹਨੇ ਪੁਛਿਆ।

'ਮੈਂ ਕੋਸ਼ਿਸ਼ ਕਰਾਂਗਾ' ਮੈਂ ਉਤਰ ਦਿਤਾ

ਅਗਲੇ ਦਿਨ ਮੈਂ ਸਤਿਆਰਥੀ ਨੂੰ ਦੱਸਿਆ ਕਿ ਕਵਿਤਰੀ ਉਹਨੂੰ ਮਿਲਣਾ ਚਾਹੁੰਦੀ ਹੈ।

'ਸੱਚ' ਉਹਨੇ ਅੱਖਾਂ ਪਾੜਦਿਆਂ ਕਿਹਾ

'ਸੱਚ' ਮੈਂ ਕਿਹਾ

'ਤਾਂ ਫਿਰ ਕਦੋਂ ਚਲੀਏ'

'ਕੱਲ੍ਹ ਕਿਸੇ ਸਮੇਂ ਆ ਜਾਣਾ, ਮੈਂ ਘਰ ਹੀ ਹੋਵਾਂਗਾ'

'ਚੰਗਾ' ਉਹਨੇ ਕਿਹਾ

ਅਗਲੇ ਦਿਨ ਸਵੇਰੇ ਠੀਕ ਪੌਣੇ ਛੇ ਵਜੇ ਉਹਨੇ ਮੈਨੂੰ ਬਿਸਤਰੇ ਤੋਂ ਉਠਾ ਦਿਤਾ।

'ਤੂੰ ਸਾਰੀ ਰਾਤ ਸੁੱਤਾਂ ਵੀ ਏਂ ਕਿ ਨਹੀਂ?' ਮੈਂ ਪੁੱਛਿਆ

'ਯਾਰ ਤੂੰ ਇਕ ਗੱਲ ਦਸ' ਉਹਨੇ ਬੜੇ ਭੇਦ ਭਰੇ ਤਰੀਕੇ ਨਾਲ ਪੁਛਿਆ

'ਮੈਂ ਕਵਿਤਰੀ ਦੀ ਫੋਟੋ ਲੈਣੀ ਚਾਹੁੰਦਾ ਹਾਂ। ਕੀ ਉਹ ਮੰਨ ਜਾਏਗੀ?'

'ਓਥੇ ਜਾ ਤਾਂ ਰਹੇ ਹਾਂ, ਪੁੱਛ ਲਈਂ"

'ਮੈਂ ਕੈਮਰਾ ਨਾਲ ਲੈ ਕੇ ਆਇਆ ਹਾਂ' ਉਹਨੇ ਕਿਹਾ।

'ਬੜਾ ਚੰਗਾ ਕੀਤੈ, ਦੁਸ਼ਮਨ ਦੇ ਘਰ ਖਾਲ੍ਹੀ ਹੱਥ ਨਹੀਂ ਜਾਣਾ ਚਾਹੀਦਾ' ਮੈਂ ਕਿਹਾ

ਸਤਿਆਰਥੀ ਨੂੰ ਦੇਖਦਿਆਂ ਹੀ ਕਵਿਤਰੀ ਖਿੜ ਗਈ 'ਤੁਸੀਂ ਤਾਂ ਬਿਲਕੁਲ ਨੌਜਵਾਨ ਲਗ ਰਹੇ ਹੋ' ਉਹ ਕਹਿਣ ਲੱਗੀ।

ਸਤਿਆਰਥੀ ਕੁਝ ਕਹਿਣਾ ਚਾਹੁੰਦਾ ਸੀ ਪਰ ਓਸੇ ਵੇਲੇ ਉਹਦਾ ਪਤੀ ਕਮਰੇ ਵਿਚ ਆ ਗਿਆ।

'ਤੁਸੀਂ ਇਨ੍ਹਾਂ ਨੂੰ ਪਛਾਣਿਐ, ਇਹ ਦੇਵਿੰਦਰ ਸਤਿਆਰਥੀ ਨੇ' ਕਵਿਤਰੀ ਨੇ ਕਿਹਾ ਉਹਦੇ ਪਤੀ ਨੇ ਸਤਿਆਰਥੀ ਨੂੰ ਸਿਰ ਤੋਂ ਪੈਰਾਂ ਤੱਕ ਘੂਰਿਆ। ਫਿਰ ਉਹਦੇ ਕੋਲ ਬਹਿ ਕੇ ਹੌਲੀ ਹੌਲੀ ਗੱਲਾਂ ਕਰਨ ਲੱਗਾ।

ਸਤਿਆਰਥੀ ਨੇ ਕਿਹਾ 'ਮੈਂ ਤੁਸਾਂ ਦੋਵਾਂ ਦੀ ਫੋਟੋ ਖਿੱਚਣੀ ਚਾਹੁੰਦਾ ਹਾਂ।'

'ਫੋਟੋ ਫੋਟੋ ਨੂੰ ਕੀ ਕਰੋਗੇ' ਕਵਿਤਰੀ ਨੇ ਮੁਸਕੁਰਾਂਦਿਆਂ ਪੁੱਛਿਆ।

'ਮੈਂ ਆਪਣੀ ਐਲਬਮ ਵਿਚ ਲਾਵਾਂਗਾ' ਤਕਰੀਬਨ ਸਾਰੇ ਲੇਖਕਾਂ ਦੀਆਂ ਫੋਟੋਆਂ ਮੈਂ ਲਈਆਂ ਹਨ।'

'ਤੁਹਾਨੂੰ ਸ਼ਾਇਦ ਪਤਾ ਨਹੀਂ" ਕਵਿਤਰੀ ਨੇ ਆਪਣੇ ਪਤੀ ਨੂੰ ਕਿਹਾ 'ਸਤਿਆਰਥੀ ਜੀ ਬਹੁਤ ਵਧੀਆ ਫੋਟੋਗ੍ਰਾਫਰ ਵੀ ਹਨ।'

'ਮੈਂ ਬਹੁਤ ਵਧੀਆ ਕਹਾਣੀਕਾਰ ਤੇ ਕਵੀ ਵੀ ਹਾਂ' ਸਤਿਆਰਥੀ ਨੇ ਕਿਹਾ ਤਾਂ ਕਵਿਤਰੀ ਸ਼ਰਮਾ ਗਈ।

'ਤਾਂ ਫਿਰ ਦੱਸੋ' ਸਤਿਆਰਥੀ ਨੇ ਕਿਹਾ 'ਮੈਂ ਤਾਂ ਸਾਰੇ ਲੇਖਕਾਂ ਦੀਆਂ ਫੋਟੋਆਂ ਲੈ ਚੁੱਕਾ ਹਾਂ।'

'ਤੁਸੀਂ ਇਨ੍ਹਾਂ ਨੂੰ ਕਿਉਂ ਨਹੀਂ ਪੁੱਛ ਲੈਂਦੇ' ਕਵਿਤਰੀ ਦੇ ਪਤੀ ਨੇ ਮੁਸਕੁਰਾਂਦੇ ਕਿਹਾ

'ਮੈਨੂੰ ਤਾਂ ਤੁਸੀਂ ਜਾਣਦੇ ਹੀ ਹੋ, ਅਦਬ ਨਾਲ ਮੇਰਾ ਕੋਈ ਵਾਸਤਾ ਨਹੀਂ।'

'ਅਦਬ ਨਾਲ ਨਾ ਸਹੀ ਅਦੀਬਾਂ ਨਾਲ ਤਾਂ ਹੈ।' ਸਤਿਆਰਥੀ ਨੇ ਕਿਹਾ

'ਤੁਹਾਡੀ ਆਗਿਆ ਬਿਨਾ ਮੈਂ ਫੋਟੋ ਕਿਵੇਂ ਲੈ ਸਕਦਾ ਹਾਂ।'

'ਮੈਂ ਇਨ੍ਹਾਂ ਨੂੰ ਹਰ ਗੱਲ ਦੀ ਆਗਿਆ ਦਿੱਤੀ ਹੋਈ ਹੈ।' ਕਵਿਤਰੀ ਦੇ ਪਤੀ ਨੇ ਕਿਹਾ।

'ਤਾਂ ਆਪਾਂ ਦੋਵੇਂ ਚਲੀਏ?'

'ਕਿਥੇ?' ਕਵਿਤਰੀ ਨੇ ਕਿਹਾ

'ਛੱਤ 'ਤੇ' ਸਤਿਆਰਥੀ ਨੇ ਕਿਹਾ 'ਓਥੇ ਪੂਰੀ ਲਾਈਟ ਮਿਲ ਜਾਏਗੀ।'

ਅਸੀਂ ਸਾਰੇ ਜਣੇ ਛੱਤ 'ਤੇ ਚਲੇ ਗਏ। ਸਤਿਆਰਥੀ ਕੋਈ ਦੋ ਘੰਟੇ ਕਵਿਤਰੀ ਤੇ ਉਹਦੇ ਪਤੀ ਦੀਆਂ ਫੋਟੋਆਂ ਖਿੱਚਦਾ ਰਿਹਾ। ਤਿੰਨ ਫੋਟੋਆਂ ਉਹਨੇ ਕਵਿਤਰੀ ਤੇ ਉਹਦੇ ਪਤੀ ਦੀਆਂ ਲਈਆਂ ਤੇ ਸੱਤ ਫੋਟੋਆਂ ਵੱਖਰੀਆਂ। ਬਾਹਰ ਆ ਕੇ ਉਹਨੇ ਮੈਨੂੰ ਦਸਿਆ ਕਿ ਤਿੰਨਾਂ ਫੋਟੋਆਂ ਵਿਚ ਵੀ ਕਵਿਤਰੀ ਦੇ ਪਤੀ ਨੂੰ ਮੈਂ ਉਹਦੇ ਤੋਂ ਥੋੜ੍ਹੇ ਜਿਹੇ ਫਾਸਲੇ 'ਤੇ ਖੜਾ ਕੀਤਾ ਤਾਂ ਕਿ ਕਵਿਤਰੀ ਦੀ ਫੋਟੋ ਦਾ ਵੱਖਰਾ ਪ੍ਰਿੰਟ ਕੱਢਣ ਵਿਚ ਅਸਾਨੀ ਰਹੇ।

ਏਸੇ ਤਰ੍ਹਾਂ ਇਕ ਮਹੀਨਾ ਬੀਤ ਗਿਆ। ਹਰ ਦੂਸਰੇ ਤੀਸਰੇ ਦਿਨ ਸਤਿਆਰਥੀ ਕਵਿਤਰੀ ਦੀ ਫੋਟੋ ਦਾ ਇਨਲਾਰਜਮੈਂਟ ਬਣਾ ਲਿਆਂਦਾ ਤੇ ਆ ਕੇ ਮੈਨੂੰ ਕਹਿੰਦਾ 'ਚੱਲ ਇਹ ਇਨਲਾਰਜਮੈਂਟ ਉਹਨੂੰ ਦੇ ਆਈਏ।'

ਇਕ ਦਿਨ ਸਤਿਆਰਥੀ ਨੇ ਕਵਿਤਰੀ ਨੂੰ ਕਿਹਾ 'ਮੈਂ ਤੁਹਾਡੀਆਂ ਕੁਝ ਹੋਰ ਫੋਟੋਆਂ ਖਿਚਣੀਆਂ ਚਾਹੁੰਦਾ ਹਾਂ।'

'ਹੋਰ ਫੋਟੋਆਂ ਕੀ ਕਰੋਗੇ?' ਕਵਿਤਰੀ ਨੇ ਮੁਸਕੁਰਾਂਦੇ ਹੋਏ ਕਿਹਾ। ਉਸ ਦਿਨ ਏਨੀਆਂ ਸਾਰੀਆਂ ਫੋਟੋਆਂ ਤਾਂ ਤੁਸੀਂ ਲੈ ਚੁੱਕੇ ਹੋ।'

'ਤੁਸੀਂ ਮੈਨੂੰ ਕੋਈ ਅਜਿਹਾ ਵੇਲਾ ਦਸੋ ਜਦੋਂ ਤੁਹਾਡੇ ਪਤੀ ਘਰ ਨਾ ਹੋਣ।'

'ਉਹ ਕਿਉਂ?'

'ਦਰਅਸਲ ਗੱਲ ਇਹ ਹੈ ਕਿ' ਸਤਿਆਰਥੀ ਨੇ ਕਿਹਾ ਤੇ ਫਿਰ ਲਾਇਲਪੁਰ ਦੇ ਮੈਜਿਸਟਰੇਟ ਅਤੇ ਕਿਸਾਨਾਂ ਦਾ ਕਿੱਸਾ ਸੁਣਾਉਣ ਲੱਗਾ। 'ਤਾਂ ਮੁਆਫੀ ਚਾਹੁੰਣਾ' ਉਹਨੇ ਪੂਰਾ ਕਿੱਸਾ ਸੁਣਾਉਣ ਤੋਂ ਬਾਅਦ ਕਿਹਾ 'ਤੁਹਾਡੇ ਪਤੀ ਸਾਹਮਣੇ ਫੋਟੋ ਖਿਚਣੀ ਬਿਲਕੁਲ ਇੰਜ ਹੈ ਜਿਵੇਂ ਥਾਣੇਦਾਰ ਸਾਹਮਣੇ ਕਿਸਾਨ ਨਚਾਉਣੇ।'

ਕਵਿਤਰੀ ਦਾ ਪਤੀ ਦੂਸਰੇ ਕਮਰੇ ਵਿਚ ਸਾਰੀਆਂ ਗੱਲਾਂ ਸੁਣ ਰਿਹਾ ਸੀ। ਉਹ ਸਤਿਆਰਥੀ ਨਾਲ ਬੜਾ ਖ਼ਫਾ ਹੋਇਆ ਨਾਲ ਹੀ ਉਹਨੇ ਕਵਿਤਰੀ ਨੂੰ ਵੀ ਝਿੜਕਿਆ।

ਅਗਲੇ ਦਿਨ ਕਵਿਤਰੀ ਨੇ ਮੈਨੂੰ ਦਫਤਰੋਂ ਰੁੱਕਾ ਭੇਜ ਕੇ ਬੁਲਾਇਆ ਤੇ ਕਿਹਾ 'ਤੁਸੀਂ ਤਾਂ ਜਾਣਦੇ ਹੀ ਹੋ ਮੇਰੀ ਜ਼ਿੰਦਗੀ ਬੜੀ ਮਜਬੂਰ ਕਿਸਮ ਦੀ ਜ਼ਿੰਦਗੀ ਐ। ਸਤਿਆਰਥੀ ਜੀ ਨੇ ਉਸ ਦਿਨ ਕੁਝ ਅਜਿਹੀਆਂ ਗੱਲਾਂ ਕਰ ਦਿਤੀਆਂ ਜਿਨ੍ਹਾਂ ਨਾਲ ਮੇਰੇ ਪਤੀ ਸਖਤ ਨਰਾਜ ਨੇ। ਤੁਸੀਂ ਸਤਿਆਰਥੀ ਜੀ ਨੂੰ ਕਹਿ ਦਿਓ ਕਿ ਉਹ ਮੇਰੀਆਂ ਫੋਟੋਆਂ ਦੇ ਜਿਹੜੇ ਨੈਗੇਟਿਵ ਉਨ੍ਹਾਂ ਕੋਲ ਹਨ ਉਹ ਕਿਸੇ ਦੇ ਹੱਥ ਮੇਰੇ ਪਤੀ ਕੋਲ ਭਿਜਵਾ ਦੇਣ।'

ਸਤਿਆਰਥੀ ਨੇ ਨੈਗੇਟਿਵ ਵਾਪਸ ਕਰ ਦਿਤੇ। ਕਵਿਤਰੀ ਦੇ ਪਤੀ ਨੇ ਕਿਹਾ 'ਤੁਸੀਂ ਇਨ੍ਹਾਂ ਦੀ ਕੀਮਤ ਲੈ ਲਓ।'

ਸਤਿਆਰਥੀ ਦੀਆਂ ਅੱਖਾਂ 'ਚ ਜਿਵੇਂ ਖ਼ੂਨ ਉਤਰ ਆਇਆ।

'ਮੈਂ ਬਹੁਤ ਗਰੀਬ ਆਦਮੀ ਹਾਂ। ਇਹ ਠੀਕ ਹੈ ਪਰ ਅਜੇ ਤੱਕ ਮੈਂ ਫੋਟੋਗ੍ਰਾਫੀ ਨੂੰ ਜ਼ਿੰਦਗੀ ਦਾ ਧੰਦਾ ਨਹੀਂ ਬਣਾਇਆ। ਜਦੋਂ ਬਣਾਇਆ ਲੈ ਲਵਾਂਗਾ ਤੇ ਤੁਹਾਨੂੰ ਦੱਸ ਵੀ ਦਿਆਂਗਾ।'

ਉਹ ਉਠਿਆ ਤੇ ਚਲਾ ਗਿਆ। ਫਿਰ ਦੋ ਤਿੰਨ ਮਹੀਨੇ ਮੈਂ ਉਹਦੀ ਸ਼ਕਲ ਨਹੀਂ ਦੇਖੀ। ਏਸੇ ਦੌਰਾਨ ਮੈਨੂੰ ਬੰਬਈ ਵਿਚ ਇਕ ਫਿਲਮ ਕੰਪਨੀ ਵਿਚ ਨੌਕਰੀ ਮਿਲ ਗਈ। ਮੈਂ ਸਤਿਆਰਥੀ ਨੂੰ ਮਿਲਣ ਉਹਦੇ ਘਰ ਗਿਆ।

ਉਹ ਟੇਬਲ ਲੈਂਪ ਦੀ ਰੌਸ਼ਨੀ ਵਿਚ ਆਪਣੇ ਛੋਟੇ ਜਿਹੇ ਕਮਰੇ ਵਿਚ ਮੇਜ਼ 'ਤੇ ਝੁਕਿਆ ਬੈਠਾ ਕੁਝ ਲਿਖ ਰਿਹਾ ਸੀ। ਕਦਮਾਂ ਦੀ ਆਹਟ ਸੁਣ ਕੇ ਉਹਨੇ ਦਰਵਾਜ਼ੇ ਵੱਲ ਵੇਖਿਆ

'ਹੈਲੋ ਸਾਹਿਰ।'

ਮੈਂ ਅੰਦਰ ਚਲਾ ਗਿਆ।

ਸਤਿਆਰਥੀ ਨੇ ਦਾੜ੍ਹੀ ਤੇ ਸਿਰ ਦੇ ਵਾਲ ਫਿਰ ਵਧਾ ਲਏ ਸਨ।

'ਮੈਂ ਕੱਲ੍ਹ ਸ਼ਾਮ ਦੀ ਗੱਡੀ 'ਚ ਜਾ ਰਿਹਾਂ' ਮੈਂ ਕਿਹਾ।

'ਕਿਉਂ?'

'ਮੈਨੂੰ ਇਕ ਫਿਲਮੀ ਕੰਪਨੀ 'ਚ ਨੌਕਰੀ ਮਿਲ ਗਈ ਏ।'

'ਚੰਗਾ' ਉਹਨੇ ਕਿਹਾ 'ਤਦ ਤਾਂ ਅੱਜ ਤੇਰੇ ਨਾਲ ਲੰਬੀਆਂ ਚੌੜੀਆਂ ਗੱਲਾਂ ਹੋਣੀਆਂ ਚਾਹੀਦੀਆਂ ਨੇ।' ਉਹਨੇ ਫਾਊਂਨਟੈਨ ਪੈੱਨ ਬੰਦ ਕਰਕੇ ਮੇਜ਼ 'ਤੇ ਰਖ ਦਿਤਾ।

ਏਨੇ ਵਿਚ ਸਤਿਆਰਥੀ ਦੀ ਬੀਵੀ ਅੰਦਰ ਆ ਗਈ। ਸ਼ਕਲ ਸੂਰਤ ਤੋਂ ਉਹ ਉਨੱਤੀਆਂ ਤੀਹਾਂ ਵਰ੍ਹਿਆਂ ਦੀ ਲਗਦੀ ਸੀ। ਮੈਂ ਹੱਥ ਜੋੜ ਕੇ ਨਮਸਤੇ ਕੀਤੀ।

'ਨਮਸਤੇ' ਉਹਨੇ ਕਿਹਾ

ਸਤਿਆਰਥੀ ਨੇ ਮੇਰੇ ਵੱਲ ਇਸ਼ਾਰਾ ਕਰਦਿਆਂ ਕਿਹਾ 'ਇਹ ਅੱਜ ਏਥੇ ਰਹੇਗਾ ਤੇ ਖਾਣਾ ਵੀ ਏਥੇ ਹੀ ਖਾਏਗਾ।'

ਉਹ ਜਾ ਕੇ ਖਾਣਾ ਲੈ ਆਈ। ਸਤਿਆਰਥੀ ਦੀ ਨੌਂ ਸਾਲ ਦੀ ਬੱਚੀ ਕਵਿਤਾ ਵੀ ਆ ਗਈ। ਅਸੀਂ ਸਾਰੇ ਖਾਣਾ ਖਾਣ ਲੱਗੇ। ਸਤਿਆਰਥੀ ਦੀ ਬੀਵੀ ਸਾਡੇ ਕੋਲ ਬੈਠੀ ਪੱਖੀ ਝਲਦੀ ਰਹੀ।

'ਖਾਣਾ ਠੀਕ ਐ' ਉਹੇ ਪੁਛਿਆ

'ਸਿਰਫ ਠੀਕ ਹੀ ਨਹੀਂ ਬੇਹੱਦ ਸੁਆਦੀ ਵੀ ਹੈ' ਮੈਂ ਕਿਹਾ

'ਅਸੀਂ ਬੜੇ ਗਰੀਬ ਹਾਂ' ਉਹ ਕਹਿਣ ਲੱਗੀ।

ਅਚਾਨਕ ਮੈਨੂੰ ਆਪਣੇ ਸੂਟ ਦਾ ਖਿਆਲ ਆਇਆ 'ਮੇਰੇ ਕੋਲ ਇਹੀ ਇਕ ਸੂਟ ਹੈ' ਮੈਂ ਕਿਹਾ 'ਇਹ ਵੀ ਮੇਰੇ ਮਾਮੂ ਨੇ ਮੈਨੂੰ ਬਣਵਾ ਕੇ ਦਿਤਾ ਸੀ।'

ਉਹ ਹੱਸਣ ਲੱਗੀ। ਇਕ ਬੜਾ ਬੇਝਿਜਕ ਅਤੇ ਪਵਿੱਤਰ ਹਾਸਾ। ਜਦੋਂ ਉਹ ਖਾਣੇ ਵਾਲੇ ਜੂਠੇ ਭਾਂਡੇ ਚੁੱਕ ਕੇ ਲੈ ਗਈ ਤਾਂ ਸਤਿਆਰਥੀ ਨੇ ਮੈਨੂੰ ਦਸਿਆ 'ਇਸ ਔਰਤ ਨੇ ਅਨੇਕਾਂ ਮੁਸੀਬਤਾਂ ਝੱਲੀਆਂ ਨੇ। ਹਿੰਦੋਸਤਾਨ ਦਾ ਕੋਈ ਸੂਬਾ ਅਜਿਹਾ ਨਹੀਂ ਜਿਥੇ ਮੇਰੇ ਵਰਗੇ ਮੰਗਤੇ ਦੇ ਨਾਲ ਉਹ ਮੰਗਤੀ ਬਣ ਕੇ ਮਾਰੀ ਮਾਰੀ ਨਾ ਫਿਰੀ ਹੋਵੇ। ਜੇ ਇਹ ਮੇਰਾ ਸਾਥ ਨਾ ਦੇਂਦੀ ਤਾਂ ਸ਼ਾਇਦ ਮੈਂ ਆਪਣੇ ਮਕਸਦ ਵਿਚ ਕਦੇ ਕਾਮਯਾਬ ਨਾ ਹੋ ਸਕਦਾ।'

'ਤੇਰੀ ਜ਼ਿੰਦਗੀ ਤਾਂ ਗਰਵ ਕਰਨ ਵਾਲੀ ਏ।' ਮੈਂ ਕਿਹਾ। 'ਜ਼ਿੰਦਗੀ?' ਸ਼ਾਇਦ ਜ਼ਿੰਦਗੀ ਤੋਂ ਤੇਰਾ ਮਤਲਬ ਬੀਵੀ ਹੈ। ਮੇਰੀ ਬੀਵੀ ਹੈ ਹੀ ਗਰਵ ਕਰਨ ਵਾਲੀ। ਹਾਲਾਂ ਕਿ ਕਈ ਵਾਰ ਮੈਂ ਉਹਦੀ ਮਾਮੂਲੀ ਜਿਹੀ ਸ਼ਕਲ ਸੂਰਤ ਤੋਂ ਪਰੇਸ਼ਾਨ ਵੀ ਹੋਇਆ ਹਾਂ।

ਮੈਂ ਕੰਧ 'ਤੇ ਲੱਗੀਆਂ ਫੋਟੋਆਂ ਵੱਲ ਦੇਖਣ ਲੱਗਾ। ਲੈਨਿਨ-ਟੈਗੋਰ-ਇਕਬਾਲ।

'ਇਨ੍ਹਾਂ ਤਿੰਨਾਂ ਦੀਆਂ ਸ਼ਕਲਾਂ ਸੂਰਤਾਂ ਬਾਰੇ ਤੇਰਾ ਕੀ ਖਿਆਲ ਹੈ?' ਮੈਂ ਮੁਸਕੁਰਾਂਦਿਆਂ ਪੁੱਛਿਆ

'ਇਨ੍ਹਾਂ ਤਿੰਨਾਂ ਦਾ ਮੇਰੀ ਜ਼ਿੰਦਗੀ 'ਤੇ ਬਹੁਤ ਗਹਿਰਾ ਅਸਰ ਹੈ।' ਸਤਿਆਰਥੀ ਨੇ ਦਸਿਆ ਤੇ ਫਿਰ ਪਤਾ ਨਹੀਂ ਕਿਹੜੀਆਂ ਯਾਦਾਂ 'ਚ ਗੁੰਮ ਹੋ ਗਿਆ 'ਜਦੋਂ ਮੈਂ ਬਿਲਕੁਲ ਅਜੇ ਕਿਸ਼ੋਰ ਸਾਂ' ਥੋੜ੍ਹੀ ਦੇਰ ਬਾਅਦ ਉਹਨੇ ਕਿਹਾ 'ਤਾਂ ਮੈਂ ਖ਼ੁਦਕੁਸ਼ੀ ਕਰਨ ਦੀ ਸੋਚੀ ਸੀ। ਕੁਝ ਦੋਸਤਾਂ ਨੂੰ ਪਤਾ ਚਲ ਗਿਆ। ਉਹ ਮੈਨੂੰ ਫੜ ਕੇ ਡਾਕਟਰ ਇਕਬਾਲ ਕੋਲ ਲੈ ਗਏ। ਇਕਬਾਲ ਬੜੀ ਦੇਰ ਤੱਕ ਸਮਝਾਂਦੇ ਰਹੇ ਉਨ੍ਹਾਂ ਦੀਆਂ ਗੱਲਾਂ ਦਾ ਮੇਰੇ 'ਤੇ ਬੜਾ ਡੂੰਘਾ ਅਸਰ ਹੋਇਆ ਤੇ ਮੈਂ ਖ਼ੁਦਕੁਸ਼ੀ ਦਾ ਖਿਆਲ ਛੱਡ ਦਿਤਾ।

'ਫਿਰ ਮੈਂ ਲੈਨਿਨ ਦੀ ਵਿਚਾਰਧਾਰਾ ਬਾਰੇ ਪੜ੍ਹਿਆ ਤਾਂ ਮੇਰੇ ਦਿਲ ਵਿਚ ਪਿੰਡ ਪਿੰਡ ਜਾ ਕੇ ਦੇਹਾਤੀ ਗੀਤ ਇਕੱਠੇ ਕਰਨ ਦੀ ਇੱਛਾ ਪੈਦਾ ਹੋ ਗਈ।'

'ਟੈਗੋਰ ਨੇ ਮੇਰੇ ਇਸ ਖਿਆਲ ਨੂੰ ਸਲਾਹਿਆ ਤੇ ਮੇਰੀ ਹੌਂਸਲਾ ਅਫਜ਼ਾਈ ਕੀਤੀ। ਮੈਂ ਗੀਤ ਇਕੱਠੇ ਕਰਦਾ ਰਿਹਾ ਤੇ ਹੁਣ ਜਦੋਂ ਇਹ ਤਿੰਨੋਂ ਮਰ ਚੁਕੇ ਹਨ ਤਾਂ ਰਾਤਾਂ ਦੀ ਖਮੋਸ਼ ਤਨਹਾਈ ਵਿਚ ਇਨ੍ਹਾਂ ਗੀਤਾਂ ਨੂੰ ਉਰਦੂ, ਹਿੰਦੀ ਜਾਂ ਅੰਗਰੇਜ਼ੀ ਵਿਚ ਢਾਲਦੇ ਸਮੇਂ ਕਦੇ ਕਦੇ ਮੈਨੂੰ ਅਜਿਹਾ ਜਾਪਦਾ ਹੈ ਜਿਵੇਂ ਕਿਸਾਨ ਔਰਤਾਂ ਤੇ ਮਰਦ ਮੇਰੇ ਆਲੇ ਦੁਆਲੇ ਘੇਰਾ ਬਣਾ ਕੇ ਖੜੇ ਹੋਣ ਤੇ ਕਹਿ ਰਹੇ ਹੋਣ 'ਸੰਨਿਆਸੀ! ਅਸਾਂ ਤਾਂ ਤੈਨੂੰ ਆਪਣਾ ਸਮਝਿਆ ਸੀ, ਤੇਰੇ 'ਤੇ ਭਰੋਸਾ ਕੀਤਾ ਸੀ। ਤੂੰ ਸਾਡੀ ਸਦੀਆਂ ਦੀ ਪੂੰਜੀ ਸਾਡੇ ਕੋਲੋਂ ਖੋਹ ਕੇ ਸ਼ਹਿਰਾਂ ਵਿਚ ਵੇਚ ਦਏਂਗਾ, ਇਹਦਾ ਸਾਨੂੰ ਭੁੱਲ ਕੇ ਵੀ ਸ਼ੱਕ ਨਹੀਂ ਸੀ ਹੋਇਆ ਪਰ ਤੂੰ ਸਾਡੇ ਵਿਚੋਂ ਜੋ ਨਹੀਂ ਸੈਂ। ਤੂੰ ਸ਼ਹਿਰੋਂ ਆਇਆ ਸੈਂ ਤੇ ਸ਼ਹਿਰ ਹੀ ਵਾਪਸ ਪਰਤ ਗਿਆ। ਹੁਣ ਤੂੰ ਇਨ੍ਹਾਂ ਗੀਤਾਂ ਨੂੰ ਜੋ ਸਾਡੇ ਦੁਖ ਸੁਖ ਦੇ ਸਾਥੀ ਸਨ, ਜਿਨ੍ਹਾਂ 'ਤੇ ਅਜੇ ਤੱਕ ਕਿਸੇ ਬੰਦੇ ਦੇ ਨਾਂ ਦੀ ਮੋਹਰ ਨਹੀਂ ਸੀ ਲੱਗੀ ਤੂੰ ਆਪਣੇ ਨਾਂ ਦੀ ਛਾਪ ਨਾਲ ਬਜ਼ਾਰ ਵਿਚ ਵੇਚ ਰਿਹਾ ਏਂ ਤੇ ਆਪਣੀ ਬੀਵੀ ਬੱਚਿਆਂ ਦਾ ਪੇਟ ਪਾਲ ਰਿਹਾਂ ਏਂ, ਤੂੰ ਬਹੁਰੂਪੀਆ ਏਂ, ਫਰੇਬੀ, ਦਗਾਬਾਜ਼ ਤੇ ਫਿਰ ਉਹ ਜਲਦੀਆਂ ਹੋਈਆਂ ਅੱਖਾਂ ਨਾਲ ਮੈਨੂੰ ਘੂਰਨ ਲੱਗਦੇ ਨੇ।'

'ਇਹ ਤੇਰਾ ਜਜ਼ਬਾਤੀਪੁਣਾ ਏ' ਮੈਂ ਕਿਹਾ 'ਤੂੰ ਤਾਂ ਇਨ੍ਹਾਂ ਗੀਤਾਂ ਨੂੰ ਪਿੰਡ ਦੇ ਸੀਮਤ ਘੇਰੇ ਵਿਚੋਂ ਕੱਢ ਕੇ ਵਿਸ਼ਾਲ ਕਰ ਦਿਤਾ ਹੈ। ਇਕ ਮਰਦੀ ਹੋਈ ਤਹਿਜ਼ੀਬ ਦੀ ਗੋਦੀ ਵਿਚ ਮਹਿਕਣ ਵਾਲੇ ਫੁਲਾਂ ਨੂੰ ਪਤਝੜ ਤੋਂ ਬਚਾ ਕੇ ਉਹਦੀ ਮਹਿਕ ਨੂੰ ਸਦੀਵੀ ਬਣਾ ਦਿਤਾ ਹੈ।'

'ਇਹ ਤੇਰਾ ਕਾਰਨਾਮਾ ਹੈ, ਅਜ਼ਾਦ ਅਤੇ ਬਰਾਬਰੀ ਵਾਲੇ, ਹਿੰਦੋਸਤਾਨ 'ਚ ਜਦੋਂ ਸਿਖਿਆ ਆਮ ਹੋ ਜਾਏਗੀ ਤੇ ਸਨਅਤੀ ਜ਼ਿੰਦਗੀ ਸਿਖਰ 'ਤੇ ਆ ਜਾਏਗੀ ਤਾਂ ਇਹੀ ਕਿਸਾਨ ਜੋ ਅਜ ਤੇਰੇ ਖਿਆਲਾਂ ਵਿਚ ਤੈਨੂੰ ਜਲਦੀਆਂ ਅੱਖਾਂ ਨਾਲ ਘੂਰਦੇ ਨੇ, ਤੈਨੂੰ ਮੁਹੱਬਤ ਅਤੇ ਪਿਆਰ ਨਾਲ ਦੇਖਕੇ ਮੁਸਕੁਰਾਣਗੇ। ਉਨ੍ਹਾਂ ਦੇ ਬੱਚੇ ਤੈਨੂੰ ਅਕੀਦਤ ਅਤੇ ਦਿਲੀ ਜਜ਼ਬਾਤਾਂ ਨਾਲ ਯਾਦ ਕਰਨਗੇ ਅਤੇ ਫੁਰਸਤ ਵੇਲੇ ਤੇਰੇ ਇਨ੍ਹਾਂ ਮਜਮੂਨਾਂ ਅਤੇ ਕਹਾਣੀਆਂ ਨੂੰ ਪੜ੍ਹ ਕੇ, ਜਿਨ੍ਹਾਂ ਵਿਚ ਤੂੰ ਉਨ੍ਹਾਂ ਦੇ ਪੁਰਖਿਆਂ ਦੇ ਦਿਲਾਂ ਦੀਆਂ ਧੜਕਨਾਂ ਸਮਾ ਦਿਤੀਆਂ ਨੇ, ਤੇ ਇਕ ਵਾਰ ਫਿਰ ਉਹ ਇਸ ਤਹਿਜ਼ੀਬ ਦੀਆਂ ਝਲਕਾਂ ਦੇਖ ਸਕਣਗੇ ਜੋ ਉਸ ਸਮੇਂ ਤੱਕ ਗੁੰਮ ਹੋ ਚੁਕੀਆਂ ਹੋਣਗੀਆਂ।'

ਉਹ ਮੁਸਕਰਾਣ ਲੱਗਾ।

ਅਗਲੇ ਦਿਨ ਮੈਂ ਲਾਹੌਰ ਚਲਾ ਗਿਆ ਤੇ ਬੰਬਈ ਜਾ ਕੇ ਫਿਲਮੀ ਗੀਤ ਲਿਖਣ ਲੱਗਾ। ਥੋੜੇ ਦਿਨਾਂ ਬਾਅਦ ਪਤਾ ਲੱਗਿਆ ਕਿ ਸਤਿਆਰਥੀ ਨੇ ਲਾਹੌਰ ਛੱਡ ਕੇ ਦਿੱਲੀ ਦੇ ਕਿਸੇ ਅਰਧ ਸਰਕਾਰੀ ਅਖਬਾਰ ਵਿਚ ਨੌਕਰੀ ਕਰ ਲਈ ਏ। ਮੈਨੂੰ ਯਕੀਨ ਹੈ ਕਿ ਹੁਣ ਸਤਿਆਰਥੀ ਦਾ ਲਿਬਾਸ ਪਹਿਲੇ ਵਾਂਗ ਮੈਲਾ ਕੁਚੈਲਾ ਨਹੀਂ ਹੋਵੇਗਾ। ਉਹਦੇ ਬੂਟ ਵੀ ਹੁਣ ਲਾਹੌਰ ਦੇ ਮਸ਼ਹੂਰ ਪ੍ਰਕਾਸ਼ਕ ਦੇ ਬੂਟਾਂ ਵਾਂਗ ਕੀਮਤੀ ਅਤੇ ਚਮਕੀਲੇ ਹੋਣਗੇ ਨੰਨ੍ਹੀ ਮੁਨ੍ਹੀ ਕਵਿਤਾ ਹੁਣ ਵੱਡੀ ਹੋ ਗਈ ਹੈ ਤੇ ਟਾਂਗੇ ਵਿਚ ਸਕੂਲ ਜਾਂਦੀ ਹੋਵੇਗੀ। ਪਰ ਕਿਸਾਨ?

ਸ਼ਾਇਦ ਸਤਿਆਰਥੀ ਹੁਣ ਵੀ ਉਨ੍ਹਾਂ ਬਾਰੇ ਸੋਚਦਾ ਹੋਵੇਗਾ।

•••

## ਆਸਾਮੀ ਕਵਿਤਾ / ਕਿੰਨਰ / ਪਾਰਮਿਤਾ ਸਾਰੰਗੀ



ਰੋਜ਼ ਨਹਾਉਂਦਾ ਹੈ
ਫਿਰ ਵੀ ਇਹ ਕਿਹੋ ਜਿਹੀ ਮੈਲ
ਜੋ ਲਹਿੰਦੀ ਹੀ ਨਹੀਂ
ਕਿਹੋ ਜਿਹਾ ਡਰ
ਜੋ ਛੁੱਟਦਾ ਹੀ ਨਹੀਂ
ਫੈਲਦਾ ਹੈ ਜਕੜਦਾ ਹੈ
ਮਾਂ ਦੀ ਗੋਦ ਤੋਂ ਅਲੱਗ
ਬੈਚੈਨ ਰਾਤਾਂ ਲੋਰੀ ਦੇ ਲਈ
ਕਿਸਦੀ ਪਕੜ ਵਿੱਚ ਛਟਪਟਾਉਂਦਾ
ਵਿਆਕੁਲ ਮਨ ਉਨ੍ਹਾਂ ਹੱਥਾਂ ਵਿੱਚੋਂ
ਛੁੱਟ ਭੱਜਣ ਨੂੰ
ਆਪਣੇ ਵਕਤ ਵਿੱਚ ਕੈਦ
ਅਤੀਤ ਦੀ ਜਾਸੂਸੀ
ਕਰਦਾ ਵਰਤਮਾਨ
ਖੁੱਲਦੀਆਂ ਨਜ਼ਰਾਂ ਦੇ ਸਾਹਮਣੇ
ਕੁਝ ਤਸਵੀਰਾਂ ਬਚਪਨ ਦੀਆਂ
ਫਿਰ ਵੀ ਯਾਦਾਂ ਦਾ ਇੱਕ ਕੋਨਾ
ਸੁਰੱਖਿਅਤ ਹੈ ਕਿਸੇ ਗੁਪਤ
ਦਰਵਾਜੇ ਦੀ ਪਿੱਛੇ

ਨਾ ਮੈਂ ਪੁਰਸ਼ ਨਾ ਮੈਂ ਨਾਰੀ
ਅਰਧਨਾਰੀਸ਼ਵਰ ਹਾਂ
ਸ਼ਿਵ ਦਾ ਅਵਤਾਰੀ
ਮੈਂ ਨਿਕਲਿਆ ਹਾਂ
ਅਨੋਖੀ ਇੱਕ ਯਾਤਰਾ ਤੇ
ਅਤੇ ਤਾਰੀਕ ਵੀ ਤੈਅ ਹੋ ਗਈ ਹੈ
ਇੱਥੇ ਜਾਵਾਂ ਜਾਂ ਉੱਥੇ ਜਾਵਾਂ
ਤੁਹਾਡੇ ਸਮਾਜ ਵਿੱਚ
ਆਤਮਾ ਦੇ ਵਾਂਗ ਰਹਿਣਾ ਹੈ
ਆਤਮਾ ਦੇ ਵਾਂਗ ਰਹਿਣਾ ਹੈ।

## ਪਾਠਕ੍ਰਮ / ਸੰਧਿਆ ਯਾਦਵ

ਕਦੇ ਨਹੀਂ ਪੜ੍ਹਾਵਾਂਗੀ ਮੈਂ
ਆਪਣੇ ਬੱਚਿਆਂ ਨੂੰ ਇਹ ਪਾਠ ਕਿ
ਜਿੰਨੀ ਚਾਦਰ ਹੋਵੇ
ਓਨੇ ਹੀ ਪੈਰ ਪਸਾਰਨੇ ਚਾਹੀਦੇ
ਸਮਝਾਵਾਂਗੀ ਉਨ੍ਹਾਂ ਨੂੰ
ਕਿ ਆਪਣੀਆਂ ਬਾਹਵਾਂ ਵਿੱਚ ਏਨੀ
ਤਾਕਤ ਰੱਖਣਾ
ਕਿ ਚਾਦਰ ਦੀ ਲੰਬਾਈ ਅਤੇ ਚੌੜਾਈ
ਆਪਣੇ ਲਈ ਤੁਸੀਂ
ਖੁਦ ਤੈਅ ਕਰ ਸਕੋ
ਦੂਜਿਆਂ ਦੀ ਪਾਈ ਚਾਦਰ ਵਿੱਚ
ਖੁਦ ਨੂੰ ਸਮੇਟਣ ਦਾ ਸਮੀਕਰਣ
ਹੁਣ ਪਾਲੇ ਪੋਸੇ ਜਾਣ ਵਾਲੇ
ਪਾਠਕ੍ਰਮ ਤੋਂ ਬਾਹਰ ਜੋ ਜਾਣੇ ਚਾਹੀਦੇ
ਇਸ ਫਲਸਫੇ ਨੇ ਸਿਰਫ਼
ਦੁਖੀ ਅਤੇ ਕਿਸਮਤਵਾਦੀ
ਨਸਲਾਂ ਨੂੰ ਘੜਿਆ ਹੈ
ਠੋਕ ਵਜਾ ਕੇ
ਮਾਨਸਿਕ ਅਪੰਗਤਾ ਦੇ ਸਦੀਆਂ ਪੁਰਾਣੇ
ਚੱਕ ਤੇ
ਜਿੱਥੇ ਉਮਰ ਭਰ ਜੋੜ ਘਟਾਓ
ਕੀਤਾ ਜਾਂਦਾ ਹੈ
ਕਦੇ ਸਿਰ ਢਕਣ ਲਈ
ਤੇ ਕਦੇ ਪੈਰਾਂ ਨੂੰ ਲੁਕਾਉਣ ਦੇ ਲਈ
ਤੇ ਦੱਸਾਂਗੀ ਇਹ ਵੀ ਕਿ
ਆਪਣੇ ਸਿਰ ਤੇ ਚਾਦਰ ਰੱਖਣ ਲਈ
ਕਿਸੇ ਦੇ ਪੈਰਾਂ ਨੂੰ ਨੰਗਾ ਨਾ ਕਰਨਾ......



## ਖਰੀਦੋ ਫ਼ਰੋਖ਼ਤ/ ਯਤੀਸ਼ ਕੁਮਾਰ



ਖਰੀਦਣਾ ਚਾਹੁੰਦੇ ਨੇ ਮੈਨੂੰ
ਪਰ ਪੂਰਾ ਮੈਂ
ਕਦੇ ਮਿਲਿਆ ਹੀ ਨਹੀਂ

ਜਾਂਚਣਾ, ਦੇਖਣਾ
ਪਰਖਣਾ ਵੀ ਚਾਹੁੰਦੇ ਨੇ ਪਰ
ਪੂਰਾ ਮੈਂ
ਕਦੇ ਖਿੜਿਆ ਹੀ ਨਹੀਂ

ਭੀੜ ਮੇਰੇ ਉੱਤੋਂ ਗੁਜ਼ਰ ਜਾਂਦੀ ਹੈ
ਪਰ ਭੀੜ ਵਿੱਚੋਂ ਮੈਂ
ਕਦੇ ਗੁਜ਼ਰਿਆ ਹੀ ਨਹੀਂ

ਪਿਘਲਾਉਣਾ ਚਾਹੁੰਦੇ ਨੇ ਜੰਜੀਰਾਂ ਨੂੰ
ਅਪਨਾਉਣਾ ਚਾਹੁੰਦੇ ਨੇ
ਆਪਣੇ ਸਾਂਚੇ ਵਿਚ
ਜੰਜੀਰ ਤਾਂ ਲੋਹੇ ਦੀ ਸੀ ਪਿਘਲ ਗਈ
ਕੰਬਖਤ ਹਾਂ ਮੈਂ-ਪਿਘਲਿਆ ਹੀ ਨਹੀਂ

ਇੱਕ ਪਾਸੇ ਤੋਂ ਹੀ ਬੰਨ੍ਹਿਆ ਹਾਂ
ਹੱਥੇ ਤੱਕ ਚੜ੍ਹਿਆ ਹਾਂ
ਖਿੱਚਣ ਆਏ ਹਨ ਲੋਕ ਬੇਰਹਿਮ
ਕਿੱਲੇ ਤੋਂ ਮੈਂ ਉੱਖੜਿਆ ਹੈਂ
ਚਿਪਕਾਉਣਾ
ਟੁੱਟਣਾ ਫਿਰ ਚਿਪਕਣਾ ਫਿਰ ਖਿੱਚਣਾ
ਪੂਰਾ ਹੁਣ ਮੈਂ ਬਚਿਆ ਹੀ ਨਹੀਂ

ਖਰੀਦਣਾ ਚਾਹੁੰਦੇ ਸੀ ਮੈਨੂੰ
ਪਰ ਮੈਂ ਉਹੋ ਜਿਹਾ ਉਨ੍ਹਾਂ ਨੂੰ ਮਿਲਿਆ
ਹੀ ਨਹੀਂ।

## ਰੂਹ ਦੇ ਰਿਸ਼ਤੇ / ਰਮਿੰਦਰ ਰੰਮੀ

ਜ਼ਿੰਦਗੀ ਵਿੱਚ ਕੁਝ ਲੋਕ
ਅਜਿਹੇ ਵੀ ਹੁੰਦੇ ਨੇ
ਜਿਹਨਾਂ ਨੂੰ ਪਹਿਲੀ ਵਾਰ
ਮਿਲਣ ਤੇ ਇਵੇਂ ਲੱਗਦਾ
ਜਿਵੇਂ ਮੁੱਦਤਾਂ ਤੋਂ ਇਕ ਦੂਸਰੇ
ਤੋਂ ਜਾਣੂੰ ਹੋਈਏ
ਉਹ ਗੱਲ ਕਰਦੇ ਨੇ ਤੇ
ਮਨ ਹੀ ਮੋਹ ਲੈਂਦੇ ਨੇ
ਜਿਹਨਾਂ ਨੂੰ ਪਾਉਣ ਤੇ ਨਹੀਂ
ਚਾਹੁਣ ਤੇ ਦਿਲ ਕਰਦੇ
ਜਿਹਨਾਂ ਨੂੰ ਪੜ੍ਹਣ ਨੂੰ ਨਹੀਂ
ਬੰਦਗੀ ਕਰਨ ਤੇ ਦਿਲ ਕਰਦੇ
ਚਾਹੇ ਉਹ ਸਾਹਮਣੇ ਨਾ ਵੀ ਹੋਣ
ਫਿਰ ਵੀ ਉਹਨਾਂ ਦੇ ਆਸ-ਪਾਸ
ਹੋਣ ਦਾ ਅਹਿਸਾਸ ਹਮੇਸ਼ਾਂ
ਮਹਿਸੂਸ ਹੁੰਦਾ ਹੈ ਤੇ
ਉਹ ਲੋਕ ਸਾਹਾਂ ਵਿੱਚ ਇਸ ਤਰਾਂ
ਰਚਮਿਚ ਜਾਂਦੇ ਹਨ ਕਿ
ਉਹਨਾਂ ਨੂੰ ਦੁਆਵਾਂ ਵਿੱਚ
ਸਜਾਉਣ ਤੇ ਦਿਲ ਕਰਦੇ
ਸ਼ਾਇਦ ਇਹੀ ਰੂਹ ਦੇ
ਰਿਸ਼ਤੇ ਹੁੰਦੇ ਹਨ
ਰੂਹ ਦੇ ਰਿਸ਼ਤੇ ॥



## ਕਵਿਤਾ / ਜੋਬਨ ਖਹਿਰਾ



ਇੱਕ ਸਾਥ ਹੈ ਤੇਰੇ ਹਿਜਰ ਦਾ
ਦੂਜਾ ਕਿਤਾਬ ਹੈ ਸ਼ਿਵ ਦੀ,
ਤੇਰਾ ਮੁਕਾਬਲਾ ਮੇਰੀ ਮੌਤ ਨਾਲ
ਦੇਖੋ ਕਿਹਦੇ ਨਾਲ ਨਿਭਦੀ,
ਬੱਦਲ ਭਰੇ ਪਏ ਪਾਣੀ ਨਾਲ
ਪਰ ਵਰਦੇ ਨਾ ਮੇਰੇ ਹੰਝੂਆਂ ਦੇ ਵਾਂਗ,
ਕਾਲੀ ਹੈ ਰਾਤ ਖਾਲੀ ਦਿਮਾਗ
ਕੋਲ ਬਹਿ ਮੇਰੇ ਤਾਰੇ ਲਾਉਂਦੇ ਰਾਗ,
ਮੇਰਾ ਨਾ ਕੋਈ ਦੋਸ਼ ਹੈ
ਗਲਤੀ ਹੈ ਸਾਰੀ ਲਿਵ ਦੀ,
ਇੱਕ ਸਾਥ ਹੈ ਤੇਰੇ ਹਿਜਰ ਦਾ
ਦੂਜਾ ਕਿਤਾਬ ਹੈ ਸ਼ਿਵ ਦੀ।
ਅਰਸ਼ 'ਚੋ ਫਰਸ ਹੈ ਦਿਸਦਾ
ਮੈਨੂੰ ਹਵਾ ਵੀ ਲੱਗਦੀ ਤੂਫ਼ਾਨ ਹੈ,
ਜੋਬਨ ਨਾਮ ਹੈ ਜਿਸਦਾ
ਮਨਮੌਜੀ ਬੁਲਾਉਂਦਾ ਜਹਾਨ ਹੈ,
ਕੀ ਕਰਨਾ ਹੈ ਮੈਂ ਸ਼ੋਕ ਦਾ
ਰੀਝ ਵੀ ਜਾਂਦੀ ਹੁਣ ਰਿੱਝਦੀ,
ਇੱਕ ਸਾਥ ਹੈ ਤੇਰੇ ਹਿਜਰ ਦਾ
ਦੂਜਾ ਕਿਤਾਬ ਹੈ ਸ਼ਿਵ ਦੀ।
ਨਾ ਮਾਣ ਹੈ ਨਾ ਸ਼ਾਨ ਹੈ
ਫਾਇਦਾ ਕੀ ਦੱਸ ਹੈ ਜੀਣ ਦਾ,
ਜੋ ਮਿਲਿਆ ਉਹ ਤੇਰਾ ਦਾਨ ਹੈ
ਇਨਾਮ ਗਮਾਂ ਨੂੰ ਪੀਣ ਦਾ,
ਦੁੱਖਾਂ ਦੀ ਧੁੱਪਾਂ ਵਿੱਚ ਤਾਂ
ਛਾਂ ਸੁੱਖਾਂ ਦੀ ਕਦੇ ਨਾ ਸਿਜਦੀ,
ਇੱਕ ਸਾਥ ਹੈ ਤੇਰੇ ਹਿਜਰ ਦਾ
ਦੂਜਾ ਕਿਤਾਬ ਹੈ ਸ਼ਿਵ ਦੀ।

............

## ਪਿਆਸੀ / ਪਰਮਿੰਦਰ ਸੋਨੀ

ਬਦਲੀ ਚਹੁੰ ਤਰਫੋਂ ਛਾਈ ਜਾਂਦੀ
ਕੋਈ ਕੋਈ ਫਟ ਕੇ ਵਰਸ ਵੀ ਜਾਂਦੀ
ਤਨ ਤੇ ਕਿੰਨੀ ਵਾਰ ਹੈ ਭਿੱਜਿਆ
ਪਰ ਰੂਹ ਤੇ ਪਿਆਸੀ ਹੀ ਰਹਿ ਜਾਂਦੀ

ਜਗਰਾਤੇ ਅਣਗਿਣਤ ਨੇ ਕੀਤੇ
ਰੱਜ ਰੱਜ ਸੁਫਨੇ ਰੰਗੀਨ ਵੀ ਸੀਤੇ
ਸਵੇਰ ਹੋਂਦੀ ਤੱਕ ਵਿਖਰੇ ਸਾਰੇ
ਨਿੱਤ ਆਸ ਨੇ ਨਿਰਾਸ਼ਾ ਦੇ ਘੁੱਟ ਪੀਤੇ

ਜੋ ਸੀ ਦਿਲ ਵਿੱਚ ਮੈਂ ਕਹਿ ਬਹਿਣਾ
ਸੁਣਿਆ ਮੈਂ ਜੋ ਤੂੰ ਸੀ ਕਹਿਣਾ
ਕਹਿੰਦੇ ਸੁਣਦੇ ਤਾਂ ਜੀਵਨ ਲੰਘ ਗਿਆ
ਪਰ ਗੱਲਾਂ ਅਧੂਰੇ ਹੀ ਰਹਿਣਾ

ਲੱਭਦਾ ਨਾ ਜਿਦ੍ਹੀ ਆਸ ਸੀ ਪਾਲੀ
ਜੋ ਪਾਇਆ ਓਹਦੀ ਸੱਧਰ ਨ ਘਾਲੀ
ਪਰ ਜੀਵਨ ਤੁਰਦਾ ਰਿਹਾ ਅੱਗੇ ਨੂੰ
ਦਿਲੇ ਦੀ ਗੱਲ ਦਿਲ ਵਿੱਚ ਹੀ ਸੰਭਾਲੀ

ਨੀ ਅੜੀਏ ਮੈਂ ਘੁੱਟ ਘੁੱਟ ਜਾਂਦੀ
ਬੱਦਰੀ ਕਾਲੀ ਚਹੁੰ ਪਾਸੇ ਛਾਂਦੀ
ਪਰ ਹਿਰਦੇ ਵਿੱਚ ਜੇਹੜੀ ਤ੍ਰੇਹ ਨਿਮਾਣੀ
ਸੰਤੋਖ ਨਾ ਓਹਨੂੰ ਮੈਂ ਦੇ ਪਾਂਦੀ





ਹਰ ਪਾਸੇ ਹਨੇਰਾ ਸੀ – ਘੁੱਪ ਹਨੇਰਾ।

ਉਂਝ ਤਾਂ ਜਦੋਂ ਦਾ ਹੋਸ਼ ਸੰਭਾਲਿਆ ਆਪਣੇ ਆਪ ਨੂੰ ਹਨੇਰੇ ਵਿਚ ਪਾਇਆ ਸੀ। ਪਾਣੀ ਨਾਲ ਭਰੀ ਉਸ ਡੂੰਘੀ ਖਾਈ ਵਿਚ ਮੇਰੀ ਹੋਂਦ ਸੀ ਵੀ ਕਿ ਨਹੀਂ ਮੈਨੂੰ ਨਹੀਂ ਸੀ ਪਤਾ। ਮੈਂ ਕਦੇ ਮੰਜ਼ਿਲ ਪਾ ਸਕਾਂਗੀ ਜਾਂ ਨਹੀਂ ਇੰਨਾ ਵੀ ਪਤਾ ਨਹੀਂ ਸੀ। ਤਲਵਾਰ ਦੀ ਨੋਕ ਤੇ ਮੇਰੀ ਜ਼ਿੰਦਗੀ ਸੀ। ਮੇਰੇ ਦਿਮਾਗ ਦੇ ਕਿਸੇ ਸੁੱਤੇ ਕੋਨੇ ਵਿਚ ਇਹ ਗੱਲ ਕਿੱਧਰੇ ਜਾਗਦੀ ਰਹੀ ਕਿ ਮੇਰੀ ਹੋਂਦ ਨੂੰ ਦਿਲ ਤੋਂ ਸਵੀਕਾਰ ਨਹੀਂ ਕੀਤਾ ਗਿਆ ਸੀ। ਮੰਮੀ ਤਾਂ ਹੈਰਾਨ ਹੀ ਰਹਿ ਗਈ ਸੀ ਜਦੋਂ ਉਸਨੂੰ ਮੇਰੇ ਹੋਂਦ ਵਿਚ ਆਉਣ ਦਾ ਪਤਾ ਲਗਿਆ ਸੀ। ਉਹਨਾਂ ਨੇ ਪਾਪਾ ਨਾਲ ਹੌਲੀ ਆਵਾਜ਼ ਵਿਚ ਕਿੰਨਾ ਝਗੜਾ ਕੀਤਾ ਸੀ। ਮੇਰੇ ਆਉਣ ਦੇ ਸਾਰੇ ਜ਼ਿੰਮੇਵਾਰ ਜਿਵੇਂ ਪਾਪਾ ਇੱਕਲੇ ਹੀ ਸੀ। ਪਾਪਾ ਤਾਂ ਦਬਦਬੇ ਵਾਲੇ ਆਦਮੀ ਸੀ ਕਿਵੇਂ ਸੁਣ ਲੈਂਦੇ ਭਲਾ। ਉਹਨਾ ਲਈ ਤਾਂ ਇਹ ਉਹਨਾਂ ਦੇ ਜੀਵਨ ਦਾ ਚੰਗਾ ਪਲ ਸੀ ਆਖ਼ਰ ਉਹਨਾਂ ਦਾ ਆਪਣਾ ਇਕ ਅੰਸ਼ ਹੋਂਦ ਵਿਚ ਆਉਣ ਵਾਲਾ ਸੀ।

ਹੌਲੀ ਹੌਲੀ ਇਹ ਖ਼ਬਰ ਸਾਰੇ ਪਾਸੇ ਫੈਲ ਗਈ। ਅਜੇ ਮੰਮੀ ਦੇ ਹੱਥਾਂ 'ਚੋਂ ਲਾਲ ਚੂੜਾ ਵੀ ਨਹੀਂ ਉਤਰਿਆ ਸੀ ਅਤੇ ਉਹ ਮਾਂ ਬਣਨ ਵਾਲੀ ਸੀ। ਦਾਦੀ ਨੇ ਕੋਈ ਚੰਗਾ ਦਿਨ ਦੇਖ ਕੇ ਉਹਨਾਂ ਦਾ ਚੂੜਾ ਉਤਰਵਾ ਦਿਤਾ ਸੀ। ਮੈਂ ਮਹਿਸੂਸ ਕਰ ਰਹੀ ਸਾਂ ਕਿ ਮੇਰੇ ਆਸ ਪਾਸ ਸਭ ਬੜੇ ਖੁਸ਼ ਸਨ। ਹਰ ਪਾਸਿਉਂ ਮੰਮੀ ਨੂੰ ਹਦਾਇਤਾਂ ਦਿਤੀਆਂ ਜਾ ਰਹੀਆਂ ਸਨ ਕਿ ਇੰਝ ਨਹੀਂ ਕਰਨਾ ਉਂਝ ਨਹੀਂ ਕਰਨਾ। ਮੰਮੀ ਦਾ ਮਨ ਖੁਸ਼ ਨਹੀਂ ਸੀ ਪਰ ਬਾਕੀ ਦੀ ਖੁਸ਼ੀ ਦੇ ਹਾਵ-ਭਾਵ ਮੇਰੇ ਤੱਕ ਪਹੁੰਚ ਰਹੇ ਸਨ। ਦੂਜੇ ਮਹੀਨੇ ਤੱਕ ਮੰਮੀ ਬਹੁਤ ਉਦਾਸ ਰਹੀ। ਰੋਜਾਨਾ ਫੋਨ ਤੇ ਮਾਸੀ ਅਤੇ ਨਾਨੀ ਨਾਲ ਦੇਰ ਤੱਕ ਗੱਲਾਂ ਕਰਦੀ ਰਹਿੰਦੀ। ਫਿਰ ਆਹਿਸਤਾ ਆਹਿਸਤਾ ਉਹਨਾਂ ਨੇ ਵੀ ਇਹ ਸੱਚ ਨੂੰ ਮੰਨ ਲਿਆ ਕਿ ਉਹ ਇਕ ਜੀਵ ਨੂੰ ਧਰਤੀ ਉਪਰ ਲਿਆਉਣ ਦਾ ਜਰੀਆ ਬਣ ਰਹੀ ਹੈ। ਪਾਪਾ ਹੁਣ ਮੰਮੀ ਦਾ ਬਹੁਤ ਖਿਆਲ ਰੱਖਣ ਲਗੇ ਸਨ। ਰਸੋਈ ਵਿਚ ਫ਼ਲ ਮੇਵੇ ਹਰੀ ਸਬਜੀਆਂ ਦੇ ਢੇਰ ਲਗੇ ਰਹਿੰਦੇ। ਮੰਮੀ ਨੂੰ ਨਵੇਂ ਨਵੇਂ ਕਪੜੇ ਪਾਉਣ ਦਾ ਬੜਾ ਸ਼ੌਂਕ ਸੀ। ਹੁਣ ਕਦੇ ਉਹਨਾਂ ਲਈ ਨਵੇਂ ਕਪੜੇ ਬਣਦੇ ਕਦੇ ਨਵੀਆਂ ਜੁਤੀਆਂ ਆਉਂਦੀਆਂ ਕਿ ਇਹ ਆਰਾਮ ਦਾਇਕ ਹਨ ਇਹ ਪਾਓ। ਨਿੰਮੋਂ ਭੂਆ ਮੰਮਾ ਲਈ ਦਿੱਲੀ ਤੋਂ ਢਿਲੇ ਢਿਲੇ ਗਾਉਨ ਵੀ ਮੰਗਵਾ ਲਏ ਸਨ।

ਇਹ ਨਹੀਂ ਸੀ ਕਿ ਮੈਂ ਉਹਨਾਂ ਦੇ ਪਰਿਵਾਰ ਦੀ ਪਹਿਲੀ ਸੰਤਾਨ ਸਾਂ। ਪਾਪਾ ਦੇ ਵੱਡੇ ਭਰਾ ਦੇ ਘਰ ਵੀ ਦੋ ਲੜਕੀਆਂ ਸਨ। ਨਿੰਮੋ ਭੂਆ ਤੋਂ ਵੱਡੀ ਪੰਮੀ ਭੂਆ ਵੀ ਸੀ ਜੋ ਅਮਰੀਕਾ ਦੀ ਬਸ਼ਿੰਦਾ ਹੋ ਗਈ ਸੀ। ਨਿੰਮੋਂ ਭੂਆ ਦਾ ਤਲਾਕ ਹੋ ਚੁੱਕਾ ਸੀ ਕਿਉਕਿ ਉਹ ਮਾਂ ਬਣਨ ਵਿਚ ਅਸਮਰਥ ਸੀ ਇਸ ਲਈ ਉਹ ਇੱਥੇ ਹੀ ਸਭ ਦੇ ਨਾਲ ਰਹਿੰਦੀ ਸੀ। ਮੰਮੀ ਦੀ ਪ੍ਰੇਗਨੈਨਸੀ ਦਾ ਸੁਣ ਕੇ ਸਭ ਨੂੰ ਉਤਸਾਹ ਹੋ ਗਿਆ ਸੀ। ਮੈਨੂੰ ਕਈ ਵਾਰ ਮਾਣ ਮਹਿਸੂਸ ਹੁੰਦਾ ਕਿ ਜਦੋਂ ਮੈਂ ਜਨਮ ਲਵਾਂਗੀ ਤਾਂ ਆਸ-ਪਾਸ ਕਿੰਨੇ ਚੰਗੇ ਲੋਕ ਹੋਣਗੇ।

ਕੁਝ ਦਿਨਾਂ ਬਾਅਦ ਮੰਮੀ ਨੇ ਗੱਲ ਗੱਲ ਤੇ ਜਿਦ ਕਰਨੀ ਸ਼ੁਰੂ ਕਰ ਦਿਤੀ ਸੀ 'ਇਹ ਨਹੀਂ ਖਾਣਾ ਉਹ ਨਹੀਂ ਪੀਣਾ।' ਥੱਕੀ ਨਾ ਹੋਣ ਤੇ ਵੀ 'ਥੱਕ ਗਈ ਹਾਂ' ਦਾ ਬਹਾਨਾ ਲਾ ਕੇ ਕਮਰੇ ਵਿਚ ਇੱਕਲੀ ਪਈ ਟੀ. ਵੀ. ਦੇਖਦੀ ਰਹਿੰਦੀ ਜਦੋਂਕਿ ਮੇਰਾ ਮਨ ਕਰਦਾ ਕਿ ਆਸ ਪਾਸ ਦੀਆਂ ਸਭ ਆਵਾਜ਼ਾਂ ਵੀ ਮੈਨੂੰ ਸੁਣਾਈ ਦੇਣ। ਇੱਕ ਦਿਨ ਗੁਆਂਢ ਦੀ ਸ਼ਸ਼ੀ ਮਾਸੀ ਨੇ ਕੱਚੇ ਨਾਰੀਅਲ ਦੇ ਅੰਦਰ ਦਾ ਗੁੱਦਾ ਲਿਆ ਕੇ ਦਿਤਾ ਕਿ ਇਹ ਤਿੰਨ ਦਿਨ ਰੋਜਾਨਾ ਸਵੇਰੇ ਕੱਚੇ ਦੁੱਧ ਦੇ ਨਾਲ ਲੈਣਾ ਹੈ ਮੁੰਡਾ ਹੋਣ ਦੇ ਪੂਰੇ ਮੌਕੇ ਹੋਣਗੇ। ਬਸ਼ਰਤੇ ਲੂਣ ਨਹੀਂ ਖਾਣਾ। ਕਦੇ ਕਿਸੇ ਦੀ ਨਾ ਸੁਣਨ ਵਾਲੀ ਮੰਮੀ ਨੇ ਤਿੰਨ ਦਿਨ ਤੱਕ ਲੂਣ ਨਹੀਂ ਖਾਧਾ। ਮੇਰਾ ਮਨ ਅੰਦਰੋਂ ਖਰਾਬ ਹੁੰਦਾ ਪਰ ਉਨ੍ਹਾਂ ਨੂੰ ਤਾਂ ਮੁੰਡਾ ਚਾਹੀਦਾ ਸੀ। ਇਕ ਦਿਨ ਵੱਡੀ ਮਾਸੀ ਨੇ ਕਿਸੇ ਪੀਰ ਦੀ ਦਰਗਾਹ ਤੋਂ ਲਿਆਂਦਾ ਧਾਗਾ ਮੰਮੀ ਦੀ ਮਾਂ ਉਪਰ ਬੰਨ ਦਿਤਾ ਸੀ। ਇਕ ਵਾਰ ਤਾਂ ਮੰਮੀ ਨੂੰ ਉਹਨਾਂ ਦੀ ਸਹੇਲੀ ਨੇ ਮੋਰਪੰਖੀ ਦਵਾਈ ਖਵਾਈ ਸੀ। ਅਜੀਬ ਜਿਹੇ ਸਵਾਦ ਦੀ ਉਸ ਦਵਾਈ ਨੂੰ ਖਾਣ ਨਾਲ ਮੰਮੀ ਨੂੰ ਉਲਟੀਆਂ ਸ਼ੁਰੂ ਹੋ ਗਈਆਂ। ਮੰਮੀ ਨੇ ਕਿਸੇ ਨੂੰ ਵੀ ਇਸ ਦਾ ਕਾਰਨ ਨਹੀਂ ਦੱਸਿਆ ਅਤੇ ਪਾਪਾ ਨੇ ਹੁਣ ਨਿੰਮੋਂ ਭੂਆ ਦੀ ਡਿਊਟੀ ਲਗਾ ਦਿਤੀ ਸੀ ਕਿ ਮੰਮੀ ਦੇ ਖਾਣ ਪੀਣ ਦਾ ਧਿਆਨ ਰਖੇ।

ਮੰਮੀ ਨੂੰ ਜਦੋਂ ਵੀ ਦੁੱਧ ਪੀਣ ਲਈ ਦਿਤਾ ਜਾਂਦਾ ਤਾਂ ਉਹ ਸਿਰਫ ਉਸ ਗਾਂ ਦਾ ਦੁੱਧ ਪੀਂਦੀ ਜਿਸ ਦੇ ਨਾਲ ਵੱਛਾ ਹੁੰਦਾ। ਵੱਛੀ ਵਾਲੀ ਗਾਂ ਦਾ ਨਹੀਂ। ਇਹ ਤਾਂ ਸ਼ੁਕਰ ਸੀ ਕਿ ਘਰ ਵਿਚ ਤਿੰਨ ਗਾਂਵਾਂ ਇੱਕ ਮੱਝ ਸੀ। ਦੁੱਧ ਬਾਹਰੋਂ ਨਹੀਂ ਸੀ ਆਉਂਦਾ। 'ਮੈਨੂੰ ਬਾਕੀ ਗਾਂਵਾਂ ਦੇ ਦੁੱਧ 'ਚੋਂ ਮੁਸ਼ਕ ਆਉਂਦੀ ਹੈ' ਦਾ ਬਹਾਨਾ ਖੂਬ ਚੱਲ ਗਿਆ ਸੀ। ਸੱਚ ਕਹਾਂ ਉਦੋਂ ਤੱਕ ਤਾਂ ਮੈਨੂੰ ਵੀ ਨਹੀਂ ਸੀ ਪਤਾ ਕਿ ਮੈਂ ਨਰ ਭਰੂਣ ਹਾਂ ਜਾਂ ਮਾਦਾ। ਨਿੰਮੋਂ ਭੂਆ ਨੇ ਰੰਗ ਬਿਰੰਗੇ ਵੇਲਾਂ ਵਾਲੇ ਸਵੈਟਰ ਬੁਣਨੇ ਸ਼ੁਰੂ ਕਰ ਦਿਤੇ ਸਨ। ਛੋਟੇ ਛੋਟੇ ਕੁਰਤੇ ਸਿਉਂਣੇ ਸ਼ੁਰੂ ਹੋ ਗਏ। ਪੁਰਾਣੀ ਚਾਦਰ ਫਾੜ ਕੇ ਦਾਦੀ ਨੇ ਖੇਸੀਆਂ ਬਣਾਉਣੀਆਂ ਸ਼ੁਰੂ ਕਰ ਦਿਤੀਆਂ। ਭਾਵੇਂ ਮੈਂ ਗਰਮੀ ਦੇ ਮੌਸਮ ਵਿਚ ਆਉਣਾ ਸੀ ਪਰ ਤਿਆਰੀ ਦੋਨਾਂ ਮੌਸਮਾਂ ਦੀ ਸੀ। ਜਿਵੇਂ

ਮੈਂ ਕੋਈ ਅਜੇਹੀ ਗੱਡੀ ਹੋਵਾਂ ਜਿਸਦਾ ਪਹਾੜ ਤੇ ਆਉਣ ਦਾ ਸਮਾਂ ਸਵੇਰ ਦਾ ਹੈ ਪਰ ਰਾਤ ਨੂੰ ਆ ਰਹੀ ਹੈ।

ਦਾਦਾ ਜੀ ਨੇ ਘਰ ਵਿਚ ਸਾਰਿਆਂ ਨੂੰ ਹਦਾਇਤ ਕੀਤੀ ਹੋਈ ਸੀ ਕਿ ਖ਼ਬਰਦਾਰ ਜੇ ਕਿਸੇ ਨੇ ਉਹਨਾਂ ਦੀ ਨੂੰਹ ਰਾਣੀ ਨੂੰ ਕੋਈ ਕੰਮ ਕਿਹਾ ਜਾਂ ਪ੍ਰੇਸ਼ਾਨ ਕੀਤਾ। ਤਾਈ ਜਿਹੜੀ ਦਿੱਲੀ ਰਹਿੰਦੀ ਸੀ ਸਰਦੀ ਦੀਆਂ ਛੁੱਟੀਆਂ ਵਿਚ ਜਦੋਂ ਘਰ ਆਈ ਤਾਂ ਮੰਮੀ ਨਾਲ ਸਮਾਂ ਬਿਤਾਉਣ ਲੱਗੀ ਸੀ। ਉਹਨਾਂ ਦੀਆਂ ਦੋ ਲੜਕੀਆਂ ਸਨ ਅਤੇ ਦੋਹਾਂ ਵਿਚਾਲੇ ਦੋ ਸਾਲ ਦਾ ਫ਼ਰਕ ਸੀ। ਇੱਕ ਮੁੰਡੇ ਦੀ ਇੱਛਾ ਨੇ ਉਹਨਾਂ ਨੂੰ ਅਜੀਬ ਜਿਹਾ ਕੌੜਾ ਬਣਾ ਦਿਤਾ ਸੀ। ਬਾਅਦ ਵਿਚ ਮੈਨੂੰ ਪਤਾ ਲਗਿਆ ਕਿ ਮੁੰਡੇ ਦੀ ਇੱਛਾ ਵਿਚ ਤਾਈ ਜੀ ਨੇ ਦੋ ਵਾਰ ਅਬਾਰਸ਼ਨ ਕਰਵਾਇਆ ਸੀ। ਇੱਕ ਪਲ ਮਿੱਠੀਆਂ ਗੱਲਾਂ ਕਰਦੀ ਕਦੋਂ ਤਾਈ ਜੀ ਜ਼ਹਿਰ ਸੁੱਟਣ ਲਗ ਜਾਵੇ ਕਿਹਾ ਨਹੀਂ ਜਾ ਸਕਦਾ ਸੀ। ਮੈਨੂੰ ਮੰਮੀ ਦਾ ਤਾਈ ਜੀ ਦੇ ਨਾਲ ਬੈਠਣਾ ਜਰਾ ਵੀ ਪਸੰਦ ਨਹੀਂ ਸੀ। ਤਨ ਦੀ ਗੋਰੀ ਮਨ ਦੀ ਕਾਲੀ ਤਾਈ ਜੀ ਮੇਰੀ ਮੰਮੀ ਦੇ ਸਾਂਵਲੇ ਰੰਗ ਉਪਰ ਆਪਣੀ ਮਲੀਨਤਾ ਦਾ ਰੰਗ ਚੜ੍ਹਾ ਕੇ ਜਿਵੇਂ ਖੁਸ਼ ਹੋਵੇ। ਸ਼ਾਇਦ ਅੰਦਰੋਂ ਤਾਂ ਤਾਈ ਚਾਹੁੰਦੀ ਸੀ ਕਿ ਕੁੜੀ ਹੀ ਹੋਵੇ ਤਾਂਕਿ ਉਹਨਾਂ ਦਾ ਵਟ ਘੱਟ ਨਾ ਹੋ ਜਾਵੇ। ਲੇਕਿਨ ਸਾਰਿਆਂ ਸਾਹਮਣੇ ਕਹਿੰਦੀ 'ਮਾਤਾ ਰਾਣੀ ਨੀਤਾ ਨੂੰ ਮੁੰਡਾ ਹੀ ਦੇਣਾ ਘੱਟੋ ਘੱਟ ਕੋਈ ਨੂੰਹ ਤਾਂ ਇਸ ਘਰ ਵਿਚ ਵਾਰਸ ਨੂੰ ਜਨਮ ਦੇਵੇ। ਨਹੀਂ ਤਾਂ ਕੱਲ ਨੂੰ ਜਵਾਈ ਆ ਕੇ ਸਾਰੀ ਜਾਇਦਾਦ ਲੈ ਜਾਣਗੇ।

ਉਦੋਂ ਦਾਦੀ ਗੁੱਸੇ ਹੁੰਦੀ ਅਤੇ ਕਹਿੰਦੀ'ਸਾਰੀਆਂ ਕੁੜੀਆਂ ਆਪਣੀ ਕਿਸਮਤ ਲੈ ਕੇ ਆਉਂਦੀਆਂ ਹਨ। ਤੁਸੀਂ ਵੀ ਤਾਂ ਕਿਸੇ ਦੀਆਂ ਕੁੜੀਆਂ ਹੋ ਨਾ ਫਿਰ ਕਿਉਂ ਕੁੜੀ ਦਾ ਹੋਣਾ ਮਾੜਾ ਮੰਨਦੀਆਂ ਹੋ? ਕੁੜੀ ਜਾਂ ਮੁੰਡਾ ਜੋ ਵੀ ਹੋਵੇ ਸਭ ਮੰਨਜੂਰ ਹੈ। ਆਖਰ ਪਹਿਲਾ ਬੱਚਾ ਹੈ ਇਹਦਾ।' ਪਾਪਾ ਅਕਸਰ ਮੰਮੀ ਦੇ ਢਿੱਡ ਤੇ ਹੱਥ ਰੱਖ ਕੇ ਕਹਿੰਦੇ 'ਮੇਰੇ ਰਾਜੇ ਪੁੱਤਰ ਨੂੰ ਭੁੱਖ ਲੱਗੀ ਹੈ? ਜਲਦੀ ਜਲਦੀ ਆ ਜਾ ਮੇਰਾ ਬੱਚਾ ਤੈਨੂੰ ਪਾਪਾ ਰੋਜ ਘੁੰਮਾਉਣ ਲੈ ਜਾਣਗੇ।' ਪਾਪਾ ਬਹੁਤ ਗੱਲਾਂ ਕਰਦੇ ਸਨ ਪਰ ਮੰਮੀ ਡਰੀ ਡਰੀ ਜਿਹੀ ਚੁੱਪ ਰਹਿੰਦੀ। ਜਦੋਂ ਮੈਂ ਆਪਣੀਆਂ ਲੱਤਾਂ ਚਲਾਉਂਦੀ ਤਾਂ ਜਰੂਰ ਛੂਹ ਕੇ ਕਹਿੰਦੀ ਸੀ 'ਬਸ ਕਰ ਹੁਣ--ਚੈਨ ਨਾਲ ਰਹਿਣ ਦੇ ਸ਼ਰਾਰਤੀ ਬੱਚੇ।' ਕਦੇ ਕਦੇ ਮੰਮੀ ਇੱਕਲਿਆਂ ਆਪਣੇ ਆਪ ਨਾਲ ਬਹੁਤ ਗੱਲਾਂ ਕਰਦੀ ਕਿ ਮੇਰੇ ਰਾਜਾ ਬੇਟਾ ਬਣ ਕੇ ਆਉਗੇ ਨਾ।

ਉਹਨਾਂ ਦਿਨਾਂ ਵਿਚ ਪਾਪਾ ਨੂੰ ਸੜਕ ਬਣਾਉਣ ਦਾ ਇੱਕ ਬਹੁਤ ਵੱਡਾ ਠੇਕਾ ਮਿਲ ਗਿਆ ਜਿਸ ਦੀ ਉਹਨਾਂ ਨੇ ਕਦੇ ਸੁਪਨੇ ਵਿਚ ਵੀ ਇੱਛਾ ਨਹੀਂ ਕੀਤੀ ਸੀ। ਸਾਰੇ ਲੋਕ ਮੇਰੇ ਆਉਣ ਨੂੰ ਚੰਗਾ ਮੰਨ ਕੇ ਵਧਾਈ ਦੇ ਰਹੇ ਸਨ ਪਰ ਮੇਰੇ ਲਈ ਹੈਰਾਨੀ ਦੀ ਗੱਲ ਸੀ ਕਿ ਸਾਰੇ ਲੋਕ ਮੈਨੂੰ ਰਾਜਾ ਬੇਟਾ ਹੀ ਕਹਿ ਰਹੇ ਸਨ ਬੇਟੀ ਰਾਣੀ ਨਹੀਂ। ਕਿਧਰੇ ਸਾਰਿਆਂ ਦੇ ਅੰਦਰ ਮੁੰਡੇ ਦੀ ਆਸ ਰਹੀ ਹੋਵੇਗੀ। ਸਮਾਂ ਜਿਉਂ ਜਿਉਂ ਅੱਗੇ ਵੱਧ ਰਿਹਾ ਸੀ ਘਰ ਵਿਚ ਮੇਰੇ ਲਈ ਸਮਾਨ ਜਮ੍ਹਾਂ ਹੋ ਰਿਹਾ ਸੀ। ਛੋਟੇ ਛੋਟੇ ਕੱਪੜਿਆਂ ਉਪਰ ਲਾਲ ਰੰਗ ਦੇ ਫੁੱਲਾਂ ਦੀ ਕਢਾਈ ਕਰਦੀ ਨਿੰਮੋਂ ਭੂਆ ਕਹਿੰਦੀ 'ਰੱਬਾ ਬੱਚਾ ਚੰਗੇ ਕਰਮਾਂ ਵਾਲਾ ਅਤੇ ਤੰਦਰੁਸਤ ਹੋਵੇ। ਮੁੰਡੇ ਦੇ ਹੋਣ ਤੇ ਮੈ ਤਾਂ ਭਰਾ ਤੋਂ ਹੀਰੇ ਦੀ ਅੰਗੂਠੀ ਲੈਣੀ ਹੈ।'

ਦਾਦੀ ਵੀ ਬਹੁਤ ਖੁਸ਼ ਸੀ। ਸੱਤਵੇਂ ਮਹੀਨੇ ਵਿਚ ਹੀ ਇਕ ਦਿਨ ਮੰਮੀ ਨੂੰ ਬਹੁਤ ਗਹਿਣੇ-ਕਪੜੇ ਪਵਾ ਕੇ ਸਜਾ ਕੇ ਵਿਹੜੇ ਵਿਚ ਬਿਠਾ ਦਿਤਾ ਗਿਆ। ਪਰਿਵਾਰ ਅਤੇ ਗੁਆਂਢ ਦੀਆਂ ਸਾਰੀਆਂ ਸੁਹਾਗਣਾ ਜਿਨ੍ਹਾਂ ਦੇ ਮੁੰਡੇ ਸਨ ਔਰਤਾਂ ਇਕ ਇਕ ਚਮਚ ਖੀਰ ਖਵਾ ਕੇ ਮੰਮੀ ਦੀ ਝੋਲੀ ਵਿਚ ਨਾਰੀਅਲ ਮੇਵੇ ਅਤੇ ਤੋਹਫ਼ੇ ਰੱਖ ਰਹੀਆਂ ਸਨ। ਖੂਬ ਢੋਲਕੀ ਵਜੀ ਨਾਚ-ਗਾਣਾ ਹੋਇਆ ਅਤੇ ਗੀਤ ਗਾਏ ਗਏ। ਪਰ ਮੈਨੂੰ ਇਸ ਸ਼ੋਰ ਨਾਲ ਅਤੇ ਨਾਰੀਅਲ ਦੇ ਬੋਝ ਨਾਲ ਪ੍ਰੇਸ਼ਾਨੀ ਹੋਣ ਲਗੀ। ਬੜੇ ਹੱਥ-ਪੈਰ ਚਲਾ ਕੇ ਮੈਂ ਆਪਣਾ ਵਿਰੋਧ ਜਤਾਇਆ। ਮੰਮੀ ਨੂੰ ਉੱਥੋਂ ਉਠ ਕੇ ਆਪਣੇ ਕਮਰੇ ਵਿਚ ਆਉਣਾ ਹੀ ਪਿਆ। ਪਹਿਲੀ ਵਾਰ ਉਸ ਦਿਨ ਵਿਰੋਧ ਜਤਾਉਣਾ ਸਿੱਖਿਆ ਸੀ। ਕੁਦਰਤ ਜਦੋਂ ਜਾਨ ਪਾਉਂਦੀ ਹੈ ਤਾਂ ਸੋਚਣ ਸ਼ਕਤੀ ਵੀ ਦਿੰਦੀ ਹੈ। ਨਾਨੀ ਨੇ ਵੀ ਇਸ ਮੌਕੇ ਆ ਕੇ ਸ਼ਗਨ ਦਿੱਤਾ ਸੀ ਅਤੇ ਇੱਕ ਭਬੂਤੀ ਜਿਹੀ ਲਿਆ ਕੇ ਚੁੱਪ ਚਾਪ ਮੰਮੀ ਨੂੰ ਖਵਾ ਦਿਤੀ ਸੀ ਅਤੇ ਕਿਹਾ 'ਫਰੀਦਕੋਟ ਦੇ ਬਾਬਾ ਜੀ ਤੋਂ ਲਿਆਈ ਹਾਂ ਸ਼ਰਤੀਆਂ ਮੁੰਡਾ ਹੋਵੇਗਾ। ਅੱਜ ਤੱਕ ਜਿਹਨੇ ਜਿਹਨੇ ਵੀ ਇਹ ਭਬੂਤੀ ਖਾਧੀ ਹੈ ਉਹਨਾਂ ਦੇ ਮੁੰਡਾ ਹੀ ਹੋਇਆ ਹੈ।' ਹੁਣ ਮੈਨੂੰ ਗੁੱਸਾ ਆਉਣ ਲਗਿਆ ਸੀ ਕਿ ਜਿਹਨੂੰ ਦੇਖੋ ਮੁੰਡਾ-ਮੁੰਡਾ ਕਰ ਰਿਹਾ ਹੈ। ਮੇਰੇ ਆਉਣ ਨੂੰ ਤਾਂ ਕੋਈ ਮਹੱਤਵ ਹੀ ਨਹੀਂ ਦੇ ਰਿਹਾ। ਆਖਰ ਮੁੰਡੇ ਅਜੇਹਾ ਕੀ ਕਰਦੇ ਹਨ ਜੋ ਮੈਂ ਜਨਮ ਲੈ ਕੇ ਨਹੀਂ ਕਰ ਸਕਾਂਗੀ। ਇਹ ਔਰਤਾਂ ਆਪ ਕੁੜੀਆਂ ਹੋ ਕੇ ਮੁੰਡਾ ਕਿਉਂ ਮੰਗ ਰਹੀਆਂ ਹਨ? ਮੈਨੂੰ ਡਰ ਲਗਣ ਲੱਗ ਪਿਆ ਸੀ।

ਹੁਣ ਤਾਂ ਮੰਮੀ ਜਲਦੀ ਥੱਕਣ ਲੱਗ ਪਈ ਸੀ। ਮੇਰੇ ਅੰਦਰ ਵੀ ਇਸ ਦੁਨੀਆਂ ਵਿਚ ਆਉਣ ਦਾ ਕੋਈ ਉਤਸਾਹ ਬਾਕੀ ਨਹੀਂ ਸੀ। ਦਾਦੀ ਨਿੰਮੋਂ ਭੂਆ ਤੋਂ ਬਿਨਾਂ ਕੋਈ ਵੀ ਖੁਸ਼ ਨਜ਼ਰ ਨਹੀਂ ਸੀ ਆਉਂਦਾ। ਪਾਪਾ ਨੂੰ ਤਾਂ ਮੇਰੇ ਆਉਣ ਦੀ ਇੰਨੀ ਖੁਸ਼ੀ ਸੀ ਕਿ ਮੁੰਡਾ ਹੀ ਹੋਵੇਗਾ ਅਥਾਹ ਵਿਸਵਾਸ਼ ਸੀ। ਲਗਾਤਾਰ ਅੱਠ ਮਹੀਨੇ ਤੱਕ ਦਾਦੀ ਜੋ ਮੰਮੀ ਨੂੰ ਇਕ ਫੁੱਲ ਵਾਂਗ ਰੱਖ ਰਹੀ ਸੀ ਹੁਣ ਸਖ਼ਤ ਹੋਣ ਲਗੀ ਸੀ। ਮੰਮੀ ਨੂੰ ਸਵੇਰੇ ਉਠਾ ਕੇ ਆਪਣੇ ਨਾਲ ਸੈਰ ਤੇ ਲੈ ਜਾਂਦੀ। ਆਉਂਦੇ ਹੀ ਗਾਂ ਦੇ ਗਰਮ ਦੁੱਧ ਵਿਚ ਦੋ ਵੱਡੇ ਚਮਚ ਘਿਉ ਪਾ ਕੇ ਬਦਾਮਾਂ ਨਾਲ ਮੰਮੀ ਨੂੰ ਪਿਆਉਂਦੀ ਫਿਰ ਕੁਝ ਦੇਰ ਆਰਾਮ ਕਰਵਾ ਕੇ ਝਾੜੂ ਫੜਾ ਦਿੰਦੀ ਕਿ ਚਲੋ ਹੁਣ ਸਾਰੇ ਘਰ ਦੀ ਸਫਾਈ ਕਰੋ। ਭਾਰੇ ਸਰੀਰ ਨਾਲ ਮੰਮੀ ਦਾ ਉਠਣ-ਬੈਠਣ ਵੀ ਮੁਸ਼ਕਲ ਹੋ ਗਿਆ ਸੀ ਅਤੇ ਜਿੱਥੇ ਝਾੜੂ ਦੇ ਨਾਲ ਪੂਰੇ ਘਰ ਵਿਚ ਪੋਚਾ ਆਉਣ ਦਾ

ਆਦੇਸ਼ ਵੀ ਸੀ। ਮੰਮੀ ਦੇ ਅੰਦਰ ਖਿੱਝ ਵਧਦੀ ਜਾ ਰਹੀ ਸੀ ਪਰ ਦਾਦੀ ਉਪਰ ਇਸ ਦਾ ਕੋਈ ਅਸਰ ਨਹੀਂ ਹੋ ਰਿਹਾ ਸੀ। ਮੈਨੂੰ ਵੀ ਮੰਮੀ ਨਾਲ ਹਮਦਰਦੀ ਹੋਣ ਲੱਗੀ ਸੀ। ਹੁਣ ਉਸਦਾ ਮਨ ਨਾ ਖਾਣ ਵਿਚ ਲਗਦਾ ਸੀ ਨਾ ਪੀਣ ਵਿਚ। ਮੰਮੀ ਨੂੰ ਉਠਣ-ਬੈਠਣ ਦੀ ਬਹੁਤ ਮੁਸ਼ਕਿਲ ਹੋ ਗਈ ਸੀ।

ਉਸ ਸਵੇਰ ਵੀ ਦਾਦੀ ਨੇ ਤਿੰਨ ਚਮਚ ਘਿਉ ਪਿਆ ਦਿੱਤਾ ਸੀ। ਦੁਪਹਿਰ ਹੁੰਦੇ ਹੁੰਦੇ ਮੰਮੀ ਦੀ ਤਬੀਅਤ ਖਰਾਬ ਹੋਣ ਲਗੀ। ਦਰਦ ਤੋਂ ਪ੍ਰੇਸ਼ਾਨ ਮੰਮੀ ਨੂੰ ਦੇਖ ਮੈਂ ਵੀ ਹਿਲਣਾ-ਜੁਲਣਾ ਸ਼ੁਰੂ ਕਰ ਦਿਤਾ ਸੀ ਪਰ ਉਦਾਸ ਰਹਿਣ ਦੀ ਵਜ੍ਹਾ ਕਰਕੇ ਮੇਰੇ ਅੰਦਰ ਤਾਕਤ ਹੀ ਨਹੀਂ ਸੀ। ਮੇਰੀ ਹਨੇਰੀ ਗੁਫ਼ਾ ਅੰਦਰ ਵੀ ਜਿਵੇਂ ਤੁਫ਼ਾਨ ਆ ਗਿਆ ਸੀ। ਮੇਰੇ ਆਲੇ ਦੁਆਲ ਮੌਜੂਦ ਪਾਣੀ ਦੀ ਮਾਤਰਾ ਵੀ ਘੱਟ ਹੋ ਰਹੀ ਸੀ। ਇੰਝ ਲਗਿਆ ਮੈਨੂੰ ਜਿਵੇਂ ਕਿਸੇ ਸੰਦ ਦੀ ਸਹਾਇਤਾ ਨਾਲ ਬਾਹਰ ਖਿਚਿਆ ਜਾ ਰਿਹਾ ਸੀ। ਦਰਦ ਨਾਲ ਮੇਰਾ ਬੁਰਾ ਹਾਲ ਸੀ। ਮਨ ਚਾਹੁੰਦਾ ਸੀ ਕਿ ਇਹਨਾਂ ਹਨੇਰਿਆਂ ਵਿਚ ਚੁੱਪ ਚਾਪ ਹਮੇਸ਼ਾਂ ਲਈ ਗੁਆਚ ਜਾਵਾਂ। ਕਈ ਘੰਟਿਆਂ ਦੀ ਇਸ ਜਦੋ-ਜਹਿਦ ਨੇ ਮੈਨੂੰ ਖਾਲੀਪਨ ਦੀ ਅਵਸਥਾ ਵਿਚ ਪਹੁੰਚਾ ਦਿੱਤਾ ਸੀ। ਥੋੜੇ ਚਿਰ ਬਾਅਦ ਜਦੋਂ ਮੈਨੂੰ ਹੋਸ਼ ਆਇਆ ਤਾਂ ਹਰ ਪਾਸੇ ਇਕ ਚਾਨਣ ਸੀ। ਮੈਨੂੰ ਡਰ ਲਗਣ ਲਗਿਆ ਕਿ ਉਸ ਹਨ੍ਹੇਰੀ ਗੁਫ਼ਾ ਵਿਚੋਂ ਅਚਾਨਕ ਮੈਂ ਕਿੱਥੇ ਪਹੁੰਚ ਗਈ ਹਾਂ। ਮੈਨੂੰ ਮੇਰੇ ਦੋਨਾਂ ਪੈਰਾਂ ਤੋਂ ਪੁੱਠਾ ਪਕੜ ਇੱਕ ਔਰਤ ਮੇਰੀ ਪਿੱਠ ਤੇ ਥੱਪੜ ਮਾਰ ਰਹੀ ਸੀ। ਮੇਰੇ ਰੋਣ ਦੀ ਆਵਾਜ਼ ਵੀ ਬਹੁਤ ਹੌਲੀ ਸੀ। ਗਿੱਲੇ ਕੱਪੜੇ ਨਾਲ ਮੇਰੇ ਸਰੀਰ ਨੂੰ ਸਾਫ ਕਰਕੇ ਗਰਮ ਪਾਣੀ ਨਾਲ ਨੁਵਾਇਆ ਗਿਆ। ਮੈਂ ਆਪਣੀਆਂ ਅੱਖਾਂ ਨਹੀਂ ਖੋਲ੍ਹੀਆਂ ਪਰ ਜਦ ਮੈਂ ਅਚਾਨਕ ਮੰਮੀ ਦੇ ਜੋਰ ਨਾਲ ਰੋਣ ਦੀ ਆਵਾਜ਼ ਸੁਣੀ ਤਾਂ ਹੌਲੀ ਜਹੀ ਆਪਣਾ ਧਿਆਨ ਉੱਧਰ ਲਗਾਇਆ--।

'ਲੈ ਜਾਉ ਇਹਨੂੰ ਮੈਨੂੰ ਨਹੀਂ ਚਾਹੀਦੀ। ਜਿਸ ਜਿਸ ਨੇ ਮੈਨੂੰ ਜੋ ਵੀ ਦਵਾਈ ਦਿਤੀ ਮੈਂ ਖਾਧੀ ਸੀ ਜੋ ਕਰਨ ਨੂੰ ਕਿਹਾ ਗਿਆ ਮੈਂ ਕੀਤਾ ਹਰ ਮੰਦਰ-ਗੁਰਦੁਆਰੇ ਵਿਚ ਮੱਥਾ ਟੇਕਿਆ ਪਰ ਕੀ ਫਾਇਦਾ ਹੋਇਆ ਆਈ ਤਾਂ ਕੁੜੀ ਹੀ ਨਾ। ਹਾਏ ਨੀ ਕਿਸਮਤ। ਮੰਮੀ ਦੇ ਇਸ ਰੁਦਨ ਤੋਂ ਸਾਰੇ ਪ੍ਰੇਸ਼ਾਨ ਸਨ। ਨਰਸ ਮੈਨੂੰ ਕਪੜੇ ਪਾ ਰਹੀ ਸੀ ਜਿਹੜੀ ਪਾਪਾ ਦੀ ਪੁਰਾਣੀ ਕਮੀਜ਼ ਪਾੜ ਕੇ ਬਣਾਏ ਗਏ ਸੀ। ਮੈਨੂੰ ਕੁਝ ਸਮਝ ਨਹੀਂ ਆ ਰਿਹਾ ਸੀ। ਮੈਂ ਇਸ ਧਰਤੀ ਤੇ ਆ ਕੇ ਗੁਨਾਹ ਕੀਤਾ ਹੈ ਜਾਂ ਇਸ ਦੀ ਕੁੱਖ ਵਿਚ ਆ ਕੇ। ਦਾਦੀ ਲੇਬਰ ਰੂਮ ਆ ਕੇ ਮੰਮੀ ਨੂੰ ਸਮਝਾ ਰਹੀ ਸੀ 'ਓ ਬਾਬਾ ਰੋਣਾ ਕਿਸ ਗੱਲ ਦਾ ਅਤੇ ਕਿਉਂ ਰੋਣਾ? ਫਿਰ ਦੇਵੇਗਾ ਨਾ ਪਰਮਾਤਮਾ। ਅਜੇ ਕਿਹੜੀ ਤੇਰੀ ਉਮਰ ਹੋ ਗਈ ਹੈ। ਚਲ ਏਦਾਂ ਨਹੀਂ ਬੋਲੀਦਾ--ਪਰਮਾਤਮਾ ਸੰਤਾਨ ਦੇਵੇ ਸਿਹਤ ਦੇਵੇ ਕਿਸਮਤ ਵਾਲਾ ਦੇਵੇ ਬਸ। ਨਿੰਮੋਂ ਹੈ ਨਾ ਉਹ ਪਾਲ ਲਵੇਗੀ ਇਸਨੂੰ। ਮੰਨ ਲੈਂਦੇ ਹਾਂ ਕਿ ਮੁੰਡਾ ਜਰੂਰੀ ਹੈ। ਚਿਤਾ ਵਿਚ ਅੱਗ ਵੀ ਉਹੀ ਲਾਵੇਗਾ ਪਰ ਜੇ ਹੁਣ ਕੁੜੀ ਹੋ ਗਈ ਤਾਂ ਤੂੰ ਨਰਾਜ਼ ਕਿਉਂ ਹੋ ਰਹੀ? ਇਸ ਬੱਚੀ ਦਾ ਕੀ ਕਸੂਰ? ਅਗਲੇ ਹੀ ਸਾਲ ਮੁੰਡਾ ਆ ਜਾਵੇ  ਬਸ ਇਹੀ ਦੁਆ ਕਰੋ।'

ਦਾਦੀ ਨੇ ਮੈਨੂੰ ਨਰਸ ਤੋਂ ਲੈਣ ਦੀ ਕੋਸ਼ਿਸ਼ ਕੀਤੀ ਤਾਂ ਨਰਸ ਬੋਲੀ 'ਆਂਟੀ ਜੀ ਬਿਨਾਂ ਸ਼ਗਨ ਲਏ ਪੋਤੀ ਨਹੀਂ ਦਿਆਂਗੀ।' ਦਾਦੀ ਨੇ ਆਪਣੇ ਬਲਾਉਜ 'ਚੋਂ ਸੌ ਦਾ ਨੋਟ ਕੱਢਿਆ ਅਤੇ ਕਿਹਾ 'ਜਾ ਪੰਜਾਹ ਤੇਰੇ ਐ ਅਤੇ ਪੰਜਾਹ ਦੀ ਮਿਠਾਈ ਮੰਗਵਾ ਦੇ ਸਭ ਨੂੰ ਖਵਾਓ ਮੇਰੇ ਘਰ ਲਕਸ਼ਮੀ ਆਈ ਹੈ।'

'ਕੀ ਹੋਇਆ ਭਾਈ ਬੱਚਾ ਰੋ ਕਿਉਂ ਨਹੀਂ ਰਿਹਾ?' ਦਾਦੂ ਬਾਹਰੋਂ ਚਿੰਤਤ ਹੋ ਕੇ ਬੋਲੇ। ਦਾਦੀ ਨੇ ਤੁਰੰਤ ਬਾਹਰ ਆ ਕੇ ਮੈਨੂੰ ਦਾਦੂ ਦੀ ਝੋਲੀ ਪਾ ਕੇ ਕਿਹਾ 'ਲਓ ਵੇਖ ਲਉ ਆਪਣੇ ਘਰ ਦੀ ਲਕਸ਼ਮੀ ਨੂੰ ਲਗਦਾ ਦੇਵੀ ਮਾਂ  ਆਪਣੇ ਵੱਖ ਵੱਖ ਰੂਪਾਂ ਵਿਚ ਇਕ ਇਕ ਕਰਕੇ ਸਾਡੇ ਘਰ ਆ ਰਹੀ ਹੈ। ' ਮੈਂ ਆਹਿਸਤਾ ਜਿਹਾ ਇਕ ਅੱਖ ਖੋਲ੍ਹੀ ਤਾਂ ਸਾਹਮਣੇ ਦਾਦਾ ਦਾ ਮੁੱਖ ਸੀ। ਸਭ ਤੋਂ ਪਹਿਲਾਂ ਜਿਹੜਾ ਮੂੰਹ ਮੈਂ ਵੇਖਿਆ ਆਦਮੀ ਦਾ ਸਨੇਹ ਭਰਿਆ ਚਿਹਰਾ ਸੀ। ਪਿਆਰ ਨਾਲ ਦਾਦਾ ਮੈਨੂੰ ਲਗਾਤਾਰ ਵੇਖਦੇ ਰਹੇ ਸਨ ਅਤੇ ਜੇਬ ਵਿਚੋਂ ਵੀਹ ਰੁਪਏ ਕੱਢ ਕੇ ਮੇਰੇ ਉਪਰੋਂ ਵਾਰ ਕੇ ਦਾਦੀ ਨੂੰ ਦੇ ਕੇ ਬੋਲੇ 'ਲਓ ਕਿਸੇ ਗ਼ਰੀਬ ਨੂੰ ਦਾਨ ਦੇ ਦੇਣਾ। ਮੇਰੀ ਰੇਸ਼ਮੀ ਗੁੜੀਆ ਨੂੰ ਅਸੀਸ ਮਿਲੇਗੀ।'

ਪਾਪਾ ਹਿਚਕਚਾਹਟ ਨਾਲ ਮੇਰੇ ਵੱਲ ਵੇਖ ਰਹੇ ਸਨ। ਦਾਦੀ ਨੇ ਹੁਣ ਮੈਨੂੰ ਪਾਪਾ ਦੀ ਝੋਲੀ ਵਿਚ ਪਾ ਦਿਤਾ ਅਤੇ ਪਾਪਾ ਨੇ ਇਕਦਮ ਛਾਤੀ ਨਾਲ ਲਾ ਲਿਆ। ਜੋ ਗਰਮੀ ਮੈਨੂੰ ਮੰਮੀ ਦੇ ਅੰਦਰ ਰਹਿਣ ਤੇ ਮਿਲ ਰਹੀ ਸੀ ਉਹੀ ਅੱਜ ਪਾਪਾ ਦੀ ਛਾਤੀ ਨਾਲ ਲੱਗ ਕੇ ਮਿਲੀ ਸੀ। ਹਰ ਪਾਸਿਉਂ ਸਾਰੇ ਵਧਾਈ ਦੇ ਰਹੇ ਸਨ ਪਰ ਮਨ ਵਾਰ ਵਾਰ ਮੰਮੀ ਵਲ ਜਾ ਰਿਹਾ ਸੀ ਪਤਾ ਨਹੀਂ ਕਿਉਂ ਉਹ ਅੰਦਰ ਅੱਥਰੂ ਵਹਾ ਰਹੀ ਸੀ। ਮੈਨੂੰ ਵੀ ਗੁਨਾਹ ਦਾ ਅਹਿਸਾਸ ਹੋ ਰਿਹਾ ਸੀ ਆਖ਼ਿਰ ਮੈਂ ਇਹਨਾਂ ਦੀ ਜ਼ਿੰਦਗੀ ਵਿਚ ਕਿਉਂ ਆਈ? ਪਰ ਬਾਕੀ ਸਭ ਦਾ ਪਿਆਰ ਜਿਉਣ ਦੀ ਲਾਲਸਾ ਪੈਦਾ ਕਰ ਰਿਹਾ ਸੀ।

ਮੰਮੀ ਨੂੰ ਨਿੱਜੀ ਕਮਰੇ ਵਿਚ ਸ਼ਿਫਟ ਕੀਤਾ ਗਿਆ ਸੀ। ਮੈਨੂੰ ਵੀ ਮੰਮੀ ਦੇ ਨਾਲ ਸੁਆ ਦਿਤਾ ਗਿਆ ਸੀ। ਘੁੱਟੀ ਕੌਣ ਦੇਵੇਗਾ? ਦਾ ਸ਼ੋਰ ਮਚਿਆ ਤਾਂ ਨਿੰਮੋਂ ਭੂਆ ਸਭ ਤੋਂ ਪਹਿਲਾਂ ਅਗੇ ਆਈ 'ਮੇਰਾ ਹੱਕ ਹੈ ਇਹ ਤਾਂ।' ਪਰ ਦਾਦੀ ਨੇ ਪਿਆਰ ਨਾਲ ਝਿੜਕ ਕੇ ਕਿਹਾ 'ਨਹੀਂ ਮੈਨੂੰ ਮੇਰੀ ਪੋਤੀ ਤੇਰੇ ਵਰਗੀ ਲੜਾਕੀ ਨਹੀਂ ਬਣਾਉਣੀ। ਇਸਨੂੰ ਘੁੱਟੀ ਜਾਂ ਤਾਂ ਇਸ ਦਾ ਪਾਪਾ ਦੇਵੇਗਾ ਜਾਂ ਦਾਦੀ।' ਮੰਮੀ ਨੇ ਪਾਪਾ ਵਲ ਦੇਖ ਕੇ ਕਿਹਾ 'ਤੁਸੀ ਹੀ ਦਿਓ।' ਪਾਪਾ ਨੇ ਚਾਂਦੀ ਦੀ ਛੋਟੀ ਜ਼ਿਹੀ ਸਲਾਈ ਨਾਲ ਮੇਰੇ ਮੂੰਹ ਵਿਚ ਸ਼ਹਿਦ ਪਾਇਆ ਅਤੇ ਮੇਰੇ ਕੰਨ ਵਿਚ ਓਮ ਦਾ ਉਚਾਰਨ ਕੀਤਾ। ਮੈਂ ਜਦੋਂ ਅੱਖਾਂ ਖੋਲ੍ਹ ਕੇ ਉਹਨਾਂ

ਨੂੰ ਦੇਖਿਆ ਤਾਂ ਇਕਦਮ ਬੋਲੇ 'ਜੀਵਨ ਦਾ ਸੰਗੀਤ ਹੈ ਇਹ ਤਾਂ। ਅਸੀ ਇਸ ਦਾ ਨਾ ਸੁਰ ਰਖਾਂਗੇ।' ਦਿਨ ਬੀਤਦੇ ਗਏ। ਮੰਮੀ ਨੇ ਮੈਨੂੰ ਸਾਰਿਆਂ ਸਾਹਮਣੇ ਡਰ ਕੇ ਦੁੱਧ ਪਿਲਾਇਆ ਪਰ ਅਕਸਰ ਸਾਰਿਆਂ ਦੀ ਨਜ਼ਰ ਹਟਦਿਆਂ ਹੀ ਬੋਤਲ ਲਗਾ ਦਿੰਦੀ। ਅਕਸਰ ਦਾਦੀ ਜਾਂ ਨਿੰਮੋਂ ਭੂਆ ਹੀ ਮੈਨੂੰ ਆਪਣੇ ਕੋਲ ਸਵਾ ਲੈਂਦੀ ਸੀ। ਮੇਰਾ ਦਿਲ ਵੀ ਭੂਆ ਨਾਲ ਹੀ ਲਗਦਾ ਸੀ। ਅਜਿਹਾ ਨਹੀਂ ਸੀ ਕਿ ਮੰਮੀ ਮੈਨੂੰ ਪਿਆਰ ਨਹੀਂ ਕਰਦੀ ਬਸ ਮੇਰਾ ਕੁੜੀ ਹੋਣਾ ਉਸਨੂੰ ਪਸੰਦ ਨਹੀਂ ਸੀ। ਮੈਨੂੰ ਮੁੰਡਿਆਂ ਦੇ ਕੱਪੜੇ ਪੁਆਉਣੇ ਉਸਨੂੰ ਪਸੰਦ ਸੀ। ਨਾਨੀ ਜਦੋਂ ਵੀ ਆਉਂਦੀ ਸੀ ਮੰਮੀ ਬਦਲ ਜਾਂਦੀ ਸੀ। ਨਾਨਾ ਜੀ ਮੈਨੂੰ ਦੇਖਣ ਲਈ ਇੱਕ ਵਾਰ ਵੀ ਨਹੀਂ ਆਏ ਸਨ। ਮਾਮਾ ਵੀ ਮਾਮੀ ਨਾਲ ਸਿਰਫ ਪੰਜੀਰੀ ਦੇਣ ਆਏ ਸਨ। ਉਹ ਸਵੇਰੇ ਆ ਕੇ ਸ਼ਾਮ ਨੂੰ ਵਾਪਸ ਚਲੇ ਗਏ ਸਨ। ਮਾਮੀ ਨੇ ਜਾਂਦੇ ਹੋਏ ਕਿਹਾ ਕਿ ਕੀ ਤੁਹਾਡੇ ਮਾਂ ਅਤੇ ਬੇਟੀਆਂ ਦੇ ਘਰ ਮੁੰਡੇ ਦੇ ਜਨਮ ਦਾ ਰਿਵਾਜ ਹੀ ਨਹੀਂ ਹੈ।

ਮੰਮੀ ਦਾ ਚਿਹਰਾ ਉਤਰ ਗਿਆ ਸੀ। ਮੇਰੀ ਨਾਨੀ ਦੀਆਂ ਚਾਰ ਧੀਆਂ ਸਨ। ਮਾਮਾ ਜੀ ਮੰਮੀ ਦੇ ਚਚੇਰੇ ਭਰਾ ਸੀ ਜਿਨ੍ਹਾਂ ਨੂੰ ਨਾਨਾ ਜੀ ਨੇ ਗੋਦ ਲਿਆ ਸੀ। ਨਾਨੀ ਨੇ ਉਮਰ ਭਰ ਆਪਣੇ ਸਹੁਰੇ ਘਰ ਵਿਚ ਧੀ ਨਾ ਹੋਣ ਦਾ ਕੌੜ ਝੱਲਿਆ ਸੀ। ਉਹ ਜ਼ਹਿਰ ਕਿੱਧਰੇ ਮੰਮੀ ਅੰਦਰ ਘਰ ਕਰ ਚੁੱਕਾ ਸੀ। ਉਹ ਇਕ ਧੀ ਸੀ ਅਤੇ ਉਸਦੀ ਹੋਂਦ ਉਮਰ ਭਰ ਨਕਾਰੀ ਗਈ ਸੀ। ਨਾਨੀ ਕਦੇ ਆਪਣੀਆਂ ਧੀਆਂ ਲਈ ਸਹਾਰਾ ਨਾ ਬਣ ਸਕੀ। ਵੱਡੀ ਮਾਸੀ ਦੀ ਪਹਿਲੀ ਸੰਤਾਨ ਵੀ ਕੁੜੀ ਸੀ। ਉਸਤੋਂ ਬਾਅਦ ਕਿਸੇ ਦੁਰਘਟਨਾ ਕਾਰਨ ਮਾਸੀ ਮਾਂ ਬਣਨ ਦੇ ਕਾਬਲ ਨਹੀਂ ਸੀ। ਛੋਟੀ ਮਾਸੀ ਦੀ ਵੀ ਇੱਕ ਤੋਂ ਬਾਅਦ ਇੱਕ ਤਿੰਨ ਕੁੜੀਆਂ ਸਨ। ਮਾਸੜ ਜੀ ਜਦੋਂ ਕਦੇ ਉਸਨੂੰ ਨਿਪੁਤੀ ਮਾਂ ਦੀ ਨਿਪੁਤੀ ਧੀ ਹੋਣ ਦਾ ਤਾਨ੍ਹਾ ਮਾਰ ਦਿੰਦੇ ਸਨ। ਮੰਮੀ ਨੂੰ ਸ਼ਾਇਦ ਅੰਦਰੋਂ ਇੱਕ ਡਰ ਲਗਦਾ ਹੋਵੇਗਾ ਕਿ ਇਹ ਤਾਂ ਇੱਕ ਖ਼ਬਰ ਬਣ ਜਾਵੇਗੀ ਕਿ ਇਸ ਘਰ ਦੀਆਂ ਕੁੜੀਆਂ ਸਿਰਫ ਕੁੜੀਆਂ ਹੀ ਜੰਮਦੀਆਂ ਹਨ। ਇਸ ਲਈ ਉਹਨਾਂ ਨੂੰ ਮੇਰੇ ਨਾਲ ਪਿਆਰ ਕਰਦਿਆਂ ਆਪਣੇ ਆਪ ਨੂੰ ਮਨਾਉਣਾ ਪੈਂਦਾ ਹੋਣਾ। ਮਾਮਾ ਜੀ ਦੇ ਦੋ ਮੁੰਡੇ ਸਨ ਇਸ ਲਈ ਵੀ ਮਾਮੀ ਜੀ ਦੀ ਘਰ ਵਿਚ ਬਹੁਤ ਚੱਲਦੀ ਸੀ। ਮਾਮੀ ਦੇ ਇਹ ਸ਼ਬਦ ਸੁਣ ਕੇ ਮੰਮੀ ਦੀਆਂ ਅੱਖਾਂ ਵਿਚ ਆਸੂ ਆ ਗਏ ਸਨ।

'ਸੰਤੋਸ਼ ਜੇ ਇਸੇ ਤਰ੍ਹਾਂ ਤੁਸੀਂ ਸਾਰੀਆਂ ਭੈਣਾਂ ਕੁੜੀਆਂ ਪੈਦਾ ਕਰਦੀਆਂ ਰਹੀਆਂ ਤਾਂ ਤੁਹਾਡਾ ਇਕਲੌਤਾ ਭਰਾ ਤਾਂ ਇਹਨਾਂ ਦੇ ਵਿਆਹ ਤੇ ਸੜਕ ਤੇ ਕਟੋਰਾ ਲੈ ਕੇ ਬੈਠ ਜਾਏਗਾ। ਸਾਡਾ ਵੱਸ ਨਹੀਂ ਹੈ ਇਹਨਾਂ ਦੇ ਵਿਆਹ ਵਿਚ ਛੱਕ ਲੈ ਕੇ ਆਉਂਣਾ।

ਚਾਰ ਸਾਲ ਦੀ ਉਮਰ ਤੋਂ ਬਾਅਦ ਮੈਂ ਸਕੂਲ ਜਾਣਾ ਸ਼ੁਰੂ ਕਰ ਦਿਤਾ ਅਤੇ ਐਲ. ਕੇ. ਜੀ ਕਰਨ ਤੋਂ ਬਾਅਦ ਯੂ ਕੇ ਜੀ ਵਿਚ ਜਦੋਂ ਪੇਪਰਾਂ ਦਾ ਨਤੀਜਾ ਘਰ ਲੈ ਕੇ ਆਈ ਤਾਂ ਮੈਨੂੰ ਨਿੰਮੋਂ ਭੂਆ ਨੇ ਇੱਕ ਕਹਾਣੀ ਸੁਣਾਉਂਦੇ ਹੋਏ ਕਿਹਾ 'ਮੰਮੀ ਮੇਰੇ ਲਈ ਇਕ ਬੇਬੀ ਲਿਆਉਣ ਵਾਲੀ ਹੈ।'

ਇਸ ਵਾਰ ਵੀ ਮੰਮੀ ਬਹੁਤ ਡਰੀ ਜਿਹੀ ਰਹਿੰਦੀ। ਸਾਰਾ ਦਿਨ ਪੂਜਾ ਪਾਠ ਕਰਦੀ। ਕੁਝ ਚੋਣਵੀਆਂ ਚੀਜਾਂ ਖਾਂਦੀ। ਮੈਨੂੰ ਅਕਸਰ ਕਹਿੰਦੀ 'ਜਾ ਸੁਰ ਭਗਵਾਨ ਜੀ ਨੂੰ ਕਹਿ ਕੇ ਆ ਕਿ ਤੈਨੂੰ ਇਕ ਭਰਾ ਚਾਹੀਦਾ ਹੈ।' ਜਦੋਂ ਮੈਂ ਜਿਦ ਕਰਦੀ ਕਿ ਨਹੀਂ ਮੈਂ ਤਾਂ ਗੁੜੀਆ ਨਾਲ ਖੇਡਣਾ ਹੈ ਦੀਦੀ ਚਾਹੀਦੀ ਹੈ ਤਾਂ ਮੈਨੂੰ ਬੜੀਆਂ ਝਿੜਕਾਂ ਪੈਂਦੀਆਂ ਕਿ ਭਗਵਾਨ ਬੱਚਿਆਂ ਦੀ ਸੁਣਦੇ ਹਨ ਇਸ ਲਈ ਸਿਰਫ ਭਰਾ ਹੀ ਕਹਿਣਾ। ਹੁਣ ਪਾਪਾ ਅਤੇ ਦਾਦੀ ਵੀ ਇਹੀ ਚਾਹੁੰਦੀ ਸੀ ਕਿ ਮੇਰਾ ਭਰਾ ਹੀ ਆਵੇ। ਮੇਰੇ ਪ੍ਰਤੀ ਉਹਨਾਂ ਦੇ ਪਿਆਰ ਕੋਈ ਕਮੀ ਨਹੀਂ ਸੀ। ਦਾਦੀ ਮੇਰੀ ਮਾਂ ਬਣ ਕੇ ਮੈਨੂੰ ਸਕੂਲ ਭੇਜਦੀ। ਮੇਰੇ ਕੱਪੜੇ ਬਦਲਦੀ। ਭੂਆ ਮੈਨੂੰ ਰੋਜ ਰਾਤ ਨੂੰ ਕਹਾਣੀਆਂ ਸੁਣਾਉਂਦੀ। ਅਸੀ ਮਿਲ ਕੇ ਖੇਡਦੇ ਸਾਂ। ਦਾਦਾ ਜੀ ਮੇਰੀ ਤਿੰਨ ਪਹੀਆਂ ਵਾਲੀ ਸਾਇਕਲ ਫੜ ਕੇ ਸੜਕ ਤੇ ਚਲਾਉਣਾ ਸਿਖਾਉਂਦੇ ਸਨ।

ਇੱਕ ਦਿਨ ਸਵੇਰੇ ਜਗਾਉਣ ਤੇ ਵੀ ਭੂਆ ਨੇ ਮੈਨੂੰ ਸਕੂਲ ਨਹੀਂ ਭੇਜਿਆ ਕਿ ਘਰ ਵਿਚ ਅੱਜ ਛੋਟਾ ਕਾਕਾ ਆਇਆ ਹੈ। ਹੁਣ ਦੇਖੀਂ ਤੇਰੇ ਸਾਰੇ ਖਿਡਾਉਣੇ ਲੈ ਲਏਗਾ। ਹੁਣ ਤਾਂ ਮੈਂ ਉਸਦੀ ਭੂਆ ਬਣਾਂਗੀ। ਮੈਨੂੰ ਲੱਗਿਆ ਇਸ ਘਰ ਵਿਚ ਇਕ ਵੈਰੀ ਆ ਗਿਆ ਹੈ। ਮੈਂ ਜੋਰ ਨਾਲ ਰੋਣਾ ਸ਼ੁਰੂ ਕਰ ਦਿਤਾ। ਸਾਰੇ ਲੋਕ ਆ ਜਾ ਰਹੇ ਸਨ। ਸਾਰਿਆਂ ਕੋਲ ਮਹਿੰਗੇ ਤੋਹਫੇ ਸਨ। ਦਾਦੀ ਅਤੇ ਪਾਪਾ ਨੂੰ ਇੰਨਾ ਖੁਸ਼ ਕਦੇ ਨਹੀਂ ਸੀ ਵੇਖਿਆ। ਪਾਪਾ ਅਤੇ ਦਾਦਾ ਪੂਰੇ ਹਸਪਤਾਲ ਵਿਚ ਲੱਡੂ ਵੰਡ ਰਹੇ ਸਨ। ਸਾਰੇ ਖੁਸ਼ ਸਨ। ਇੱਕਲੀ ਤਾਂ ਸਿਰਫ ਮੈਂ ਸਾਂ।

ਘਰ ਆ ਕੇ ਵੀ ਮੈਂ ਹੀ ਇੱਕਲੀ ਸਾਂ। ਨਿੰਮੋਂ ਭੂਆ ਹੀ ਖਾਣਾ ਖਵਾਉਂਦੀ ਕੱਪੜੇ ਬਦਲਦੀ ਸੀ। ਦਾਦੂ ਵੀ ਗੱਲਾਂ ਕਰਦੇ ਸਨ ਪਰ ਹੁਣ ਕੇਂਦਰ ਬਿੰਦੂ ਸਿਰਫ ਕਾਕਾ ਸੀ। ਦਸ ਦਿਨ ਤੱਕ ਕਿਸੇ ਨੂੰ ਸੁਰ ਦਾ ਹੋਣਾ ਯਾਦ ਨਹੀਂ ਸੀ। ਪਾਪਾ ਵੀ ਭੁੱਲ ਗਏ ਸਨ ਕਿ ਕੰਮ ਤੋਂ ਆ ਕੇ ਪਹਿਲਾਂ ਸੁਰ ਨੂੰ ਮਿਲਣਾ ਹੁੰਦਾ ਸੀ। ਹੁਣ ਪਾਪਾ ਸਿੱਧਾ ਮੰਮੀ ਕੋਲ ਜਾਂਦੇ ਅਤੇ ਕਾਕੇ ਨੂੰ ਗੋਦ ਵਿਚ ਲੈ ਕੇ ਪਿਆਰ ਕਰਦੇ। ਦਾਦੀ ਦਾ ਸਾਰਾ ਵਕਤ ਰਸੋਈ ਵਿਚ ਮੰਮੀ ਲਈ ਕੁਝ ਬਣਾਉਣ ਵਿਚ ਕਾਕੇ ਦੇ ਕਪੜੇ ਬਦਲਣ ਵਿਚ ਮਾਲਿਸ਼ ਕਰਨ ਆਉਣ ਜਾਣ ਵਾਲਿਆਂ ਨੂੰ ਕਾਕੇ ਦੇ ਬਾਰੇ ਦੱਸਣ ਵਿਚ ਨਿਕਲ ਜਾਂਦਾ। ਸਾਰੇ ਵਿਅਸਤ ਸਨ। ਕਿਸੇ ਨੂੰ ਵਕਤ ਨਹੀਂ ਮਿਲਦਾ ਸੀ। ਨਿੰਮੋਂ ਭੂਆ ਗੱਲ ਗੱਲ ਵਿਚ ਕਾਕੇ ਨੂੰ ਪਿਆਰ ਕਰਾਂਗੀ ਰੁੱਕ ਨਾ ਕਾਕੇ ਲਈ ਸਵੈਟਰ ਬੁਣ ਰਹੀ ਹਾਂ ਕਹਿ ਕੇ ਮਾਯੂਸ ਕਰ ਦਿੰਦੀ ਸੀ। ਰੋਜਾਨਾ ਕਹਾਣੀ ਸੁਣਾਉਣ ਦਾ ਕੰਮ ਖ਼ਤਮ ਹੋ ਗਿਆ ਸੀ। ਦਾਦਾ ਹੁਣ ਉਸਨੂੰ ਘੁਮਾਉਣ ਨਹੀਂ ਲਿਜਾਂਦੇ ਸਨ। ਆਪ ਵੀ ਜਲਦੀ ਵਾਪਸ ਆ ਜਾਂਦੇ ਅਤੇ ਕਾਕੇ ਨੂੰ ਸਾਹਮਣੇ ਲਿਟਾ ਕੇ ਗੱਲਾਂ

ਕਰਦੇ।

ਕਾਕੇ ਦਾ ਨਾਮਕਰਨ ਹੋਣਾ ਸੀ। ਤਿੰਨ ਮਹੀਨੇ ਦਾ ਕਾਕਾ ਗੋਲੂ ਮੋਲੂ ਹੋ ਰਿਹਾ ਸੀ। ਹਵਨ ਨਾਲ ਮੇਰੀਆਂ ਅੱਖਾਂ ਮੱਚ ਰਹੀਆਂ ਸਨ। ਨਾਨੀ ਮਾਮੀ ਇੰਨਾ ਸਮਾਨ ਲੈ ਕੇ ਆਏ ਸਨ। ਨਾਨਾ ਜੀ ਬਹੁਤ ਖੁਸ਼ ਸਨ। ਤਾਈ ਮਾਸੀ ਪਾਪਾ ਦੇ ਸਾਰੇ ਦੋਸਤ ਕਿੰਨੇ ਤੋਹਫੇ ਲੈ ਕੇ ਆਏ ਸਨ। ਤੋਹਫੇ ਵਿਚ ਆਏ ਖਿਡਾਉਣਿਆਂ ਵਿਚੋਂ ਜਦੋਂ ਮੈਂ ਕਾਰ ਕੱਢਣੀ ਚਾਹੀ ਤਾਂ ਨਾਨੀ ਨੇ ਅੱਖਾਂ ਘੁੰਮਾ ਕੇ ਮਨ੍ਹਾ ਕਰ ਦਿਤਾ ਕਿ ਇਹ ਕਾਕੇ ਦੇ ਹਨ ਜਾਓ ਆਪਣੀ ਗੁੜੀਆ ਨਾਲ ਖੇਲੋ। ਜੋਰ ਨਾਲ ਰੋ ਕੇ ਜਦੋਂ ਮੈਂ ਵਿਰੋਧ ਜਤਾਇਆ ਤਾਂ ਪਾਪਾ ਨੇ ਜੋਰ ਦੀ ਆਵਾਜ਼ ਵਿਚ ਚੁੱਪ ਰਹਿਣ ਨੂੰ ਕਿਹਾ। ਇਹ ਉਹੀ ਪਾਪਾ ਸਨ ਮੈਂ ਜੋ ਕਹਿੰਦੀ ਸਾਂ ਮੰਨ ਜਾਂਦੇ ਸਨ ਅੱਜ ਕਾਕੇ ਨੂੰ ਗੋਦ ਵਿਚ ਲੈ ਕੇ ਆਪਣੀ ਸੁਰ ਨੂੰ ਭੁੱਲ ਗਏ ਸਨ।

ਮੈਂ ਆਪਣੇ ਅੱਥਰੂ ਪੂੰਝ ਕੇ ਆਪਣੀ ਗੁੜੀਆ ਨੂੰ ਗੋਦ ਵਿਚ ਲੈ ਕੇ ਛੱਤ ਦੀਆਂ ਪੌੜੀਆਂ ਚੜ੍ਹ ਗਈ। ਇਕ ਇਕ ਪੌੜੀ ਚੜ੍ਹਨਾ ਬਹੁਤ ਮੁਸ਼ਕਿਲ ਲੱਗ ਰਿਹਾ ਸੀ। ਮੈਨੂੰ ਇੰਝ ਲੱਗ ਰਿਹਾ ਸੀ ਕਿ ਜਿਵੇਂ ਪੌੜੀਆਂ ਅੱਜ ਬਹੁਤ ਲੰਬੀਆਂ ਹੋ ਗਈਆਂ ਹੋਣ ਖ਼ਤਮ ਹੀ ਨਹੀਂ ਹੋ ਰਹੀਆਂ ਸਨ। ਛੱਤ ਉਪਰ ਤਾਈ ਜੀ ਦੀਆਂ ਦੋਨੋ ਕੁੜੀਆਂ ਖੇਡ ਰਹੀਆਂ ਸਨ।

'ਉਹ- ਹੋ ਆ ਗਈ ਰੇਸ਼ਮੀ ਗੁੜੀਆ? ਚਾਚੂ ਨੇ ਗੁੱਸਾ ਕੀਤਾ ਨਾ ਹੁਣ ਕਾਕਾ ਆ ਗਿਆ ਹੁਣ ਤੈਨੂੰ ਕੋਈ ਪਿਆਰ ਨਹੀਂ ਕਰੇਗਾ।' ਛੋਟੀ ਦੀਦੀ ਨੇ ਮੈਨੂੰ ਧੱਕਾ ਦਿਤਾ ਅਤੇ ਮੈਂ ਖ਼ਾਮੋਸ਼ੀ ਨਾਲ ਭਰੇ ਗਲੇ ਨਾਲ ਉੱਥੇ ਹੀ ਬੈਠ ਗਈ ਤੇ ਕਦੋਂ ਸੌਂ ਗਈ ਪਤਾ ਹੀ ਨਹੀਂ ਚਲਿਆ।

ਹੌਲੀ ਹੌਲੀ ਆਸ ਪਾਸ ਸਾਰਾ ਕੁਝ ਬਦਲ ਰਿਹਾ ਸੀ। ਦਾਦੀ ਨੂੰ ਹੁਣ ਕਾਕੇ ਦੀ ਮਾਲਿਸ਼ ਤੋਂ ਘੁੱਟੀ ਬਣਾਉਣ ਨਜ਼ਰਾਂ ਉਤਾਰਨ ਤੋਂ ਵਿਹਲ ਨਹੀਂ ਮਿਲਦੀ ਸੀ। ਮੰਮੀ ਵੀ ਹੁਣ ਸਾਰਾ ਦਿਨ ਕਾਕੇ ਨੂੰ ਗੋਦ ਵਿਚ ਲੈ ਕੇ ਘੁੰਮਦੀ ਸੀ। ਪਾਪਾ ਕਾਕੇ ਲਈ ਮਹਿੰਗਾ-ਮਹਿੰਗਾ ਸਮਾਨ ਲਿਆਉਂਦੇ ਸਨ। ਮੇਰੇ ਲਈ ਖਿਡਾਉਣੇ ਲਿਆਉਣਾ ਤਾਂ ਭੁੱਲ ਗਏ ਸਨ। ਨਿੰਮੋਂ ਭੂਆ ਦਾ ਦਿਨ ਰਸੋਈ ਵਿਚ ਲੰਘਦਾ। ਭੂਆ ਰਾਤ ਨੂੰ ਵੀ 'ਤੰਗ ਨਾ ਕਰ ਸੁਰ ਮੈਨੂੰ ਨੀਂਦ ਆ ਰਹੀ ਹੈ ਸੌਂ ਜਾ ਤੂੰ ਵੀ' ਕਹਿ ਕੇ ਸੌਂ ਜਾਂਦੀ ਸੀ। ਸਾਰੇ ਬਦਲ ਰਹੇ ਸਨ। ਅਕਸਰ ਮੈਨੂੰ ਕਿਹਾ ਜਾਂਦਾ ਸੀ ਕਿ ਇਹ ਕਾਕਾ ਤੇਰਾ ਭਰਾ ਹੈ ਜੋ ਵੱਡਾ ਹੋ ਕੇ ਤੇਰੀ ਰੱਖਿਆ ਕਰੇਗਾ। ਜੋ ਕੁਝ ਕੋਈ ਮੈਨੂੰ ਕਹੇਗਾ ਤਾਂ ਮੇਰੇ ਲਈ ਲੜਾਈ ਕਰੇਗਾ। ਪਰ ਮੈਨੂੰ ਲਗਦਾ ਸੀ ਕਿ ਅਜੇ ਤਾਂ ਇਸ ਦੇ ਆਉਣ ਨਾਲ ਮੈਂ ਹੀ ਸਭ ਨਾਲ ਲੜਨਾ ਹੈ। ਸਾਰਿਆਂ ਨਾਲ ਗੱਲ ਕਰਦਿਆਂ ਪਾਪਾ ਦਾ ਕਹਿਣਾ ਕਿ ਕੁਲਦੀਪਕ ਆ ਗਿਆ ਖ਼ਾਨਦਾਨ ਦਾ ਨਾਂ ਰੋਸ਼ਨ ਕਰੇਗਾ। ਮੇਰੇ ਇੰਨੇ ਵੱਡੇ ਬਿਜਨਸ ਨੂੰ ਸੰਭਾਲਣ ਲਈ ਇੱਕ ਬੇਟਾ ਵੀ ਤਾਂ ਚਾਹੀਦਾ ਸੀ ਮੈਨੂੰ ਵਾਰ ਵਾਰ ਯਾਦ ਆਉਂਦਾ ਸੀ।

ਕਾਕਾ ਜਿੰਨਾ ਵੱਡਾ ਹੋ ਰਿਹਾ ਸੀ ਉਨੀ ਹੀ ਮੈਂ ਛੋਟੀ ਹੋ ਰਹੀ ਸਾਂ। ਹੁਣ ਮੇਰੀ ਸਿਰਫ ਜਰੂਰਤ ਪੂਰੀ ਕੀਤੀ ਜਾਂਦੀ ਸੀ। ਕਾਕੇ ਦੀ ਜਰੂਰਤ ਤੋਂ ਬਾਅਦ ਜਿਦ ਵੀ ਪੂਰੀ ਹੁੰਦੀ ਸੀ। ਮੰਮੀ ਨਾਨੀ ਦੇ ਘਰ ਜਾਂਦੀ ਤਾਂ ਅਕਸਰ ਕਾਕੇ ਨਾਲ ਜਾਂਦੀ। ਮੈਂ ਨਿੰਮੋਂ ਭੂਆ ਨਾਲ ਰਹਿ ਜਾਂਦੀ। ਦਾਦੀ ਵੀ ਕਹਿੰਦੀ ਕਿ ਕਾਕੇ ਦਾ ਧਿਆਨ ਰੱਖਣਾ। ਨਾਨੀ ਵੀ ਕਾਕੇ ਨਾਲ ਖੁਸ਼ ਰਹਿੰਦੀ ਪਰ ਮੈਨੂੰ ਦੇਖ ਕੇ ਅਕਸਰ ਕਹਿ ਦਿੰਦੀ ਕਿ ਕਾਕੇ ਤੋਂ ਬਾਅਦ ਜਨਮ ਲੈਂਦੀ ਤਾਂ ਚੰਗਾ ਸੀ। ਹੁਣ ਕਾਕੇ ਦਾ ਪਹਿਲੇ ਜਾਂ ਬਾਅਦ ਵਿਚ ਦੁਨੀਆਂ ਵਿਚ ਆਉਣਾ ਕੁਝ ਵੱਖਰਾ ਸੰਸਾਰ ਰਚਦਾ। ਮੈਂ ਉਹ ਰਾਣੀ ਹੋ ਗਈ ਸਾਂ ਦੇਸ਼ ਤੇ ਰਾਜ ਕਰਨ ਤੋਂ ਬਾਅਦ ਦੇਸ਼ ਨਿਕਾਲਾ ਭੋਗ ਰਹੀ ਸਾਂ। ਪਾਪਾ ਕੋਲ ਮੇਰੇ ਸਕੂਲ ਵਿਚ ਕਿਸੇ ਮੀਟਿੰਗ ਵਿਚ ਆਉਣ ਦਾ ਸਮਾਂ ਨਹੀਂ ਸੀ। ਅਕਸਰ ਨਿੰਮੋਂ ਭੂਆ ਹੀ ਪੀ ਟੀ ਐਮ ਵਿਚ ਆਉਂਦੀ ਸੀ। ਵਖ਼ਤ ਜਿਉਂ ਜਿਉਂ ਗੁਜਰ ਰਿਹਾ ਸੀ ਕਾਕਾ ਆਪਣੇ ਨਾਂ ਦੇ ਉਲਟ ਤੇਜ਼ੀ ਨਾਲ ਵੱਧ ਰਿਹਾ ਸੀ। ਉਸ ਦੀ ਹਰ ਜਿਦ ਪੂਰੀ ਹੁੰਦੀ ਸੀ ਇਸ ਲਈ ਉਸ ਦਾ ਸੁਭਾਅ ਵੀ ਝਗੜਾਲੂ ਹੋ ਗਿਆ ਸੀ।

ਛੋਟੀ ਉਮਰ ਵਿਚ ਮੇਰੀ ਅਕਸਰ ਕਿਸੇ ਗੱਲੋਂ ਕਾਕੇ ਨਾਲ ਲੜਾਈ ਹੋ ਜਾਂਦੀ ਤਾਂ ਵੀ ਗਲਤੀ ਨਾ ਹੋਣ ਦੇ ਬਾਵਜੂਦ ਸਾਰੇ ਮੈਨੂੰ ਹੀ ਸਮਝਾਉਂਦੇ ਕਿ ਭਰਾ ਹੈ ਨਾ ਤੂੰ ਤਾਂ ਵੱਡੀ ਭੈਣ ਏਂ ਨਾ ਚਲੋ ਮੰਨੋ ਉਹਦੀ ਗੱਲ ਉਸਦਾ ਕਹਿਣਾ ਮੰਨੋ। ਦੂਜੇ ਦਰਜੇ ਦੇ ਨਾਗਰਿਕ ਜਿਹਾ ਦਰਜਾ ਮਿਲਿਆ ਸੀ ਮੈਨੂੰ। ਸਕੂਲ ਦੀ ਪੜ੍ਹਾਈ ਖ਼ਤਮ ਹੁੰਦੇ ਹੁੰਦੇ ਕਾਕੇ ਨੂੰ ਕਾਰ ਲੈ ਦਿਤੀ ਗਈ ਸੀ ਜਦੋਂ ਕਿ ਮੈਂ ਐਮ. ਏ ਦੀ ਵਿਦਿਆਰਥਣ ਸਾਂ। ਮੈਨੂੰ ਪਾਪਾ ਦੀ ਪੁਰਾਣੀ ਐਕਟਿਵਾ ਤੇ ਕਾਲਜ ਜਾਣਾ ਪੈਂਦਾ ਸੀ। ਮੈਂ ਕਾਕੇ ਦੀ ਜਵਾਬ ਦੇਹ ਹੁੰਦੀ ਸਾਂ ਕਿ ਮੈਂ ਇੰਨੀ ਦੇਰ ਨਾਲ ਘਰ ਕਿਉਂ ਆਈ? ਮੈਂ ਕਿਸ ਨਾਲ ਗੱਲ ਕਰ ਰਹੀ ਸਾਂ? ਕਿਹਦਾ ਫੋਨ ਆਇਆ ਸੀ? ਮੈਂ ਹੈਰਾਨ ਸਾਂ। ਇਹਨਾਂ ਸਵਾਲਾਂ ਦੀ ਜਵਾਬਦੇਹੀ ਵੇਲੇ ਸਾਰੇ ਚੁੱਪ ਚਾਪ ਕਾਕੇ ਦਾ ਸਮਰਥਨ ਕਰਦੇ। ਮੈਨੂੰ ਯਾਦ ਆਉਂਦਾ ਕਿ ਕਾਕਾ ਵੱਡਾ ਹੋ ਕੇ ਮੇਰੀ ਰੱਖਿਆ ਕਰੇਗਾ ਪਰ ਇੱਥੇ ਤਾਂ ਕਾਕਾ ਮੈਨੂੰ ਅਸੁੱਰਖਿਅਤ ਮਹਿਸੂਸ ਕਰਵਾਉਂਦਾ ਸੀ। ਮੈਨੂੰ ਮੇਰੀ ਹੋਂਦ ਤੇ ਹੀ ਪ੍ਰਸ਼ਨ ਚਿੰਨ ਲਾਉਣਾ ਪੈਂਦਾ। ਮੰਮੀ ਅਕਸਰ ਕਾਕੇ ਨੂੰ ਸਭ ਤੋਂ ਚੋਰੀ ਪੈਸੇ ਦਿੰਦੀ। ਦਾਦਾ ਬਿਮਾਰ ਹੋ ਗਏ ਸਨ ਤਾਂ ਉਹਨਾਂ ਦੀ ਦਵਾਈ ਦਾ ਧਿਆਨ ਰਖਣਾ ਮੇਰਾ ਕੰਮ ਸੀ ਪਰ ਉਸ ਦਾ ਇਨਾਮ ਪਾਉਣ ਦਾ ਹੱਕ ਕਾਕੇ ਨੂੰ ਸੀ। ਕਿਹਾ ਜਾਂਦਾ ਸੀ ਕਿ ਵੱਡੀ ਏਂ ਨਾ ਤੂੰ ਕਾਕਾ ਤਾਂ ਮੁੰਡਾ ਹੈ ਇਸ ਖ਼ਾਨਦਾਨ ਦਾ ਰੌਸ਼ਨ ਚਿਰਾਗ।

ਕਾਕੇ ਦੀਆਂ ਬਹੁਤ ਸਾਰੀਆਂ ਔਰਤਾਂ ਦੋਸਤ ਸਨ। ਉਹ ਉਹਨਾਂ ਨਾਲ ਕਿਸੇ ਹੋਟਲ ਵਿਚ ਜਾਣ ਤੇ ਵੀ ਮਨਾਹੀ ਨਹੀਂ ਸੀ ਪਰ ਮੇਰੇ ਕੋਲ ਕੋਈ ਮੁੰਡਾ ਕਿਤਾਬ ਲੈਣ ਵੀ ਆ ਜਾਂਦਾ ਤਾਂ ਘਰ ਦਾ ਕੋਈ ਮੈਂਬਰ ਉਸ ਕਮਰੇ ਵਿਚ ਆ ਕੇ ਬੈਠ ਜਾਂਦਾ। ਚਾਹ-ਪਾਣੀ ਪੁੱਛਣਾ ਤਾਂ ਦੂਰ ਦੀ ਗੱਲ ਸੀ। ਕਿਸੇ ਕੁੜੀ ਦਾ

## ਹਿੰਦੀ ਕਵਿਤਾਵਾਂ / ਡਾ. ਪ੍ਰੇਰਣਾ ਉਬਾਲੇ

### ਜਿਉਣਾ ਮੈਨੂੰ ਸਿਖਾਇਆ

ਜਿਉਣਾ ਮੈਨੂੰ ਸਿਖਾਇਆ
ਮੇਰੀ ਜਿੱਤ ਨੇ ਨਹੀਂ
ਜੀਣਾ ਮੈਨੂੰ ਸਿਖਾਇਆ
ਹਰ ਪਲ ਦੀ ਉਸ ਠੋਕਰ ਨੇ
ਜਿਸ ਨਾਲ ਹਰ ਰੋਜ਼
ਲੱਗਦੀ ਰਹੀ ਠੇਸ ਮੈਨੂੰ
ਇੱਕ ਤੋਂ ਬਾਅਦ ਇੱਕ

ਭੌਤਕਿਤਾ ਦਾ ਸੁੱਖ
ਹੋਣਾ ਜਾਂ ਨਾ ਹੋਣਾ
ਦੁੱਖ ਦੀ ਗੱਲ ਨਹੀਂ
ਆਪਣਿਆਂ ਦਾ ਗੈਰ ਹੋ ਜਾਣਾ
ਜਿਉਣ ਨੂੰ ਸੱਚ ਬਣਾਉਂਦਾ ਹੈ

ਈਮਾਨ ਨੂੰ ਬੇਈਮਾਨ
ਬਣਦੇ ਦੇਖ
ਮਨ ਦੀ ਕੰਬਣੀ ਖਿੜਦੀ
ਫਿਰ ਤੁਸੀਂ ਸੱਚੇ ਰੂਪ
ਵਿੱਚ ਜਿਉਣ ਲੱਗਦੇ
ਬੁੱਧੀ ਨਾਲ ਨਹੀਂ
ਭਾਵਨਾ ਨਾਲ
ਵਿਵੇਕ ਨਾਲ ਨਹੀਂ
ਸੰਵੇਦਨਾਵਾਂ ਨਾਲ

ਬੇਈਮਾਨੀ ਦੀ
ਦੁਨੀਆਂ ਵਿੱਚ



ਹਰ ਰੋਜ਼ ਇੱਕ ਹਾਰ
ਪਚਾਉਂਦੀ ਗਈ
ਅਨੁਭਵ ਨੂੰ ਲੈ ਕੇ ਨਹੀਂ
ਅਨੁਭੂਤੀਆਂ ਨਾਲ ਜਿਉਂਦੀ ਗਈ
ਜਿਉਣਾ ਮੈਨੂੰ ਸਿਖਾਇਆ
ਮੇਰੀ ਜਿੱਤ ਨੇ ਨਹੀਂ
ਮੇਰੀ ਹਾਰ ਨੇ ਸਾਥੀ ਬਣ ਕੇ।

### ਚਾਹ ਨਾ ਹੁੰਦੀ ਪੂਰੀ

ਜਦੋਂ ਵੀ ਮਿਲਦੀ ਹੈ ਮਾਂ ਮੈਨੂੰ
ਦੇਖ ਕੇ ਮੁਸਕਰਾਉਂਦੀ ਹੈ
ਪਿਆਰ ਨਾਲ
ਕੋਲ ਬੁਲਾਉਂਦੀ ਤੇ ਕਹਿੰਦੀ
ਕਿਵੇਂ ਹੈਂ ਮੇਰੀ ਬੱਚੀ ?
ਪਰ ਮੈਂ ਕੁਝ ਕਹਿ ਨਾ ਸਕਦੀ
ਬੱਸ ਜੀ ਭਰ ਕੇ
ਉਸਨੂੰ ਦੇਖਦੀ ਹੀ ਰਹਿ ਜਾਂਦੀ
ਹੰਝੂਆਂ ਦੀ ਬਰਸਾਤ
ਵਿੱਚ ਅਸੀਂ ਦੋਵੇਂ ਭਿੱਜ ਜਾਂਦੀਆਂ
ਝੁਕਦੀ ਜਦੋਂ ਮੈਂ ਪੈਰਾਂ ਵਿੱਚ ਉਸਦੇ
ਉਹ ਸਹਿਲਾਉਂਦੀ
ਮੇਰੇ ਸਿਰ ਨੂੰ ਚੁੰਮਦੀ ਮੱਥੇ ਨੂੰ
ਤੇ ਲੈ ਲੈਂਦੀ ਮੈਨੂੰ
ਆਪਣੀ ਗੋਦ ਵਿੱਚ
ਪਾ ਕੇ ਆਂਚਲ ਦੀ ਮਮਤਾ
ਲੱਗਦਾ ਮੈਨੂੰ
ਬਿਤਾ ਦਿਆਂ
ਇਹ ਜੀਵਨ ਸਾਰਾ ਇਥੇ ਹੀ
ਸਰਵੋਤਮ ਸੁੱਖ ਜੋ
ਇਸ ਜਗਤ ਦਾ

ਬੰਦ ਕਰ ਲੈਂਦੀ ਅੱਖਾਂ
ਅਨੁਭਵ ਕਰਨ ਲਈ ਸਨੇਹ ਦਾ
ਅਹਿਸਾਸ ਪਰ ਦੂਜੇ ਹੀ ਪਲ
ਡਰ ਸਮਾ ਜਾਂਦਾ ਸੀਨੇ ਵਿੱਚ
ਡਰ ਲੱਗਦਾ
ਦੂਰ ਜਾਣ ਤੋਂ ਉਸਦੇ
ਆਪਣਾ ਹੱਥ
ਉਸਦੇ ਹੱਥਾਂ ਵਿੱਚ ਜਕੜੀ
ਚਾਹਾਂ ਮੈਂ ਕਦੇ
ਨਾ ਵਿਛੜਾਂ ਉਸਤੋਂ
ਪਰ ਚਾਹ ਮੇਰੀ ਪੂਰੀ ਨਾ ਹੁੰਦੀ
ਸਾਹ ਰੁਕ ਜਾਂਦੇ
ਅੱਖਾਂ ਖੁਲ੍ਹਦੀਆਂ
ਹਮੇਸ਼ਾ ਵਾਂਗ ਸੁਪਨਾ
ਜੋ ਪਲ ਭਰ ਦਾ
ਹਰ ਵਾਰੀ ਹੀ ਟੁੱਟ ਜਾਂਦਾ।

**ਅਨੁਵਾਦ : ਅਮਰਜੀਤ ਕੌਂਕੇ**

ਫੋਨ ਆਉਣ ਤੇ ਦਾਦੀ 'ਮੇਰਾ ਕ੍ਰਿਸ਼ਨ ਘਨਈਆ' ਕਹਿ ਕੇ ਹੱਸਿਆ ਕਰਦੀ ਸੀ। ਪਰ ਮੇਰੇ ਫੋਨ ਤੇ ਕਿਸੇ ਆਦਮੀ ਅਧਿਆਪਕ ਦਾ ਫੋਨ ਆਉਣ ਤੇ ਵੀ ਪੂਰੀ ਖੋਜ ਕੀਤੀ ਜਾਂਦੀ ਸੀ। ਮੈਨੂੰ ਆਪਣੀ ਹੋਂਦ ਨਾਲ ਨਫ਼ਰਤ ਹੋਣ ਲੱਗੀ ਸੀ। ਮੈਂ ਇਸ ਤਰ੍ਹਾਂ ਨਹੀਂ ਜਿਉਣਾ ਹੈ। ਮੈਨੂੰ ਆਪਣੇ ਆਪ ਨੂੰ ਦਿਆ ਦਾ ਪਾਤਰ ਨਹੀਂ ਸਮਝਣਾ। ਪਰ ਹੁਣ ਮੈਨੂੰ ਇਹਨਾਂ ਆਦਮੀਆਂ ਨਾਲ ਨਫ਼ਰਤ ਹੋਣ ਲੱਗੀ ਸੀ। ਮੈਨੂੰ ਇਹ ਸੰਤਾਨ ਪੈਦਾ ਕਰਨ ਤੋਂ ਹੀ ਚਿੜ ਹੋਣ ਲੱਗੀ ਸੀ। ਕਿਸੇ ਵੀ ਗਰਭਵਤੀ ਨੂੰ ਦੇਖਦੀ ਤਾਂ ਉਸ ਬੱਚੇ ਪ੍ਰਤੀ ਹਮਦਰਦੀ ਹੁੰਦੀ ਕਿ ਜੇ ਤੂੰ ਵੀ ਕੁੜੀ ਹੋਈ ਤਾਂ–।

ਅੱਜਕਲ ਮਾਂ ਮੇਰੇ ਲਈ ਮੁੰਡਾ ਲੱਭ ਰਹੀ ਹੈ। ਘਰ ਵਿਚ ਇਕ ਮੁੰਡੇ ਦੇ ਪੈਦਾ ਹੋਣ ਨੇ ਮੇਰੇ ਵਜੂਦ ਦੀ ਉਚਿਤਤਾ ਨੂੰ ਝੰਜੋੜ ਦਿਤਾ ਹੈ। ਹੁਣ ਮੇਰੀ ਜ਼ਿੰਦਗੀ ਵਿਚ ਇਕ ਹੋਰ ਮੁੰਡਾ ਨਹੀਂ ਜੋ ਮੇਰੇ ਉਪਰ ਹਕੂਮਤ ਕਰੇ। ਜੋ ਮੇਰੀ ਹੋਂਦ ਨੂੰ ਸਵੀਕਾਰ ਨਾ ਕਰੇ। ਮੈਂ ਨਹੀਂ ਕਰਨਾ ਵਿਆਹ ਹੁਣ ਮੈਂ ਆਪਣੇ ਮਨ ਦੇ ਕੋਨੇ ਵਿਚ ਕਿਸੇ ਹੋਰ ਨੂੰ ਝਾਕਣ ਤੱਕ ਨਹੀਂ ਦੇਆਂਗੀ। ਵਿਆਹ ਅਤੇ ਸੰਤਾਨ ਤੋਂ ਬਿਨਾਂ ਵੀ ਇੱਕ ਔਰਤ ਦੀ ਹੋਂਦ ਹੁੰਦੀ ਹੈ। ਮੈਂ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਹੈ ਇਹ ਜ਼ਿੰਦਗੀ ਮੇਰੀ ਹੈ ਅਤੇ ਮੈਂ––ਬਸ ਆਪਣੇ ਨਾਲ ਜੀਵਾਂਗੀ–––ਹਮੇਸ਼ਾਂ ਹਮੇਸ਼ਾਂ ਲਈ।

**95010-00224**

# ਨਾਵਲ 'ਗੋਰੀ ਹਿਰਨੀ' ਦਾ ਸਭਿਆਚਾਰਕ ਦ੍ਰਿਸ਼ਟੀ ਤੋਂ ਅਧਿਐਨ / ਗੁਰਜੀਤ ਸਿੰਘ

ਗੁਲਜ਼ਾਰ ਸਿੰਘ ਸੰਧੂ ਪੰਜਾਬੀ ਸਾਹਿਤ ਖੇਤਰ ਵਿਚ ਇਕ ਕਹਾਣੀਕਾਰ, ਨਾਵਲਕਾਰ, ਵਾਰਤਕਕਾਰ, ਅਨੁਵਾਦਕ ਅਤੇ ਸੰਪਾਦਕ ਵਜੋਂ ਆਪਣਾ ਸਥਾਨ ਸਥਾਪਿਤ ਕਰ ਚੁੱਕਾ ਹੈ। ਸੰਧੂ ਦੀ ਬਹੁਤੀ ਗਲਪ ਰਚਨਾ 1947 ਦੀ ਵੰਡ ਤੇ 1965 ਦੀ ਭਾਰਤ-ਪਾਕਿ ਜੰਗ ਨਾਲ ਸੰਬੰਧਿਤ ਹੈ। ਜਿਹਨਾਂ ਵਿਚ ਸੰਧੂ ਨੇ ਜੰਗ ਦੇ ਭਿਆਨਕ ਮਾਹੌਲ, ਮਾਨਵੀ ਘਾਣ ਤੇ ਜੰਗ ਦੇ ਦੂਰਗਾਮੀ ਸਿੱਟਿਆਂ ਨੂੰ ਪੇਸ਼ ਕਰਦੇ ਹੋਏ ਜੰਗ ਨੂੰ ਇਕ ਮਾਨਵ ਵਿਰੋਧੀ ਵਰਤਾਰੇ ਵੱਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੋਨੇ ਦੀ ਇੱਟ, ਨੈਪੋਲੀਅਨ, ਸਾਂਝੀ ਮਾਂ, ਸੁਤੰਤਰ ਕੈਦੀ, ਆਪਣੀ ਗੱਲ, ਰੁਦਨ ਬਿੱਲੀਆਂ ਦਾ, ਅਤੇ ਮੁਰਗੇ ਦਾ ਪੰਜਾ ,ਇਸੇ ਪ੍ਰਕਾਰ ਦੇ ਸਰੋਕਾਰਾਂ ਨਾਲ ਸੰਬੰਧਿਤ ਰਚਨਾਵਾਂ ਹਨ। ਸੰਧੂ ਦੇ ਨਾਵਲ 'ਗੋਰੀ ਹਿਰਨੀ' ਦਾ ਮੂਲ ਸਰੋਕਾਰ ਹਿਟਲਰ ਦੁਆਰਾ ਕੀਤਾ ਮਾਨਵੀ ਤਸ਼ੱਦਦ ਹੈ। ਹਿਟਲਰ ਦੀਆਂ ਗ਼ਲਤ ਨੀਤੀਆਂ ਕਾਰਨ ਜਰਮਨ ਵਾਸੀ ਗ਼ੈਰ-ਆਰੀਅਨਾਂ ਦੀ ਕਤਲੋਗਾਰਤ, ਤਬਾਹੀ ਤੇ ਉਸਦੀ ਮੌਤ ਉਪਰੰਤ, ਉਸਦੇ ਪ੍ਰਸ਼ੰਸਕ ਆਰੀਅਨਾਂ ਤੇ ਉਹਨਾਂ ਦੇ ਬੱਚਿਆਂ ਨੂੰ ਜੋ-ਜੋ ਸੰਤਾਪ ਭੋਗਣੇ ਪਏ, ਦੀ ਪੇਸ਼ਕਾਰੀ ਕਰਨਾ ਮੁੱਖ ਮਸਲਾ ਹੈ।

'ਗੋਰੀ ਹਿਰਨੀ' ਨਾਵਲ ਦਾ ਘਟਨਾ-ਸਥੱਲ 'ਧਰੂ ਤਾਰੇ' ਨਾਵਲ ਵਾਂਗ ਪੰਜਾਬੀ ਧਰਾਤਲ ਤੋਂ ਬਾਹਰ ਦਾ ਹੈ। ਸਮੁੱਚਾ ਨਾਵਲ ਜਰਮਨ ਦੇ ਬਰਲਿਨ ਤੇ ਹੈਮਬਰਗ ਦੇ ਲੋਕੇਲ ਨਾਲ ਸੰਬੰਧਿਤ ਹੈ। ਨਾਵਲ ਵਿੱਚ ਜਰਮਨ ਇੱਕ ਬਹੁ-ਸਭਿਆਚਾਰਕ ਭੂ-ਸਥੱਲ ਵਜੋਂ ਪੇਸ਼ ਹੋਇਆ ਹੈ। 'ਬਹੁ-ਸਭਿਆਚਾਰ' ਸ਼ਬਦ 'ਬਹੁ' ਅਤੇ 'ਸਭਿਆਚਾਰ' ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਸ਼ਬਦ ਹੈ। 'ਬਹੁ' ਦਾ ਅਰਥ ਹੈ ਬਹੁਤ ਜ਼ਿਆਦਾ, ਅਨੇਕ। ਅਗੇਤਰ ਵੱਜੋਂ 'ਬਹੁ' ਸ਼ਬਦ ਬਹੁਤ ਸਾਰਿਆਂ ਦੇ ਅਰਥ ਦਿੰਦਾ ਹੈ।1 ਇਸ ਲਈ 'ਬਹੁ-ਸਭਿਆਚਾਰ' ਤੋਂ ਭਾਵ ਇਕ ਤੋਂ ਵਧੇਰੇ ਸਭਿਆਚਾਰਾਂ ਦੀ ਹੋਂਦ ਤੋਂ ਹੈ। ਇਸ ਪ੍ਰਕਾਰ ਨਾਵਲ ਵਿਚ ਜਰਮਨ ਨੂੰ ਇੱਕ ਤੋਂ ਵਧੇਰੇ ਸਭਿਆਚਾਰਕ ਹੋਂਦ ਵਾਲੇ ਭੂ-ਸਥੱਲ ਵਜੋਂ ਪੇਸ਼ ਕੀਤਾ ਗਿਆ ਹੈ।

ਮੁੱਖ ਰੂਪ ਵਿਚ ਨਾਵਲ ਵਿਚ ਤਿੰਨ ਸਭਿਆਚਾਰਾਂ ਦੀ ਪੇਸ਼ਕਾਰੀ ਹੋਈ ਹੈ। ਜਿਹਨਾਂ ਵਿਚ ਆਰੀਅਨ ਸਭਿਆਚਾਰ, ਗ਼ੈਰ-ਆਰੀਅਨ ਸਭਿਆਚਾਰ (ਯਹੂਦੀ) ਅਤੇ ਪੰਜਾਬੀ ਸਭਿਆਚਾਰ ਪ੍ਰਮੁੱਖ ਹਨ। ਆਰੀਅਨ ਲੋਕਾਂ ਦੇ ਸਭਿਆਚਾਰ ਬਾਰੇ ਨਾਵਲ ਵਿਚ ਜੋ ਜਾਣਕਾਰੀ ਪੇਸ਼ ਹੈ, ਉਸ ਮੁਤਾਬਕ ਆਰੀਅਨ ਲੋਕਾਂ ਦਾ ਪ੍ਰਸਿੱਧ ਮੇਵਾ ਚੈਰੀ ਅਤੇ ਫਸਲ ਕਣਕ ਤੇ ਮੱਕੀ ਪ੍ਰਮੁਖ ਰੂਪ ਵਿਚ ਉਗਾਈਆਂ ਜਾਂਦੀਆਂ ਸਨ। ਹਿਟਲਰ ਦੇ ਪਿਛਲੱਗ ਯੁਵਕ ਨਸ਼ੇੜੀ, ਕਾਮੁਕ ਤੇ ਕਾਫ਼ੀ ਵਿਗੜੇ ਹੋਏ ਸਨ। ਜਰਮਨ ਸਮਾਜ ਵਿਚ ਔਰਤਾਂ ਵੀ ਸ਼ਰਾਬ ਪੀ ਲੈਂਦੀਆਂ ਸਨ ਤੇ ਇਸਦਾ ਕੋਈ ਬੁਰਾ ਨਹੀਂ ਸੀ ਮਨਾਇਆ ਜਾਂਦਾ। ਨਾਵਲ ਦੀ ਪਾਤਰ ਮੋਨਿਕਾ ਦੇ ਸ਼ਰਾਬ ਪੀਣ ਦਾ ਵੇਰਵਾ ਬਿਰਤਾਂਤਕਾਰ ਇਸ ਪ੍ਰਕਾਰ ਪੇਸ਼ ਕਰਦਾ ਹੈ:

"ਚਿੱਠੀ ਤੋਂ ਇਹ ਵੀ ਪ੍ਰਤੱਖ ਸੀ ਕਿ ਉਹ ਸ਼ਰਾਬ ਦੀ ਆਦੀ ਹੋ ਚੁੱਕੀ ਸੀ ਤੇ ਉਸਨੂੰ ਸ਼ਰਾਬ ਪੀਣ ਦੀ ਆਦਤ ਵੀ ਉਸਦੇ ਪਿਤਾ ਨੇ ਹੀ ਪਾਈ ਸੀ। ... ਜਰਮਨ ਸਮਾਜ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਹੋ ਹੀ ਜਾਂਦੀਆਂ ਹਨ, ਉਹ ਜਾਣਦਾ ਸੀ।"2

ਵਿਆਹ ਦੀ ਰਸਮ ਬਹੁਤ ਹੀ ਸਾਦੀ ਸੀ ਜਿਵੇਂ ਹਿਟਲਰ ਦੇ ਵਿਆਹ ਦੀ ਰਸਮ ਬਾਰੇ ਨਾਵਲ ਵਿਚ ਦਸਿਆ ਗਿਆ ਹੈ ਕਿ "ਵਿਆਹ ਦੀ ਰਸਮ ਸਾਦਾ ਸੀ। ਵਾਗਨਰ ਦੇ ਸੰਗੀਤ ਦੀਆਂ ਧੁਨਾਂ ਵਿੱਚ ਉਨਾਂ ਦੋਵਾਂ ਨੇ ਕੇਵਲ ਇਹ ਹੀ ਕਸਮ ਖਾਧੀ ਸੀ ਕਿ ਉਹ ਦੋਵੇਂ ਖਾਲਸ ਆਰੀਅਨ ਖ਼ੂਨ ਦੇ ਹਨ ਤੇ ਜੱਦੀ ਪੁਸ਼ਤੀ ਕਿਸੇ ਵੀ ਰੋਗ ਤੋਂ ਮੁਕਤ ਹਨ।"3 ਜੋ ਵੀ ਵਿਆਹ ਦੇ ਦ੍ਰਿਸ਼ ਜਾਂ ਵੇਰਵੇ, ਨਾਵਲ ਵਿਚ ਪੇਸ਼ ਹੋਏ ਹਨ ਉਹਨਾਂ ਮੁਤਾਬਕ ਵਿਆਹ, ਬਿਨਾਂ ਵਿਚੋਲੇ ਦੇ ਹੁੰਦਾ ਸੀ। ਆਰੀਅਨ ਔਰਤਾਂ ਲਈ ਵਿਆਹ ਕੋਈ ਮਾਇਨੇ ਨਹੀਂ ਸੀ ਰੱਖਦਾ। ਹਿਟਲਰ ਸਮੇਂ ਬਿਨਾਂ ਵਿਆਹ ਤੋਂ ਵੀ ਔਰਤਾਂ ਬੱਚੇ ਪੈਦਾ ਕਰ ਸਕਦੀਆਂ ਸਨ ਤੇ ਇਸ ਦਾ ਕੋਈ ਬੁਰਾ ਨਹੀਂ ਸੀ ਮੰਨਿਆ ਜਾਂਦਾ। ਸ਼ਰਤ ਸਿਰਫ਼ ਇਹ ਸੀ ਕਿ ਬੱਚੇ ਦਾ ਬਾਪ ਖ਼ਾਲਸ ਆਰੀਅਨ ਹੋਵੇ।

ਬਹੁਤ ਸਾਰੇ ਆਰੀਅਨ ਮੂਲ ਦੇ ਜਰਮਨ ਲੋਕ ਪੂਰਬੀ ਪੋਲੈਂਡ ਵਿਚ ਰਹਿੰਦੇ ਸਨ। ਇਹਨਾਂ ਨੂੰ ਹਿਟਲਰ, ਨਾਜ਼ੀ ਤੌਰ ਤਰੀਕਿਆਂ ਵਿਚ ਢਾਲਣ ਪ੍ਰਤੀ ਯਤਨਸ਼ੀਲ ਸੀ। ਇਹਨਾਂ ਦਾ ਰਹਿਣ-ਸਹਿਣ ਕਾਫ਼ੀ ਘਟੀਆ ਪੱਧਰ ਦਾ ਸੀ। ਇਹਨਾਂ ਦੇ ਰਹਿਣ ਲਈ ਘਰ ਬਹੁਤ ਜ਼ਿਆਦਾ ਗੰਦੇ ਸਨ। ਇਕ ਹੀ ਬਰਤਨ ਵਿਚ ਖਾਣਾ ਖਾਂਦੇ ਸਨ ਤੇ ਇਕ ਹੀ ਬਿਸਤਰ ਵਿਚ ਸੌਂਦੇ ਸਨ। ਬਿਰਤਾਂਤਕਾਰ ਵਲੋਂ ਇਹਨਾਂ ਬਾਰੇ ਕਹੇ ਕੁਝ ਵਿਚਾਰ ਵੇਖਣਯੋਗ ਹਨ।

"ਪੋਲਾਂ ਦੇ ਰੱਖੇ ਹੋਏ ਘਰ ਏਨੇ ਗੰਦੇ ਸਨ ਕਿ ਜਰਮਨ ਮੂਲ ਦੇ ਲੋਕਾਂ ਨੂੰ ਉਨ੍ਹਾਂ ਵਿਚ ਵਸਾਉਣ ਵਾਸਤੇ ਘਰਾਂ ਦੀਆਂ ਕੰਧਾਂ ਦੀਆਂ ਖਲੇਪੜੀਆਂ ਖੁਰਪਿਆਂ ਤੇ ਚਾਕੂਆਂ ਨਾਲ ਲਹੁਣੀਆਂ ਪੈਂਦੀਆਂ ਸਨ।"4

"ਉਹ ਹਾਲੀ ਵੀ ਉਨ੍ਹਾਂ ਨਾਲ ਉਹਨਾਂ ਦੀ ਭਾਸ਼ਾ ਨਹੀਂ ਬੋਲਦੇ ਸਨ ਤੇ ਪਹਿਲਾਂ ਵਾਂਗ ਹੀ ਰਹਿਣਾ ਪਸੰਦ ਕਰਦੇ ਸਨ। ਸਾਂਝੇ ਬਾਟੇ ਵਿਚ ਖਾਣਾ ਤੇ ਇਕੋ ਬਿਸਤਰ ਵਿਚ ਸੌਣਾ।"5

ਹਿਟਲਰ ਇਹਨਾਂ ਨੂੰ ਸੁਧਾਰਨ ਲਈ, ਉਹਨਾਂ ਦੁਆਰਾ ਅਪਣਾਏ ਗਏ ਜੀਵਨ ਢੰਗ ਭਾਵ ਸਭਿਆਚਾਰ ਬਦਲਣ ਲਈ ਯੁਵਕ-ਯੁਵਤੀਆਂ ਨੂੰ ਪੋਲੈਂਡ ਭੇਜਦਾ ਹੈ। ਉਹਨਾਂ ਪੋਲ ਵਾਸੀਆਂ ਨੂੰ ਨਾਜ਼ੀ ਤੌਰ ਤਰੀਕਿਆਂ ਦੇ ਹਾਣ ਦਾ

ਬਣਾ ਕੇ ਸਭਯ ਬਣਾਉਣ ਦਾ ਐਲਾਨ ਕਰਦਾ ਹੈ। ਗੁਰਬਖ਼ਸ਼ ਸਿੰਘ ਫ਼ਰੈਂਕ ਮੁਤਾਬਕ ਹਾਕਮ ਕੌਮ ਆਪਣੀ ਉੱਚਤਾ ਤੇ ਲੁੱਟ-ਖੋਹ ਨੂੰ ਚੰਗੇਰੀ ਦਿੱਖ ਦੇਣ ਲਈ ਇਹ ਐਲਾਨ ਕਰਦੀ ਹੈ ਕਿ ਉਹ ਅਧੀਨ ਕੀਤੀਆਂ ਕੌਮਾਂ ਨੂੰ ਸਭਯ ਬਣਾਉਣ ਦਾ ਜਾਂ ਉਹਨਾਂ ਨੂੰ ਸਭਿਆਚਾਰ ਸਿਖਾਉਣ ਦਾ ਮਿਸ਼ਨ ਪੂਰਾ ਕਰ ਰਹੀ ਹੈ।6 ਹਿਟਲਰ ਵੀ ਪੋਲ ਵਾਸੀਆਂ ਨਾਲ ਇਸੇ ਤਰ੍ਹਾਂ ਹੀ ਕਰਦਾ ਹੈ।

ਜਰਮਨ ਵਿਚ ਆਰੀਅਨਾਂ ਤੋਂ ਇਲਾਵਾ ਦੂਜਾ ਪ੍ਰਮੁੱਖ ਸਭਿਆਚਾਰ ਯਹੂਦੀ ਸਭਿਆਚਾਰ ਹੈ। ਇਹ ਇਕ ਅਧੀਨ ਸਭਿਆਚਾਰ ਵਜੋਂ ਪੇਸ਼ ਕੀਤਾ ਗਿਆ ਹੈ ਜੋ ਹਿਟਲਰ ਦੁਆਰਾ ਕੀਤੇ ਅਣਮਨੁੱਖੀ ਅੱਤਿਆਚਾਰ ਮਜ਼ਬੂਰੀਵਸ ਸਹਿਣ ਕਰਦਾ ਹੈ। ਸਮੁੱਚੇ ਨਾਵਲ ਵਿਚ ਯਹੂਦੀਆਂ ਨੂੰ ਬੇਸਹਾਰਾ, ਮਜ਼ਲੂਮ ਪੇਸ਼ ਕੀਤਾ ਗਿਆ ਹੈ। ਯਹੂਦੀ ਲੋਕ ਮਿਹਨਤ ਕਰਕੇ ਖ਼ੂਬ ਧਨ ਕਮਾਉਂਦੇ ਸਨ ਤੇ ਖ਼ਰਚਾ ਵੀ ਖੁੱਲ੍ਹਾ ਕਰਦੇ ਸਨ। ਕੁੜੀਆਂ ਬਹੁਤ ਮਿਲਣਸਾਰ ਸਨ।7 ਯਹੂਦੀ ਆਮ ਕਰਕੇ ਸੋਨੇ ਦੇ ਦੰਦ ਲਗਵਾਉਣ ਦੇ ਸ਼ੌਕੀਨ ਸਨ। ਜਿਸ ਤੋਂ ਉਹਨਾਂ ਦੇ ਖੁੱਲ੍ਹਾ ਖਰਚਾ ਕਰਨ ਦੀ ਆਦਤ ਦਾ ਪ੍ਰਮਾਣ ਮਿਲਦਾ ਹੈ। ਨਾਵਲਕਾਰ ਨੇ ਯਹੂਦੀ ਸਭਿਆਚਾਰ ਵਿਚ ਵਡੱਪਣ ਦਾ ਗੁਣ ਹੋਣ ਦੀ ਪੇਸ਼ਕਾਰੀ ਕੀਤੀ ਹੈ। ਸਮੁੱਚੇ ਨਾਵਲ ਵਿਚ ਹਿਟਲਰ ਅਤੇ ਉਸਦੇ ਪ੍ਰਸ਼ੰਸ਼ਕਾਂ ਵੱਲੋਂ ਯਹੂਦੀਆਂ ਨਾਲ ਦੁਰਵਿਵਹਾਰ ਹੁੰਦਾ ਦਿਖਾਇਆ ਗਿਆ ਹੈ, ਪਰ ਨਾਵਲ ਦੇ ਅੰਤ ਵਿਚ ਹਿਟਲਰ ਦੀ ਮੌਤ ਤੋਂ ਕਈ ਸਾਲ ਬਾਅਦ ਜਦੋਂ ਹਿਟਲਰ ਦੀ ਇਕ ਪ੍ਰਸ਼ੰਸ਼ਕ (ਮੁੱਖ ਪਾਤਰ) ਦਾ ਮੇਲ ਇਕ ਯਹੂਦਣ ਔਰਤ (ਮੇਰੀ ਕਲੇਅਰ) ਨਾਲ ਹੁੰਦਾ ਹੈ ਤਾਂ ਉਹ ਯਹੂਦਣ ਬਦਲੇ ਦੀ ਭਾਵਨਾ ਦੀ ਥਾਂ, ਉਸ ਔਰਤ ਨੂੰ ਪਿਆਰ ਨਾਲ ਜੱਫ਼ੀ ਪਾ ਕੇ ਮਿਲਦੀ ਹੈ।

"ਕਾਹਵਾ ਘਰ ਦੀ ਮਾਲਕਣ ਯਹੂਦਣ ਸੀ। ਜਦੋਂ ਮਾਰਥਾ ਉਥੋਂ ਦੀ ਲੰਘੀ ਤਾਂ...ਉਸਨੇ ਕਾਹਵਾ ਘਰ ਵਿਚੋਂ ਨਿਕਲ ਕੇ ਉਸ ਨੂੰ ਜੱਫ਼ੀ ਪਾ ਲਈ...।"8

ਇਸ ਤੋਂ ਯਹੂਦੀ ਸਭਿਆਚਾਰ ਵਿਚ ਵਡੱਪਣ ਦੇ ਗੁਣ, ਮਿਲਣਸਾਰ ਤੇ ਮੁਆਫ਼ ਕਰਨ ਦੀ ਬਿਰਤੀ ਸਾਫ਼ ਦਿਖਾਈ ਦਿੰਦੀ ਹੈ।

ਨਾਵਲ ਉਪਰੋਕਤ ਸਭਿਆਚਾਰਕ ਸਮੂਹਾਂ ਤੋਂ ਇਲਾਵਾ ਇਕ ਹੋਰ ਸਭਿਆਚਾਰ, ਪੰਜਾਬੀ ਸਭਿਆਚਾਰ ਦੀ ਵੀ ਪੇਸ਼ਕਾਰੀ ਕਰਦਾ ਹੈ। ਨਾਵਲ ਦੇ ਵੇਰਵੇ ਦਰਸਾਉਂਦੇ ਹਨ ਕਿ ਭਾਰਤ ਵਸਦੇ ਪੰਜਾਬੀ ਮਹਿਮਾਨ ਨਿਵਾਜ਼, ਖੁੱਲ੍ਹੇ ਦਿਲੇ, ਮਿਲਾਪੜੇ ਸੁਭਾਅ ਵਾਲੇ ਹਨ। ਇਸਦੇ ਉਲਟ ਜਰਮਨ ਵਿਚ ਵਾਸ ਕਰ ਚੁੱਕੇ ਪੰਜਾਬੀ ਲਾਲਚੀ, ਪੈਸੇ ਦੇ ਪਿੱਛਲੱਗ, ਚਲਾਕ ਤੇ ਕੰਜੂਸ ਹਨ। ਗੁਰਮੁਖ ਸਿੰਘ ਦੀ ਪਤਨੀ ਦੁਆਰਾ ਕਾਰ ਵਿਚ ਬੈਠ ਕੇ ਚੋਰੀ ਇੰਗਲੈਂਡ ਦਾ ਬਾਰਡਰ ਪਾਰ ਕਰਨਾ ਵੀ ਪੰਜਾਬੀ ਸਭਿਆਚਾਰ ਦੇ ਚੰਗੇ ਨਕਸ਼ਾਂ ਦੀ ਪੇਸ਼ਕਾਰੀ ਨਹੀਂ ਕਰਦਾ। ਜਰਮਨ ਵਿਚ ਵਸਦੇ ਪੰਜਾਬੀ ਸਭਿਆਚਾਰਕ ਸਮੂਹ ਦੁਆਰਾ ਵਿਆਹ ਵਰਗੇ ਰਿਸ਼ਤੇ ਵਿਚ ਵੀ ਆਰਥਿਕਤਾ ਤੇ ਸੌਦੇਬਾਜ਼ੀ ਦੀ ਰੁਚੀ ਆਮ ਦਿਖਾਈ ਦਿੰਦੀ ਹੈ। ਪੰਜਾਬੀ ਸਭਿਆਚਾਰ ਵਿਚ ਮੁੰਡੇ ਅਤੇ ਕੁੜੀ ਵਿਚ ਫ਼ਰਕ ਰਖਿਆ ਜਾਂਦਾ ਹੈ, ਇਸ ਦੀ ਪੇਸ਼ਕਾਰੀ ਨਾਵਲਕਾਰ ਨੇ ਸਪੱਸ਼ਟ ਰੂਪ ਵਿਚ ਕੀਤੀ ਹੈ:

"ਦੇਸ਼ ਵਿਚ ਉਨ੍ਹਾਂ ਦੀ ਜ਼ਮੀਨ ਏਨੀ ਥੋੜ੍ਹੀ ਸੀ ਕਿ ਤਿੰਨ ਬੱਚਿਆਂ ਦਾ ਖਰਚਾ ਨਿਕਲਣਾ ਮੁਸ਼ਕਲ ਸੀ। ਖ਼ਾਸ ਕਰਕੇ ਮੁੰਡਿਆਂ ਦਾ। ਮੁੰਡਿਆਂ ਨੂੰ ਚੰਗੀ ਵਿਦਿਆ ਦਿੱਤੇ ਬਿਨਾਂ ਨਹੀਂ ਸੀ ਸਰਦਾ। ਜੇ ਮੁੰਡਿਆਂ ਦੀ ਥਾਂ ਧੀਆਂ ਦੀ ਮਾਂ ਹੁੰਦੀ ਤਾਂ ਥੋੜ੍ਹਾ ਪੜ੍ਹਾ ਕੇ ਤੇ ਵਿਆਹ ਕੇ ਅਗਲੇ ਘਰ ਤੋਰ ਸਕਦੀ ਸੀ।"9

ਬਹੁ ਸਭਿਆਚਾਰਕ ਹੋਂਦ ਵਾਲੇ ਭੂ-ਖੇਤਰ ਵਿੱਚ ਇਕ ਤੋਂ ਵਧੇਰੇ ਸਭਿਆਚਾਰ ਵਿਦਮਾਨ ਹੁੰਦੇ ਹਨ। ਇਹਨਾਂ ਵਿਚੋਂ ਅਧਿਕਾਰਤ ਸਭਿਆਚਾਰ ਨੂੰ ਮੁੱਖ ਸਭਿਆਚਾਰ ਤੇ ਮੁੱਖ ਸਭਿਆਚਾਰ ਦੇ ਅਧੀਨ ਵਿਚਰਨ ਵਾਲੇ ਸਭਿਆਚਾਰਾਂ ਨੂੰ ਅਧੀਨ ਸਭਿਆਚਾਰ ਕਿਹਾ ਜਾਂਦਾ ਹੈ। ਮੁੱਖ ਸਭਿਆਚਾਰ ਹਮੇਸ਼ਾ ਹੀ ਅਧੀਨ ਸਭਿਆਚਾਰਾਂ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ। ਉਹਨਾਂ ਉੱਤੇ ਹਾਵੀ ਰਹਿੰਦਾ ਹੈ। ਅਧੀਨ ਸਭਿਆਚਾਰ ਨੂੰ ਆਪਣੇ ਅਧੀਨ ਰੱਖਣ ਦੀ ਕੋਸ਼ਿਸ਼ ਹਿੱਤ ਘਟੀਆ ਸਾਬਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਨਾਵਲ ਵਿਚ ਆਰੀਅਨ ਸਭਿਆਚਾਰ ਮੁੱਖ ਸਭਿਆਚਾਰ ਵਜੋਂ ਪੇਸ਼ ਹੋਇਆ ਹੈ ਜੋ ਅਧੀਨ ਸਭਿਆਚਾਰ (ਯਹੂਦੀ ਸਭਿਆਚਾਰ) ਨੂੰ ਆਪਣੇ ਤੋਂ ਨੀਵਾਂ ਦਿਖਾ ਕੇ ਉਹਨਾਂ ਉੱਤੇ ਅਧਿਕਾਰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਬਿਰਤਾਂਤਕਾਰ ਮੁਤਾਬਕ "ਹਿਟਲਰ ਦੇ ਸ਼ਬਦਾਂ ਵਿਚ ਕੇਵਲ ਆਰੀਅਨ ਨਸਲ ਦੇ ਲੋਕ ਹੀ ਇਨਸਾਨ ਸਨ। ਯਹੂਦੀਆਂ ਨੂੰ ਪਸ਼ੂ ਕਹਿਣਾ ਤਾਂ ਉਸ ਦਾ ਤਕੀਆ-ਕਲਾਮ ਬਣ ਚੁੱਕਾ ਸੀ।"10 ਏਥੇ ਹਿਟਲਰ ਯਹੂਦੀਆਂ ਨੂੰ ਘਟੀਆ ਪੇਸ਼ ਕਰਕੇ ਅਧੀਨ ਰੱਖਣ ਦੀ ਕੋਸ਼ਿਸ਼ ਕਰਦਾ ਦਿਖਾਈ ਦਿੰਦਾ ਹੈ।

ਮੁੱਖ ਸਭਿਆਚਾਰ, ਅਧੀਨ ਸਭਿਆਚਾਰ ਨੂੰ ਸਿੱਧਾ ਜਾਂ ਉਸ ਨੂੰ ਸਭਯ ਬਣਾਉਣ ਦਾ ਪ੍ਰਪੰਚ ਰਚਾ ਕੇ ਉਸਦੀ ਹੋਂਦ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਹਿਟਲਰ ਪੋਲੈਂਡ ਵਿਚ ਵਸਦੇ ਜਰਮਨ ਲੋਕਾਂ ਨੂੰ ਸਭਯ ਬਣਾਉਣ ਦਾ ਪ੍ਰਪੰਚ ਰਚਾ ਕੇ ਉਹਨਾਂ ਦੇ ਸਭਿਆਚਾਰ ਨੂੰ ਨਸ਼ਟ ਕਰਨ ਦਾ ਯਤਨ ਕਰਦਾ ਹੈ। ਇਸ ਤੋਂ ਇਲਾਵਾ ਯਹੂਦੀ ਸਭਿਆਚਰ ਨੂੰ ਸਿੱਧੇ ਤੌਰ ਤੇ ਨਸ਼ਟ ਕਰਨ ਦੀ ਨੀਤੀ ਅਪਣਾਉਂਦਾ ਹੈ।

"ਯਹੂਦੀਆਂ ਨੂੰ ਮਾਤ ਪਾਉਣ ਦਾ ਇਕ ਤਰੀਕਾ ਚੰਗੀ ਨਸਲ ਦੇ ਆਰੀਅਨ ਪੈਦਾ ਕਰਨਾ ਸੀ। ਪਰ ਪਿਛੇ ਲਗ ਲੋਕਾਂ ਨੇ ਇਸਤੋਂ ਸੌਖਾ ਰਾਹ ਲੱਭ ਲਿਆ ਸੀ। ਉਹ ਸੀ ਹਰ ਯਹੂਦੀ ਨੂੰ ਪਾਰ ਬੁਲਾਉਣਾ।"11

"ਹਿਟਲਰ ਯਹੂਦੀਆਂ, ਪੋਲਾਂ ਤੇ ਚੈੱਕਾ ਨੂੰ ਨੀਵੀਂ ਨਸਲ ਦੇ ਮੰਨਦਾ ਸੀ, ... ਇਨ੍ਹਾਂ ਨੂੰ ਖ਼ਤਮ ਕਰਨ ਲਈ ਗੋਲੀ

ਤੇ ਗੈਸ ਤੋਂ ਬਿਨਾਂ ਫਾਂਸੀ ਦੇ ਫੰਦੇ, ਜ਼ਹਿਰ ਦੀਆਂ ਗੋਲੀਆਂ ਅਤੇ ਭੁੱਖੇ ਰੱਖਣ ਦੀ ਵਿਧੀ ਵੀ ਵਰਤੀ ਗਈ ਸੀ।"12

ਬਿਰਤਾਂਤਕਾਰ ਦੁਆਰਾ ਦਿੱਤੀ ਉਪਰੋਕਤ ਜਾਣਕਾਰੀ ਮੁੱਖ ਸਭਿਆਚਾਰ ਵਲੋਂ ਅਧੀਨ ਸਭਿਆਚਾਰ ਦੀ ਹੋਂਦ ਖ਼ਤਮ ਕਰਨ ਦੀ ਕਿਰਿਆ ਨੂੰ ਹੀ ਸਪੱਸ਼ਟ ਕਰਦੀ ਹੈ।

ਹਿਟਲਰ ਦੀ ਮੌਤ ਤੇ ਆਰੀਅਨ ਸਮਾਜ ਉੱਤੇ ਅਮਰੀਕਾ ਤੇ ਰੂਸ ਦਾ ਅਧਿਕਾਰ ਹੋਣ ਤੋਂ ਬਾਅਦ ਆਰੀਅਨ ਸਭਿਆਚਾਰ ਵੀ ਇਕ ਅਧੀਨ ਸਭਿਆਚਾਰ ਵਜੋਂ ਹੋਂਦ ਧਾਰਨ ਕਰ ਲੈਂਦਾ ਹੈ। ਇਸ ਅਧੀਨ ਸਭਿਆਚਾਰ ਨੂੰ ਵੀ ਜੇਤੂ ਸਭਿਆਚਾਰ ਵੱਲੋਂ ਖ਼ਤਮ ਕਰਨ ਦੇ ਯਤਨ ਕੀਤੇ ਜਾਂਦੇ ਹਨ।

"ਸਕੂਲ ਦੀ ਕੰਧ ਉੱਤੇ ਹਿਟਲਰ ਦੀ ਉਸਤਤ ਵਿਚ ਲਿਖੀਆਂ ਉਨਾਂ ਲਾਈਨਾਂ ਉੱਤੇ ਵੀ ਪੋਚਾ ਫਿਰ ਚੁੱਕਿਆ ਸੀ ਜਿਨਾਂ ਦਾ ਹਰ ਬੱਚੇ ਵੱਲੋਂ ਹਰ ਇੱਕ ਸਵੇਰ ਪ੍ਰਣ ਲਿਆ ਜਾਂਦਾ ਸੀ।"13

ਦਰਅਸਲ ਜੇਤੂ ਸਭਿਆਚਾਰ ਵੱਲੋਂ ਇਹ ਪੋਚਾ ਹਿਟਲਰ ਦੁਆਰਾ ਲਿਖਵਾਈਆਂ ਸਤਰਾਂ ਉੱਤੇ ਨਹੀਂ ਸਗੋਂ ਹਿਟਲਰ ਰਾਹੀਂ ਪ੍ਰਚਲਿਤ ਕੀਤੇ ਗਏ ਸਭਿਆਚਾਰ ਉੱਤੇ ਫੇਰਿਆ ਗਿਆ ਹੈ।

ਬਹੁ-ਸਭਿਆਚਾਰਕ ਭੂ-ਖੇਤਰ ਵਿਚ ਇਕ ਤੋਂ ਵਧੇਰੇ ਸਭਿਆਚਾਰ ਇਕ ਦੂਜੇ ਸਭਿਆਚਾਰ ਦੇ ਸੰਪਰਕ ਵਿਚ ਰਹਿੰਦੇ ਹਨ। ਇਸ ਸਥਿਤੀ ਵਿਚ ਸਭਿਆਚਾਰੀਕਰਨ ਦੀ ਕਿਰਿਆ ਦਾ ਵਾਪਰਨਾ ਸੁਭਾਵਕ ਹੈ। ਗੁਰਬਖ਼ਸ਼ ਸਿੰਘ ਫ਼ਰੈਂਕ ਮੁਤਾਬਕ "ਦੋ ਵੱਖ-ਵੱਖ ਸਭਿਆਚਾਰਾਂ ਵਾਲੇ ਜਨ-ਸਮੂਹਾਂ ਦੇ ਸਿੱਧੇ ਵੱਡੇ ਪੈਮਾਨੇ ਉੱਤੇ ਅਤੇ ਕਾਫ਼ੀ ਅਰਸੇ ਤਕ ਸੰਪਰਕ ਨੂੰ ਤੇ ਇਸ ਸੰਪਰਕ ਤੋਂ ਨਿਕਲਦੇ ਸਿੱਟਿਆਂ ਨੂੰ ਸਭਿਆਚਾਰੀਕਰਨ ਕਹਿੰਦੇ ਹਨ।"14 ਸਧਾਰਨ ਸ਼ਬਦਾਂ ਵਿਚ ਜਦੋਂ ਦੋ ਸਭਿਆਚਾਰਕ ਸਮੂਹ ਸੰਪਰਕ ਵਿਚ ਆਉਂਦੇ ਹਨ ਤਾ ਸਹਿਜੇ ਹੀ ਇੱਕ ਦੂਸਰੇ ਦੇ ਸਭਿਆਚਾਰਕ ਅੰਸ਼ ਪ੍ਰਵਾਨ ਕਰ ਲੈਂਦੇ ਹਨ, ਇਸ ਕਿਰਿਆ ਨੂੰ ਸਭਿਆਚਾਰੀਕਰਨ ਕਿਹਾ ਜਾਂਦਾ ਹੈ। ਨਾਵਲ ਵਿਚ ਸਭਿਆਚਾਰੀਕਰਨ ਦੀ ਕਿਰਿਆ ਨੂੰ ਥਾਂ ਪੁਰ ਥਾਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਬਿਰਤਾਂਤਕਾਰ ਮੁਤਾਬਕ "ਪਹਿਲੀ ਵੱਡੀ ਜੰਗ ਤੋਂ ਪਿੱਛੋਂ ਤੇ ਦੂਜੀ ਜੰਗ ਦੇ ਆਰੰਭ ਹੋਣ ਤੱਕ ਪੋਲੈਂਡ ਦੀ ਬਹੁਤੀ ਵਸੋਂ ਦੋਗਲੀ ਹੋ ਚੁੱਕੀ ਸੀ। ਕਈ ਪੋਲਿਸ਼ ਮੂਲ ਦੇ ਲੋਕਾਂ ਦੇ ਨਾਂ ਜਰਮਨ ਸਨ ਤੇ ਉਹ ਗੱਲਬਾਤ ਵੀ ਸ਼ੁੱਧ ਜਰਮਨ ਭਾਸ਼ਾ ਵਿਚ ਕਰਦੇ ਸਨ। ਇਸਦੇ ਉਲਟ ਕੁਝ ਜਰਮਨ ਮੂਲ ਦੇ ਲੋਕਾਂ ਦੇ ਨਾਂ ਪੋਲਿਸ਼ ਵਾਸੀਆਂ ਵਾਲੇ ਸਨ ਤੇ ਭਾਸ਼ਾ ਵੀ ਉਨਾਂ ਵਾਲੀ ਹੀ ਬੋਲਦੇ ਸਨ।"15 ਇਹਨਾਂ ਦੋਵਾਂ ਸਭਿਆਚਾਰਕ ਸਮੂਹਾਂ ਦਰਮਿਆਨ ਇਹ ਪਰਿਵਰਤਨ ਸਭਿਆਚਾਰੀਕਰਨ ਅਧੀਨ ਹੀ ਵਾਪਰਿਆ ਹੈ। ਪੰਜਾਬੀ ਪਾਤਰ ਗੁਰਮੁਖ ਸਿੰਘ ਲੰਮਾਂ ਸਮਾਂ ਜਰਮਨ ਸਭਿਆਚਾਰ ਦੇ ਸੰਪਰਕ ਵਿੱਚ ਰਹਿੰਦਾ ਹੈ। ਇਸ ਕਾਰਨ ਗੁਰਮੁਖ ਸਿੰਘ ਵਿਚ ਕੁਝ ਜਰਮਨ ਗੁਣ ਜਿਵੇਂ ਸੁਭਾਅ ਵੱਜੋਂ ਅਖੜ ਹੋਣ ਆਦਿ ਸਹਿਜੇ ਹੀ ਆ ਜਾਂਦੇ ਹਨ।

"ਮੋਨਿਕਾ ਨੂੰ ਬੁੱਕ ਸਟਾਲ ਵਾਲੇ ਸਿੱਖ ਦਾ ਅੱਖੜ ਹੋਣਾ ਚੰਗਾ ਲਗਦਾ ਸੀ। ਉਸ ਦਾ ਇਹ ਗੁਣ ਜਰਮਨਾਂ ਵਾਲਾ ਸੀ।" 16

ਪੂਰਬੀ ਅਤੇ ਪੱਛਮੀ ਜਰਮਨ ਵਿਚਕਾਰ ਇਕ ਕੰਧ ਹੋਣ ਕਾਰਨ ਇਹ ਦੋਵੇਂ ਸਭਿਆਚਾਰ ਇਕ ਦੂਜੇ ਦੇ ਸੰਪਰਕ ਵਿਚ ਨਹੀਂ ਸਨ ਆਏ। ਪਰ ਇਸ ਦੀਵਾਰ ਦੇ ਟੁੱਟਣ ਤੋਂ ਬਾਅਦ ਇਹਨਾਂ ਸਭਿਆਚਾਰਾਂ ਵਿਚਕਾਰ ਸਭਿਆਚਾਰੀਕਰਨ ਦੀ ਤੇਜ਼ ਪ੍ਰਕਿਰਿਆ ਵਾਪਰਦੀ ਹੈ। ਸਭਿਆਚਾਰੀਕਰਨ ਦੁਆਰਾ ਇਹਨਾਂ ਸਭਿਆਚਾਰਾਂ ਵਿਚ ਆਏ ਪਰਿਵਰਤਨ ਨੂੰ ਨਾਵਲ ਵਿਚ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਜਿਵੇ:

"ਬਜ਼ਾਰ ਵਿਚ ਕੁਝ ਲੋਕ ਆਪਣੀਆਂ ਮੰਗਾਂ ਮਨਾਉਣ ਲਈ ਧਰਨੇ ਉੱਤੇ ਬੈਠੇ ਸਨ। ਹੈਲੱਗਾ ਦੀ ਟਿੱਪਣੀ ਸੀ ਕਿ ਉਨਾਂ ਨੂੰ ਇਹ ਦੇਣ ਪੱਛਮ ਵਾਲਿਆਂ ਨੇ ਦਿੱਤੀ ਹੈ। ਕੰਧ ਟੁੱਟਣ ਤੋਂ ਪਿੱਛੋਂ। ਇਸ ਤੋਂ ਪਹਿਲਾਂ ਪੂਰਬੀ ਬਰਲਿਨ ਵਿਚ ਏਸ ਤਰ੍ਹਾਂ ਦੇ ਤਮਾਸ਼ੇ ਨਹੀਂ ਸਨ ਹੁੰਦੇ।" 17

ਉਪਰੋਕਤ ਪਰਿਵਰਤਨ ਸਭਿਆਚਾਰੀਕਰਨ ਦੀ ਦੇਣ ਹੈ।

ਗੁਲਜ਼ਾਰ ਸਿੰਘ ਸੰਧੂ ਨੇ ਆਪਣੇ ਨਾਵਲ 'ਗੋਰੀ ਹਿਰਨੀ' ਵਿਚ ਬਹੁ-ਸਭਿਆਚਾਰ ਦੀ ਸਫ਼ਲ ਪੇਸ਼ਕਾਰੀ ਕੀਤੀ ਹੈ। ਜਰਮਨ ਭੂ-ਖੇਤਰ ਵਿਚ ਮੌਜੂਦ ਆਰੀਅਨ, ਗ਼ੈਰ-ਆਰੀਅਨ ਅਤੇ ਪੰਜਾਬੀ ਸਭਿਆਚਾਰ ਦੀ ਪੇਸ਼ਕਾਰੀ ਕਰਨ ਵਾਲਾ ਨਾਵਲਕਾਰ ਖ਼ੁਦ ਸਭਿਆਚਾਰਕ ਪਿਛੋਕੜ ਪੱਖੋਂ ਪੰਜਾਬੀ ਹੈ। ਇਸ ਕਾਰਨ ਇਹ ਜਰਮਨ ਮੂਲ ਦੀ ਕਿਰਸਾਨਣ 'ਐਲਕਾ' ਨੂੰ 'ਐਲਕਾ ਜੱਟੀ' ਆਖਦਾ ਹੈ ਤੇ ਉੱਥੋਂ ਦੇ ਖੇਤੀਬਾੜੀ ਦੇ ਸੰਦਾਂ ਨੂੰ ਵੀ ਏਸ ਤਰ੍ਹਾਂ ਪੇਸ਼ ਕਰਦਾ ਹੈ ਜਿਵੇਂ ਪੰਜਾਬ ਵਿਚਲੇ ਖੇਤੀ ਦੇ ਸੰਦ ਹੁੰਦੇ ਹਨ। ਨਾਵਲਕਾਰ ਨੇ ਬਿਰਤਾਂਤ ਨੂੰ ਸਿਰਜਣ ਲਈ ਕਾਵਿਕ ਸ਼ੈਲੀ, ਪਿੱਛਲਝਾਤ ਵਿਧੀ, ਚਿੱਠੀ ਜੁਗਤ, ਮੁਹਾਵਰੇ, ਵਿਗੋਪਨ ਵਿਧੀ ਦਾ ਖ਼ੂਬਸੂਰਤ ਪ੍ਰਯੋਗ ਕੀਤਾ ਹੈ। ਨਾਵਲ ਅਨਯ ਪੁਰਖ ਵਿਚ ਲਿਖਿਆ ਹੋਣ ਕਰਕੇ ਨਾਵਲਕਾਰ ਨੇ ਵਾਰਤਾਲਾਪ ਘੱਟ ਪਰ ਢੁੱਕਵੇਂ, ਚੁਸਤ ਤੇ ਛੋਟੇ-ਛੋਟੇ ਭਾਵਪੂਰਤ ਵਰਤੇ ਹਨ। ਗੋਲ ਤੇ ਚਪਟੇ ਦੋਵੇਂ ਕਿਸਮ ਦੇ ਪਾਤਰਾਂ ਦੀ ਸਿਰਜਣਾ ਕੀਤੀ ਗਈ ਹੈ। ਗੁਲਜ਼ਾਰ ਸਿੰਘ ਸੰਧੂ ਕਿੱਤੇ ਪੱਖੋਂ ਪੱਤਰਕਾਰੀ ਨਾਲ ਲੰਮਾ ਸਮਾਂ ਜੁੜਿਆ ਰਿਹਾ ਹੈ, ਇਸ ਕਰਕੇ ਉਸ ਦੀ ਰਚਨਾ ਵਿਚ ਪੱਤਰਕਾਰੀ ਦੀਆਂ ਜੁਗਤਾਂ ਤੇ ਰੰਗਣ ਸਹਿਜੇ ਹੀ ਮੌਜੂਦ ਹੈ। ਨਾਵਲ ਦਾ ਸਿਰਲੇਖ ਮੁੱਖ ਪਾਤਰ ਨਾਲ ਸੰਬੰਧਿਤ ਹੋਣ ਕਾਰਨ ਇਕ ਬਹੁਤ ਢੁਕਵਾਂ ਸਿਰਲੇਖ ਹੋ ਨਿਬੜਦਾ ਹੈ। ਸਮੁੱਚੇ ਨਾਵਲ ਵਿਚ ਰਹੱਸ ਕਾਇਮ ਰਹਿੰਦਾ ਹੈ। ਅੱਗੇ ਕੀ ਹੋਵੇਗਾ? ਜਾਣਨ ਦੀ ਪਾਠਕ ਵਿਚ ਤੜਪ ਬਣੀ ਰਹਿੰਦੀ ਹੈ। ਨਾਵਲ ਦਾ ਕਥਾਨਕ

ਰੇਖਕੀ ਹੈ। ਲੜੀਵਾਰ ਤੇ ਕੜੀਦਾਰ ਕਾਲਕ੍ਰਮ ਵਿਚ ਵਿਗਸਦਾ ਆਪਣੇ ਅੰਤ ਵੱਲ ਵੱਧਦਾ ਜਾਂਦਾ ਹੈ। ਨਾਵਲ ਵਿਚ ਕਹਾਣੀ ਨੂੰ ਪ੍ਰਧਾਨਤਾ ਪ੍ਰਾਪਤ ਹੋਣ ਕਾਰਨ ਇਹ ਇਕ ਕਾਰਜ-ਪ੍ਰਧਾਨ ਨਾਵਲ ਹੋ ਨਿਬੜਦਾ ਹੈ।

**ਹਵਾਲੇ ਤੇ ਟਿੱਪਣੀਆਂ**

1 ਪ੍ਰਮਾਣਿਕ ਪੰਜਾਬੀ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2001, ਪੰਨਾ 319
2 ਗੁਲਜ਼ਾਰ ਸਿੰਘ ਸੰਧੂ, ਗੋਰੀ ਹਿਰਨੀ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ,2014, ਪੰਨਾ 79
3 ਉਹੀ, ਪੰਨਾ 18
4 ਗੁਲਜ਼ਾਰ ਸਿੰਘ ਸੰਧੂ, ਗੋਰੀ ਹਿਰਨੀ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 35
5 ਉਹੀ, ਪੰਨਾ 35
6 ਪ੍ਰੋ. ਗੁਰਬਖ਼ਸ਼ ਸਿੰਘ ਫ਼ਰੈਂਕ, ਸਭਿਆਚਾਰ ਤੇ ਪੰਜਾਬੀ ਸਭਿਆਚਾਰ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2012, ਪੰਨਾ 9
7 ਗੁਲਜ਼ਾਰ ਸਿੰਘ ਸੰਧੂ, ਗੋਰੀ ਹਿਰਨੀ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 33
8 ਗੁਲਜ਼ਾਰ ਸਿੰਘ ਸੰਧੂ, ਗੋਰੀ ਹਿਰਨੀ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 190
9 ਉਹੀ, ਪੰਨਾ 98
10 ਉਹੀ, ਪੰਨਾ 156
11 ਗੁਲਜ਼ਾਰ ਸਿੰਘ ਸੰਧੂ, ਗੋਰੀ ਹਿਰਨੀ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 46
12 ਉਹੀ, ਪੰਨਾ 47
13 ਉਹੀ, ਪੰਨਾ 19
14 ਪ੍ਰੋ. ਗੁਰਬਖ਼ਸ਼ ਸਿੰਘ ਫ਼ਰੈਕ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2012, ਪੰਨਾ 61
15 ਗੁਲਜ਼ਾਰ ਸਿੰਘ ਸੰਧੂ, ਗੋਰੀ ਹਿਰਨੀ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 35
16 ਗੁਲਜ਼ਾਰ ਸਿੰਘ ਸੰਧੂ, ਗੋਰੀ ਹਿਰਨੀ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 97
17 ਉਹੀ, ਪੰਨਾ 153

**ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ,**
**ਸਰਕਾਰੀ ਕਿਰਤੀ ਕਾਲਜ,ਨਿਆਲ-ਪਾਤੜਾਂ**
**(ਪਟਿਆਲਾ)।**

## ਕੰਧਾਂ /ਭੁਪਿੰਦਰ ਸਿੰਘ ਗੰਗਾਨਗਰ



ਸੁਣਿਐ
ਕੰਧਾਂ ਦੇ ਵੀ ਕੰਨ ਹੁੰਦੇ ਨੇ
ਤਦੇ ਤਾਂ ਉਹ ਸੁਣ ਲੈਂਦੀਆਂ ਨੇ
ਆਪਣੀ ਬੁੱਕਲ ਵਿੱਚ
ਬੈਠੇ ਹੋਇਆਂ ਦੇ ਹੌਕੇ ਤੇ ਹਾਵਾਂ
ਇਹ ਮਹਿਜ ਸੁਣ ਹੀ ਨਹੀਂ ਲੈਂਦੀਆਂ
ਸਗੋਂ ਹੁੰਗਾਰਾ ਵੀ ਦਿੰਦੀਆਂ ਨੇ
ਇਹ ਖੁਸ਼ ਵੀ ਹੁੰਦੀਆਂ ਨੇ
ਤੇ ਗ਼ਮਗੀਨ ਵੀ
ਇਹ ਹੁੰਦੀਆਂ ਨੇ
ਤੁਹਾਡੀ ਹਰ ਖੁਸ਼ੀ-ਗਮੀ ਵਿਚ ਸ਼ਰੀਕ
ਮੈਨੂੰ ਯਾਦ ਹੈ
ਜਦੋਂ ਮੇਰੇ ਪਿਤਾ ਜੀ ਨੇ
ਲਿਆ ਸੀ ਆਖਰੀ ਸਾਹ
ਤਾਂ ਇਹ ਕੰਧਾਂ
ਭੁੱਬਾਂ ਮਾਰ ਮਾਰ ਰੋਈਆਂ ਸਨ
ਤੇ ਜਿਸ ਦਿਨ ਜਨਮ ਲਿਆ ਸੀ
ਮੇਰੀ ਪੋਤੀ ਨੇ
ਉਸ ਦਿਨ ਇਨ੍ਹਾਂ ਕੰਧਾਂ ਨੇ ਵੀ
ਝੂਮਰ ਪਾਇਆ ਸੀ
ਮੇਰੀ ਬੇਟੀ ਦੀ ਡੋਲੀ ਤੁਰਨ ਵੇਲੇ
ਕਿਵੇਂ ਇਹ ਕੰਧਾਂ
ਹੁਬਕੀਂ ਰੋਈਆਂ ਸੀ
ਮੈਨੂੰ ਅੱਜ ਵੀ ਯਾਦ ਹੈ
ਸੋ ਦੋਸਤੋ
ਕੰਧਾਂ ਦੇ ਕੰਨ ਹੀ ਨਹੀਂ ਹੁੰਦੇ
ਸਗੋਂ ਹੁੰਦੇ ਨੇ
ਦਿਲ ਤੇ ਦਿਮਾਗ ਵੀ
ਜਜ਼ਬਾਤ ਵੀ ਤੇ ਅਹਿਸਾਸਾਤ ਵੀ

## ਪੁਸਤਕ ਰੀਵਿਊ: 'ਟੂਮਾਂ' / ਰਾਜਵੰਤ ਰਾਜ

ਕਹਿੰਦੇ ਨੇ ਕਿ ਕਿਸੇ ਲੇਖਕ ਨੂੰ ਜਾਨਣਾ ਹੋਵੇ ਤਾਂ ਤੁਸੀਂ ਉਸ ਦੀ ਕਿਤਾਬ ਪੜ੍ਹ ਲਵੋ। ਜੇ ਉਕਤ ਕਥਨ ਨੂੰ ਸੱਚ ਮੰਨੀਏ ਤਾਂ ਮੈਂ ਇਹ ਕਹਿ ਸਕਦਾ ਹਾਂ ਕਿ ਮੈਂ ਪਿਛਲੇ ਦੋ ਦਿਨਾਂ ਵਿਚ ਸੁਰਿੰਦਰ ਪ੍ਰੀਤ ਘਣੀਆ ਹੁਰਾਂ ਨੂੰ ਮਿਲ ਕੇ ਹਟਿਆ ਹਾਂ। ਦਰਅਸਲ ਕੁਝ ਸਮਾਂ ਪਹਿਲਾਂ, ਹਰਦਮ ਸਿੰਘ ਮਾਨ ਹੁਰਾਂ ਨੇ ਮੈਨੂੰ ਸੁਰਿੰਦਰ ਪ੍ਰੀਤ ਘਣੀਆ ਹੁਰਾਂ ਦੀ ਕਿਤਾਬ 'ਟੂਮਾਂ' ਫੜਾਈ ਸੀ ਅਤੇ ਕਿਹਾ ਸੀ 'ਰਾਜ, ਆਹ ਕਿਤਾਬ ਪੜ੍ਹ ਕੇ ਦੇਖ।" ਕਿਤਾਬ ਪੜ੍ਹਨ ਤੋਂ ਬਾਅਦ ਮੈਂ ਬੇਝਿਜਕ ਇਹ ਕਹਿ ਸਕਦਾ ਹਾਂ ਕਿ ਇਸ ਕਿਤਾਬ ਦੀਆਂ ਗਜ਼ਲਾਂ ਬਹੁਤ ਕੀਮਤੀ, ਟੂਮਾਂ ਵਰਗੀਆਂ ਹੀ ਨੇ। ਕਵੀ ਕੋਲ਼ ਸੂਹਜ ਹੈ ਚਿੰਤਨ ਹੈ ਤੇ ਲੋਹੜਿਆਂ ਦਾ ਸ਼ਬਦ ਭੰਡਾਰ ਹੈ। ਵੱਡੇ ਤੇ ਗੁੰਝਲਦਾਰ ਖਿਆਲ ਨੂੰ ਵੀ ਉਹ ਸਹਿਜੇ ਹੀ ਆਖ ਜਾਂਦਾ ਹੈ। ਏਨੀ ਦ੍ਰਿੜ੍ਹਤਾ ਦੇ ਨਾਲ ਲਿਖਣਾ ਤੇ ਉਹ ਵੀ ਸੱਚ, ਇਹ ਕਾਰਜ ਬਹੁਤ ਔਖਾ ਹੈ। ਘਣੀਆ ਸਾਹਿਬ ਕਹਿੰਦੇ ਨੇ:

ਵਕਤ ਦੀ ਆਰੀ ਚੀਰਤੇ, ਮੇਰੀ ਜੀਭ ਤੇ ਹੱਥ
ਲਿਖੂੰ ਪੈਰਾਂ ਦੇ ਨਾਲ ਹੁਣ, ਮੰਨਾਂਗਾ ਨਈਂ ਈਨ

ਮੈਂ ਨਈਂ ਬੰਗਲਾ ਕੋਠੀ ਲਿਖਦਾ, ਨਾ ਮਹਿਲਾਂ ਦੇ ਲਿਖਾਂ ਕਸੀਦੇ
ਮੈਂ ਅਪਣੇ ਸ਼ਿਅਰਾਂ ਵਿਚ ਢੱਠੀਆਂ ਕੰਧਾਂ ਤੇ ਸਬਾਤਾਂ ਲਿਖਦਾਂ

ਅਸਲੀ ਸ਼ਾਇਰ ਹਮੇਸ਼ਾ ਦਿਲ ਦੀ ਬਾਤ ਪਾਉਂਦਾ ਹੈ। ਉਸ ਦਾ ਦਿਲ ਲੋਕਾਂ ਲਈ ਧੜਕਦਾ ਹੈ, ਅਸੀਂ ਕਹਿ ਸਕਦੇ ਹਾਂ ਕਿ ਦਰਅਸਲ ਉਹ ਲੋਕਾਂ ਦੀ ਬਾਤ ਪਾਉਂਦਾ ਹੈ। ਮਹਿਸੂਸ ਕਰ ਕੇ ਲਿਖਣਾ ਹੋਰ ਹੈ ਤੇ ਸੁਣ ਕੇ ਲਿਖਣਾ ਹੋਰ। ਜੋ ਮਹਿਸੂਸ ਕਰ ਕੇ ਲਿਖਿਆ ਜਾਂਦਾ ਉਨ੍ਹਾਂ ਅੱਖਰਾਂ ਵਿਚ ਸ਼ਾਇਰ ਆਪ ਵੀ ਮੌਜੂਦ ਹੁੰਦਾ ਹੈ। ਗੱਲ ਸ਼ਾਇਰ ਦੇ ਦਿਲ ਤੋਂ ਆਈ ਹੁੰਦੀ ਹੈ ਇਸ ਲਈ ਪਾਠਕ ਦੇ ਵੀ ਦਿਲ ਤੱਕ ਉੱਤਰ ਜਾਂਦੀ ਹੈ। ਲੋਕਾਂ ਦੇ ਦਰਦ ਨੂੰ ਘਣੀਆ ਸਾਹਿਬ ਧੁਰ ਤੱਕ ਸਮਝ ਕੇ ਲਿਖਦੇ ਹਨ ਜੋ ਅਗਲੇਰੇ ਸ਼ਿਅਰਾਂ ਤੋਂ ਦੇਖਿਆ ਜਾ ਸਕਦਾ ਹੈ:

ਕੋਈ ਬੇਫਿਕਰ ਹੈ ਅਸਮਾਨ ਸਿਰ ਤੇ ਓੜ ਕੇ
ਕਿਸੇ ਨੂੰ ਘਰ ਦੇ ਬੂਹੇ ਬਾਰੀਆਂ ਦਾ ਫਿਕਰ ਹੈ

ਅਸਾਡੇ ਹਾਲ ਪਹਿਲਾਂ ਤੋਂ ਵੀ ਮੰਦੇ ਹੋ ਗਏ ਨੇ
ਤੇ ਹਾਕਮ ਰੋਜ਼ ਆਖੇ ਅੱਛੇ ਦਿਨ ਬਸ ਆ ਰਹੇ ਨੇ

ਕੇਹਾ ਕਲਯੁਗ ਆਇਐ ਬੈਠਾ ਰਾਮ ਸਿੰਘਾਸਣ ਉੱਤੇ
ਦੂਜੇ ਪਾਸੇ ਪਰਜਾ ਸਾਰੀ ਭੋਗ ਰਹੀ ਬਣਵਾਸ

ਸ਼ਾਇਰ ਜਾਣਦਾ ਹੈ ਕਿ ਸ਼ਬਦਾਂ 'ਤੇ ਹਮੇਸ਼ਾ ਪਹਿਰੇ ਲਗਦੇ ਰਹੇ ਹਨ। ਹਕੂਮਤ ਅਤੇ ਸਰਮਾਏਦਾਰੀ ਨੂੰ ਸਭ ਤੋਂ ਜ਼ਿਆਦਾ ਖ਼ਤਰਾ ਸ਼ਬਦਾਂ ਤੋਂ ਹੁੰਦਾ ਹੈ। ਸ਼ਬਦ ਹੀ ਇਨਕਲਾਬ ਬਰਪਾਉਣ ਦੀ ਸਮਰੱਥਾ ਰੱਖਦੇ ਹੁੰਦੇ ਹਨ। ਕਲਮਾਂ ਸਿਰਲੱਥ ਸੁਭਾਅ ਵਾਲੀਆਂ ਹੋਣ ਤਾਂ ਸ਼ਬਦ ਹੋਰ ਵੀ ਤਿੱਖੇ ਹੋ ਜਾਂਦੇ ਹਨ। ਘਣੀਆ ਸਾਹਿਬ ਦੀ ਕਲਮ ਬੇਖ਼ੌਫ ਹੋ ਕੇ ਸਫਿਆਂ ਤੇ ਨੱਚਦੀ ਹੈ ਤੇ ਅਗਨਬਾਣਾਂ ਵਰਗੇ ਅੱਖਰ ਲਿਖਦੀ ਹੈ। ਜਿਵੇਂ-

ਸੁੱਕਾ ਘਾਹ, ਮੁਰਝਾਈਆਂ ਕਲੀਆਂ ਪਾਣੀ ਮੰਗਣ ਰੋਜ਼
ਮੈਂ ਚਾਹੁਨਾਂ ਏਨਾਂ ਲਈ ਅਪਣਾ ਖ਼ੂਨ ਵੀ ਡੋਲ੍ਹ ਦਿਆਂ

ਇਬਾਰਤ ਲਿਖ ਰਹੇ ਨੇ ਕਾਲੀ ਉਹ ਇਤਿਹਾਸ ਦੇ ਵਿਚ
ਸੁਨਹਿਰੀ ਪੰਨਿਆਂ ਤੋਂ ਹਰਫ਼ ਸੂਹੇ ਢਾਹ ਰਹੇ ਨੇ

ਸ਼ੁਹਰਤਾਂ ਦਾ, ਪਦਵੀਆਂ ਦਾ, ਤਗਮਿਆਂ ਦਾ ਕੀ ਕਰਾਂ
ਚਾਕ ਹੈ ਦਾਮਨ ਹੀ ਰੂਹ ਦਾ, ਵਰਦੀਆਂ ਦਾ ਕੀ ਕਰਾਂ

ਝੌਂਪੜੀ ਵਿਚ ਰੋਜ਼ ਬੁਝਦੀ ਤੇਲ ਬਿਨ ਇਕ ਲਾਲਟੈਣ
ਰਾਮ ਦੇ ਮੰਦਰ 'ਚ ਜੋਤਾਂ ਜਗਦੀਆਂ ਦਾ ਕੀ ਕਰਾਂ

ਕਿਸੇ ਦੂਜੇ ਬਾਰੇ ਕੁਝ ਕਹਿਣ ਤੋਂ ਪਹਿਲਾਂ ਆਪਣੇ ਆਪ ਬਾਰੇ ਜਾਨਣਾ ਜ਼ਰੂਰੀ ਹੁੰਦਾ ਹੈ। ਸਵੈ-ਪੜਚੋਲ ਹੀ ਇਨਸਾਨ ਨੂੰ ਆਪਣੇ ਨਾਲ ਚੰਬੜਿਆ ਵਾਧੂ ਮਿੱਟੀ-ਘੱਟਾ ਲਾਹੁਣ ਵਿਚ ਸਹਾਈ ਸਿੱਧ ਹੁੰਦੀ ਹੈ। ਲੇਖਕ ਨੂੰ ਵੀ ਸਵੈ-ਪੜਚੋਲ ਕਰਦੇ ਰਹਿਣਾ ਚਾਹੀਦਾ ਹੈ ਇਹ ਤੁਹਾਡੇ ਅੰਦਰ ਚੱਲਦੇ ਦਵੰਧਾਂ 'ਚੋਂ ਨਿਕਲਣ ਲਈ ਵੀ ਤੁਹਾਡੀ ਮਦਦ ਕਰਦੀ ਹੈ। 'ਟੂਮਾਂ' ਵਿਚ ਘਣੀਆ ਸਾਹਿਬ ਕਈਆਂ ਥਾਵਾਂ 'ਤੇ ਖ਼ੁਦ ਬਾਰੇ ਸ਼ਿਅਰ ਲਿਖਦੇ ਹਨ, ਜੋ ਕਿ ਇਕ ਚੰਗਾ ਸਗਨ ਹੈ:-

ਮੈਂ ਕੈਸਾ ਪੀਠਿਆ ਹੈ, ਕਿਸ ਤਰ੍ਹਾਂ ਦਾ ਛਾਣਿਆ ਹੈ ਮੈਂ
ਹਾਂ ਚਾਹੁੰਦਾ ਜਾਨਣਾ ਮੈਂ, ਕੀ ਕੀ ਹੁਣ ਤਕ ਜਾਣਿਆ ਮੈਂ

ਸੁਰਾਂ ਤੇ ਸ਼ਬਦ ਹੀ ਬਸ ਰੂਹ ਮੇਰੀ ਦਾ ਜੱਜ ਬਣਦੇ ਨੇ
ਨਾ ਮੈਨੂੰ ਪੀਣ ਦਾ ਹੈ ਸ਼ੌਕ, ਨਾ ਹੀ ਖਾਣ ਦਾ ਮੈਨੂੰ

ਕਿੰਝ ਸਜਾਵਾਂ ਜਿਸਮ ਉੱਤੇ ਮਖ਼ਮਲੀ ਸੂਹਾ ਲਿਬਾਸ
ਰੂਹ ਮੇਰੀ ਜਦ ਨਗਨ ਭਟਕੇ ਮੋਹ ਦੇ ਪਹਿਰਨ ਵਾਸਤੇ

ਦੁਪਹਿਰਾ ਢਲ਼ ਗਿਆ ਤੇ ਸ਼ਾਮ ਵੀ ਨਜ਼ਦੀਕ ਹੈ
ਅਜੇ ਤਕ ਜ਼ਿੰਦਗੀ ਨੂੰ ਭੋਗਿਆ, ਮਾਣੀ ਨਹੀਂ

ਪਾਠਕਾਂ ਦਾ ਇਕ ਬਹੁਤ ਵੱਡਾ ਵਰਗ ਹੈ ਜੋ ਸ਼ਾਇਰੀ ਨੂੰ ਤਦ ਤਕ ਸੰਪੂਰਨ ਨਹੀਂ ਮੰਨਦਾ ਜਦ ਤੱਕ ਉਸ ਵਿਚ ਮੁਹੱਬਤੀ-ਅਹਿਸਾਸ ਦੀ ਗੱਲ ਨਾ ਹੋਵੇ। ਇਹ ਅਹਿਸਾਸ, ਮਨੁੱਖੀ ਮਨ ਦੀ ਬਹੁਤ ਹੀ ਕੋਮਲ ਅਵਸਥਾ ਨਾਲ ਜੁੜਿਆ ਹੁੰਦਾ ਹੈ। ਸ਼ਾਇਰ ਲੋਕ ਬਹੁਤ ਕੋਮਲ ਮਨ ਦੇ ਮਾਲਕ ਹੁੰਦੇ ਹਨ। ਇਸ ਲਈ ਇਹ ਸੰਭਵ ਹੀ ਨਹੀਂ ਕਿ ਉਨ੍ਹਾਂ ਦੇ ਸ਼ਬਦ ਇਸ ਅਹਿਸਾਸ ਤੋਂ ਪਾਸੇ ਹੋ ਕੇ ਲੰਘ ਜਾਣ। 'ਟੂਮਾਂ' ਵਿਚਲੇ ਬਹੁਤ ਸਾਰੇ ਸ਼ਿਅਰ ਇਸ ਅਹਿਸਾਸ ਵਿਚ ਗੜੁੱਚ ਹਨ:-

ਐ ਮੇਰੇ ਮਾਲਕਾ ਤੌਫ਼ੀਕ ਦੇ ਲਫ਼ਜ਼ਾਂ ਨੂੰ ਵਰਤਣ ਦੀ
ਮੁਕੰਮਲ ਜਦ ਗ਼ਜ਼ਲ ਹੋਵੇ ਉਹ ਸੂਰਤ ਯਾਰ ਦੀ ਹੋਵੇ

ਨਾ ਮੈਨੂੰ ਡੋਬਿਆ, ਨਾ ਤਾਰਿਆ, ਨਾ ਮਾਰਿਆ ਉਸ ਨੇ
ਨਦੀ ਨੇ ਉੱਤੋਂ ਉੱਤੋਂ ਐਵੇਂ ਹੀ ਆਖੀ ਸੀ ਹਾਂ ਮੈਨੂੰ

ਮੁੜੇ ਨਾ ਰਾਂਗਲੇ ਸੱਜਣ, ਹਕੀਕਤ ਸਮਝ ਫਿਰ ਆਈ
ਭਲਾ ਕਦ ਫੇਰ ਜੁੜਦੈ, ਟਾਹਲੀ ਤੋਂ ਜੋ ਟੁੱਟ ਗਿਆ ਪੱਤਾ

ਗ਼ਜ਼ਲ ਕਹਿਣਾ ਕੋਈ ਅਸਾਨ ਕੰਮ ਨਹੀਂ। ਕਾਫ਼ੀਏ, ਰਦੀਫ਼ ਅਤੇ ਬਹਿਰਾਂ ਨਾਲ ਜੂਝਣਾ ਤੇ ਖ਼ਿਆਲਾਂ ਦੀ ਕੋਮਲਤਾ ਬਰਕਰਾਰ ਰੱਖਣਾ ਬਹੁਤ ਮਿਹਨਤ ਅਤੇ ਲਗਨ ਦਾ ਕੰਮ ਹੈ। ਇਸ ਦੇ ਨਾਲ ਹੀ ਲੇਖਕਾਂ-ਕਵੀਆਂ ਵਿਚ ਇਕ ਆਪਣੀ ਹੀ ਕਿਸਮ ਦੀ ਰਾਜਨੀਤੀ ਚੱਲਦੀ ਰਹਿੰਦੀ ਹੈ। ਧਿਰ ਬਾਜ਼ੀਆਂ ਦੇ ਫਲਸਰੂਪ ਚੰਗੇ ਕੰਮ ਦੇ ਬਦਖੋਈ ਅਤੇ ਮਾੜੇ ਦੀ ਤਾਰੀਫ਼ ਅਕਸਰ ਦੇਖਣ ਨੂੰ ਮਿਲਦੀ ਰਹਿੰਦੀ ਹੈ। ਇਸ ਵਰਤਾਰੇ ਪ੍ਰਤੀ ਘਣੀਆ ਸਾਹਿਬ ਨੇ ਕਮਾਲ ਦੇ ਸ਼ਿਅਰ ਕਹੇ ਹਨ:-

ਖਾ ਕੇ ਸੀਖ ਕਬਾਬ ਉਹ, ਪੀ ਕੇ ਸੁਰਖ਼ ਸ਼ਰਾਬ
ਥਾਪੀ ਦੇ ਕੇ ਆਖਦਾ, ਤੇਰੀ ਗ਼ਜ਼ਲ ਹੁਸੀਨ

ਕਵੀਆਂ ਦੇ ਦਰਬਾਰ ਚ ਘਣੀਆ ਬਚ ਕੇ ਰਹਿ
ਯੁੱਧ ਦਾ ਇਹੋ ਅਖਾੜਾ ਹੋਈ ਜਾਂਦਾ ਹੈ

ਗ਼ਜ਼ਲਕਾਰਾ ਗ਼ਜ਼ਲ ਵਿਚ ਵੀ ਦਰਦ ਭਰ
ਕੱਲਾ ਕੱਲਾ ਗਿਣ ਵੀ ਅੱਖਰ ਬਹਿਰ ਦਾ

ਸਮਾਜਿਕ ਊਣਤਾਈਆਂ ਨੂੰ ਉਜਾਗਰ ਕਰਨਾ ਕਵੀ ਦਾ ਪਹਿਲਾ ਫ਼ਰਜ਼ ਹੈ। ਇਕ ਪ੍ਰੌੜ੍ਹ ਸ਼ਾਇਰ ਸਮਾਜ ਨੂੰ ਸ਼ੀਸ਼ਾ ਦਿਖਾਉਣ ਲੱਗਿਆਂ, ਖ਼ਿਆਲ ਨੂੰ ਇਸ ਢੰਗ ਨਾਲ ਕਹਿੰਦਾ ਹੈ ਕਿ ਉਹ ਕਿਸੇ ਨੂੰ ਚੁੱਭੇ ਵੀ ਨਾ ਅਤੇ ਦਿਲ ਚ ਵੀ ਉਤਰ ਜਾਵੇ। ਚੰਗਾ ਸ਼ਾਇਰ, ਠਾਹ-ਸੋਟਾ ਮਾਰਨ ਦੀ ਬਜਾਏ ਇਸ਼ਾਰੇ 'ਚ ਗੱਲ ਕਰਦਾ ਹੈ। 'ਟੂਮਾਂ' ਵਿਚ ਵੀ ਇਹ ਫ਼ਰਜ਼ ਬਾਖ਼ੂਬੀ ਨਿਭਾਇਆ ਗਿਆ ਹੈ:-

ਮਿਲਦੇ ਯਾਰ ਨੇ ਯਾਰਾਂ ਤਾਈਂ ਭੋਗਾਂ ਤੇ ਸੰਸਕਾਰਾਂ ਤੇ ਹੁਣ
ਪਹਿਲਾਂ ਮਿਲਦੇ ਹੁੰਦੇ ਸੀ ਇਹ ਮੇਲਿਆਂ ਜਾਂ ਤਿਉਹਾਰਾਂ ਦੇ ਵਿਚ

ਮੀਆਂ ਪੇਪਰ ਦੇਖੇ, ਬੱਚਾ ਮੈਚ, ਉਣੇ ਸਵੈਟਰ ਬੀਵੀ
ਇੱਕੋ ਵੇਲੇ ਤਿੰਨ ਜੀ ਘਰ ਦੇ, ਵੱਸਦੇ ਤਿੰਨ ਸੰਸਾਰਾਂ ਦੇ ਵਿਚ

ਠੋਕਰਾਂ ਖਾ ਖਾ, ਨਿਆਣੇ ਵੀ ਸਿਆਣੇ ਹੋ ਗਏ
ਵਹਿਮ ਹੈ ਤੇਰਾ ਕਿ ਐਵੇਂ ਰੱਬ ਦੇ ਭਾਣੇ ਹੋ ਗਏ


ਇਸ ਤੋਂ ਇਲਾਵਾ ਵੀ ਕਿਤਾਬ ਅਨੇਕਾਂ ਵਿਸ਼ਿਆਂ ਨੂੰ ਛੋਂਹਦੀ ਹੈ। ਸਾਰੇ ਵਿਸ਼ੇ ਪੜਚੋਲਣ ਲੱਗੀਏ ਤਾਂ ਲੇਖ ਬਹੁਤ ਲੰਮਾ ਹੋ ਜਾਵੇਗਾ। ਸ਼ਾਇਰ ਨੇ ਆਪਣਾ ਫ਼ਰਜ਼ ਨਿਭਾਉਣ ਵਿਚ ਕੋਈ ਕੋਤਾਹੀ ਨਹੀਂ ਵਰਤੀ। ਸ਼ਾਇਰ ਦੇ ਸ਼ਬਦ ਤਿੱਖੇ ਹਨ, ਮੁਹਾਵਰਾ ਸਰਲ ਹੈ। ਕੁਝ ਹੋਰਾਂ ਵਿਸ਼ਿਆਂ ਨਾਲ ਜੁੜੇ ਸ਼ਿਅਰ ਜਿਵੇਂ, ਪੁੱਤਰਾਂ ਦੇ ਪਰਵਾਸ 'ਤੇ ਮਾਵਾਂ ਦੇ ਵਿਰਲਾਪ, ਆਪਣਿਆਂ ਵੱਲੋਂ ਦਗ਼ੇਬਾਜ਼ੀ, ਹਵਾ, ਪਾਣੀ ਅਤੇ ਮਿੱਟੀ ਵਿਚਲਾ ਪ੍ਰਦੂਸ਼ਣ, ਵਿਕਾਊ ਮੀਡੀਆ, ਜੰਗਲਾਂ ਦਾ ਘਾਣ ਆਦਿ-

ਜੋ ਗ਼ੈਰਾਂ ਦੇ ਹੋ ਗਏ, ਕੱਢੀਏ ਤਰਲੇ ਕਾਹਤੋਂ ਉਹਨਾਂ ਦੇ
ਖ਼ੁਦ ਹੀ ਦਸਤਾਵੇਜ਼ ਲਿਖਾਂਗੇ ਅਪਣੀ ਦਰਦ ਕਹਾਣੀ ਦਾ

ਮੈਂ 'ਟੂਮਾਂ' ਨੂੰ ਰੂਹ ਨਾਲ ਪੜ੍ਹਿਆ ਅਤੇ ਮਾਣਿਆ ਹੈ। ਇਹ ਦਸਤਾਵੇਜ਼ ਸਹੀ ਮਾਅਨਿਆਂ ਵਿਚ ਤੁਹਾਡੀ ਲਾਇਬਰੇਰੀ ਦਾ ਸ਼ਿੰਗਾਰ ਬਣਨ ਦੇ ਯੋਗ ਹੈ। ਮੈਂ ਸੁਰਿੰਦਰਪ੍ਰੀਤ ਘਣੀਆ ਹੁਰਾਂ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੀ ਲੇਖਣੀ ਲਈ ਸ਼ੁੱਭ ਕਾਮਨਾਵਾਂ ਭੇਜਦਾ ਹਾਂ।


**ਪਿਆਰੇ ਦੋਸਤੋ ! ਪਿਛਲੇ ਵੀਹਾਂ ਸਾਲਾਂ ਤੋਂ 'ਪ੍ਰਤਿਮਾਨ' ਹਰ ਵਾਰ ਨਵਾਂ ਸੱਜਰਾ ਸਾਹਿਤ ਲੈ ਕੇ ਤੁਹਾਡੇ ਦਰਾਂ ਤੇ ਦਸਤਕ ਦਿੰਦਾ ਹੈ। ਲੇਖਕ/ ਪਾਠਕ ਦੋਸਤਾਂ ਨੂੰ ਗੁਜ਼ਾਰਿਸ਼ ਹੈ ਕਿ ਉਹ ਆਪਣੇ ਰਚਨਾਤਮਕ ਸਹਿਯੋਗ ਦੇ ਨਾਲ ਆਪਣਾ ਆਰਥਿਕ ਸਹਿਯੋਗ ਵੀ 'ਪ੍ਰਤਿਮਾਨ' ਲਈ ਭੇਜਣ। ਤੁਹਾਡੇ ਸਹਿਯੋਗ ਨਾਲ 'ਪ੍ਰਤਿਮਾਨ' ਦੀ ਉਮਰ ਹੋਰ ਲੰਮੇਰੀ ਹੋਵੇਗੀ। ਪਰਚਾ ਮੁਫ਼ਤ ਭੇਜਣ ਦੀ ਪਰੰਪਰਾ ਬੰਦ ਕੀਤੀ ਜਾ ਰਹੀ ਹੈ। -ਸੰਪਾਦਕ**


## ਪ੍ਰਤਿਮਾਨ ਦੇ ਦੋਸਤ ਲੇਖਕਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ



RNI NO. PUNPUN / 2006 / 16230 January-March 2023 ISSN: 2277-9930

# ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ































ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਸੰਪਰਕ: 98773-58869, 97810-33133

PARTEEK PUBLICATIONS